
People's Herald
People's Herald
Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"
स्वतंत्रता, समानता, भाईचारा

PATIALA On line paper 24 ਅਪਰੈਲ 2025 ਵੀਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ




(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਹਰਪਾਲ ਸਿੰਘ ਚੀਮਾ ਨੇ ਸ਼ਹੀਦ ਲੈਫ਼ਟੀਨੈਂਟ ਵਿਨੈ ਨਰਵਾਲ ਨੂੰ ਦਿੱਤੀ ਸ਼ਰਧਾਂਜਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਰਨਾਲ ਪਹੁੰਚ ਕੇ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਲੈਫ਼ਟੀਨੈਂਟ ਵਿਨੈ ਨਰਵਾਲ (Vinay Narwal) ਨੂੰ ਸ਼ਰਧਾਂਜਲੀ ਦਿੱਤੀ। ਬੁੱਧਵਾਰ ਨੂੰ ਨੌਜਵਾਨ ਅਧਿਕਾਰੀ ਦੀ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ।



ਮੀਡੀਆ ਨੂੰ ਸੰਬੋਧਨ ਕਰਦੇ ਹੋਏ ਹਰਪਾਲ ਸਿੰਘ ਚੀਮਾ ਨੇ ਦੇਸ਼ ਦੇ ਇੱਕ ਬਹਾਦਰ ਪੁੱਤ ਦੇ ਮਾਰੇ ਜਾਣ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ, "ਲੈਫ਼ਟੀਨੈਂਟ ਵਿਨੈ ਨਰਵਾਲ ਦੀ ਸ਼ਹਾਦਤ ਪੂਰੇ ਦੇਸ਼ ਲਈ ਵੱਡਾ ਘਾਟਾ ਹੈ। ਸਾਡੇ ਸੈਨਿਕਾਂ ਦੀਆਂ ਜਵਾਨੀ ਨੂੰ ਇਸ ਤਰ੍ਹਾਂ ਖਤਮ ਹੁੰਦੇ ਦੇਖਣਾ ਬੇਹੱਦ ਦੁਖਦਾਈ ਹੈ। ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਫੈਸਲਾਕੁੰਨ ਕਾਰਵਾਈ ਕਰਨੀ ਚਾਹੀਦੀ ਹੈ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।"

ਚੀਮਾ ਨੇ ਇਸ ਹਮਲੇ ਲਈ ਵਿਦੇਸ਼ੀ ਤਾਕਤਾਂ ਦੀ ਆਲੋਚਨਾ ਕੀਤੀ ਜੋ ਭਾਰਤ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ"ਮੋਦੀ ਸਰਕਾਰ ਨੂੰ ਅੱਤਵਾਦ ਦੇ ਨਿਰੰਤਰ ਸਮਰਥਨ ਲਈ ਪਾਕਿਸਤਾਨ ਸਮੇਤ ਵਿਦੇਸ਼ੀ ਤਾਕਤਾਂ ਨੂੰ ਢੁਕਵਾਂ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਇਰਤਾਪੂਰਨ ਕਾਰਵਾਈਆਂ ਨੂੰ ਰੋਕਣ ਅਤੇ ਸਾਡੇ ਨਾਗਰਿਕਾਂ ਅਤੇ ਬਹਾਦਰ ਸੈਨਿਕਾਂ ਦੇ ਜੀਵਨ ਦੀ ਰੱਖਿਆ ਲਈ ਸਖ਼ਤ ਉਪਾਅ ਕਰਨ ਦੀ ਲੋੜ ਹੈ,"।

ਚੀਮਾ ਨੇ ਹਮਲੇ ਵਿੱਚ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਲਈ ਇਸ ਘਟਨਾ ਨੂੰ ਇੱਕ ਦੁਖਦਾਈ ਅਤੇ ਚਿੰਤਾਜਨਕ ਦੱਸਿਆ। ਉਨ੍ਹਾਂ ਕਿਹਾ "ਇਹ ਪਹਿਲੀ ਵਾਰ ਹੈ ਜਦੋਂ ਸੈਲਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੈ। ਇਹ ਇੱਕ ਬਹੁਤ ਹੀ ਮੰਦਭਾਗੀ ਘਟਨਾ ਹੈ। ਸਰਕਾਰ ਨੂੰ ਸਾਰੇ ਨਾਗਰਿਕਾਂ ਅਤੇ ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਅਤੇ ਫੈਸਲਾਕੁੰਨ ਕਾਰਵਾਈ ਕਰਨੀ ਚਾਹੀਦੀ ਹੈ,"।

ਹਰਪਾਲ ਸਿੰਘ ਚੀਮਾ ਨੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਦੇਸ਼ ਉਨ੍ਹਾਂ ਦੇ ਨਾਲ ਖੜ੍ਹਾ ਹੈ। ਆਮ ਆਦਮੀ ਪਾਰਟੀ ਦੇ ਨੇਤਾ ਨੇ ਸਖ਼ਤ ਸੁਰੱਖਿਆ ਉਪਾਵਾਂ ਅਤੇ ਅੱਤਵਾਦ ਵਿਰੁੱਧ ਇੱਕਜੁੱਟ ਮੋਰਚੇ ਦੀ ਜ਼ਰੂਰਤ ਨੂੰ ਦੁਹਰਾਇਆ।

## ਸਮਾਂ ਆ ਗਿਆ ਹੈ ਕਿ ਸੰਵਿਧਾਨ ਦੇ ਅਨੁਛੇਦ 26 ਤੋਂ 29 ਘੱਟ ਗਿਣਤੀਆਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰ, ਅਤੇ ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰਾਂ ਦੀ ਗਰੰਟੀ ਨੂੰ ਖ਼ਤਮ ਕੀਤਾ ਜਾਵੇ- ਭਾਜਪਾ ਨੇਤਾ ਨਿਸ਼ੀਕਾਂਤ ਦੂਬੇ

### ਭਾਰਤੀ ਸੰਵਿਧਾਨ ਦੇ ਅਨੁਛੇਦ 26 ਤੋਂ 29 ਘੱਟ ਗਿਣਤੀਆਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰ, ਅਤੇ ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰਾਂ ਦੀ ਗਰੰਟੀ ਦਿੰਦੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੰਵਿਧਾਨ ਦੇ ਅਨੁਛੇਦ 26 ਤੋਂ 29 ਨੂੰ ਖ਼ਤਮ ਕੀਤਾ ਜਾਵੇ। ਇਸ ਦੌਰਾਨ, ਦੂਬੇ ਨੇ 'ਵੋਟ ਬੈਂਕ ਰਾਜਨੀਤੀ' ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਧਰਮ ਨਿਰਪੱਖ ਨੇਤਾਵਾਂ 'ਤੇ ਪਖੰਡ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਧਰਮ ਨਿਰਪੱਖ ਆਗੂਆਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪਹਿਲਗਾਮ ਹਮਲਾ ਧਾਰਮਿਕ ਉਦੇਸ਼ਾਂ ਤੋਂ ਪ੍ਰੇਰਿਤ ਸੀ ਜਾਂ ਨਹੀਂ।

ਭਾਜਪਾ ਨੇਤਾ ਦੂਬੇ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਸੰਬੰਧ ਵਿੱਚ ਇੱਕ ਸੰਭਾਵੀ ਹੱਲ ਦਾ ਸੰਕੇਤ ਦਿੱਤਾ। ਉਨ੍ਹਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹਵਾਲਾ ਦਿੰਦੇ ਹੋਏ ਕਸ਼ਮੀਰ ਮੁੱਦਿਆਂ ਨੂੰ ਹੱਲ ਕਰਨ ਦੀ ਮੌਜੂਦਾ ਸਰਕਾਰ ਦੀ ਯੋਗਤਾ 'ਤੇ ਭਰੋਸਾ ਪ੍ਰਗਟ ਕੀਤਾ। X 'ਤੇ ਇੱਕ ਪੋਸਟ ਵਿੱਚ, ਦੂਬੇ ਨੇ ਕਿਹਾ, 'ਜਦੋਂ ਦੇਸ਼ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੇ ਨਾਮ 'ਤੇ ਵੰਡਿਆ ਗਿਆ ਸੀ, ਜਿਨ੍ਹਾਂ ਨੇ ਵੋਟ ਬੈਂਕ ਲਈ ਘੱਟ ਗਿਣਤੀ ਦੇ ਨਾਮ 'ਤੇ ਮੁਸਲਮਾਨਾਂ ਨੂੰ ਵਧੇਰੇ ਅਧਿਕਾਰ ਦਿੱਤੇ ਅਤੇ ਹਿੰਦੂਆਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਇਆ, ਕਿਰਪਾ ਕਰਕੇ ਪਹਿਲਗਾਮ ਘਟਨਾ 'ਤੇ ਦੱਸੋ ਕਿ ਕੀ ਅੱਜ ਦਾ ਕਤਲ ਧਰਮ ਦੇ ਅਧਾਰ 'ਤੇ ਕੀਤਾ ਗਿਆ ਸੀ ਜਾਂ ਨਹੀਂ?' ਸ਼ਰਮ ਕਰੋ ਧਰਮ ਨਿਰਪੱਖ ਆਗੂਆਂ, ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਸਾਡਾ ਹੋਵੇਗਾ, ਸਬਰ ਰੱਖੋ, ਇਹ ਮੋਦੀ ਦੀ ਸਰਕਾਰ ਹੈ ਜਿਸ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਹਨ। ਸੰਵਿਧਾਨ ਦੇ ਅਨੁਛੇਦ 26 ਤੋਂ 29 ਨੂੰ ਖਤਮ ਕਰਨ ਦਾ ਸਮਾਂ ਆ ਗਿਆ ਹੈ।

ਭਾਰਤੀ ਸੰਵਿਧਾਨ ਦੇ ਅਨੁਛੇਦ 26 ਤੋਂ 29 ਘੱਟ ਗਿਣਤੀਆਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰ, ਅਤੇ ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰਾਂ ਦੀ ਗਰੰਟੀ ਦਿੰਦੇ ਹਨ। ਧਾਰਾ 26 ਧਾਰਮਿਕ ਮਾਮਲਿਆਂ ਦੇ ਪ੍ਰਬੰਧਨ ਦੀ ਆਜ਼ਾਦੀ ਦੀ ਗਰੰਟੀ ਦਿੰਦੀ ਹੈ, ਜਿਸ ਵਿੱਚ ਸੰਸਥਾਵਾਂ ਦੀ ਸਥਾਪਨਾ, ਮਾਮਲਿਆਂ ਦਾ ਪ੍ਰਬੰਧਨ ਅਤੇ ਜਾਇਦਾਦ ਦਾ ਪ੍ਰਬੰਧਨ ਸ਼ਾਮਲ ਹੈ। ਧਾਰਾ 27 ਕਿਸੇ ਵੀ ਵਿਅਕਤੀ ਨੂੰ ਕਿਸੇ ਖਾਸ ਧਰਮ ਦੇ ਪ੍ਰਚਾਰ ਲਈ ਟੈਕਸ ਅਦਾ ਕਰਨ ਲਈ ਮਜਬੂਰ ਕਰਨ ਤੋਂ ਵਰਜਦੀ ਹੈ। ਧਾਰਾ 28



ਰਾਜ ਦੁਆਰਾ ਫੰਡ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਜਾਂ ਪੂਜਾ ਤੋਂ ਆਜ਼ਾਦੀ ਨੂੰ ਸੰਬੋਧਿਤ ਕਰਦੀ ਹੈ। ਇਸ ਦੇ ਨਾਲ ਹੀ, ਧਾਰਾ 29 ਘੱਟ ਗਿਣਤੀਆਂ ਦੇ ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰਾਂ ਦੀ ਰੱਖਿਆ ਕਰਦੀ ਹੈ, ਜਿਸ ਵਿੱਚ ਉਨ੍ਹਾਂ ਦੀ ਭਾਸ਼ਾ, ਲਿਪੀ ਜਾਂ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਦਾ ਅਧਿਕਾਰ ਸ਼ਾਮਲ ਹੈ। ਇਹ ਰਾਜ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਵਿਤਕਰੇ ਦੀ ਵੀ ਮਨਾਹੀ ਕਰਦਾ ਹੈ।

## ਪੰਜਾਬ ਕਾਂਗਰਸ ਦੇ ਵਰਕਰਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦਾ ਵਿਰੋਧ ਕਰਦੇ ਹੋਏ ਰੋਸ ਪ੍ਰਦਰਸ਼ਨ ਕੀਤਾ ਤੇ ਪੁਤਲਾ ਫੂਕਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਸੈਂਕੜੇ ਕਾਂਗਰਸੀ ਵਰਕਰਾਂ ਨੇ ਅੱਜ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਖਿਲਾਫ਼ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਭਾਰਤ ਵਿੱਚ ਅੱਤਵਾਦ ਨੂੰ ਸਪਾਂਸਰ ਕਰਨ ਅਤੇ ਭੜਕਾਉਣ ਲਈ ਪਾਕਿਸਤਾਨ ਦੀ ਨਿੰਦਾ ਕੀਤੀ। ਉਨ੍ਹਾਂ ਨੇ ਕਾਂਗਰਸ ਭਵਨ ਦੇ ਬਾਹਰ ਅੱਤਵਾਦ ਦਾ ਪੁਤਲਾ ਵੀ ਸਾੜਿਆ।

ਉਨ੍ਹਾਂ ਕਿਹਾ, ਖਾਸ ਕਰਕੇ ਕਾਂਗਰਸ ਪਾਰਟੀ ਦਾ ਦੇਸ਼ ਲਈ ਕੁਰਬਾਨੀਆਂ ਦੇਣ ਦਾ ਇੱਕ ਮਹਾਨ ਰਿਕਾਰਡ ਅਤੇ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਪਹਿਲਾਂ ਹੀ ਸਥਿਤੀ ਨਾਲ ਨਜਿੱਠਣ ਅਤੇ ਅਪਰਾਧ ਦੇ ਦੋਸ਼ੀਆਂ ਨੂੰ ਫੜਨ ਲਈ ਸਰਕਾਰ ਨੂੰ ਆਪਣਾ ਸਮਰਥਨ ਦਿੱਤਾ ਹੈ।



ਅੱਜ ਅਸੀਂ ਸਾਰੇ, ਭਾਵੇਂ ਸਾਡੀਆਂ ਰਾਜਨੀਤਿਕ ਮਾਨਤਾਵਾਂ ਅਤੇ ਵਿਚਾਰਧਾਰਾਵਾਂ ਕੁਝ ਵੀ ਹੋਣ, ਦੁਸ਼ਮਣ ਦੇ ਘਿਨਾਉਣੇ ਮਨਸੂਬਿਆਂ ਨੂੰ ਹਰਾਉਣ ਲਈ ਇਕੱਠੇ ਖੜ੍ਹੇ ਹਾਂ", ਉਨ੍ਹਾਂ ਵਿਸ਼ਵਾਸ ਪ੍ਰਗਟ ਕਰਦੇ ਹੋਏ ਕਿਹਾ ਕਿ "ਅਸੀਂ ਭਾਰਤੀ ਹੋਣ ਦੇ ਨਾਤੇ ਇੱਕਜੁੱਟ ਹਾਂ ਅਤੇ ਆਪਣੇ ਦੁਸ਼ਮਣਾਂ ਨੂੰ ਸਭ ਤੋਂ ਸਖ਼ਤ ਸਬਕ ਸਿਖਾਉਣ ਲਈ ਮਜ਼ਬੂਤੀ ਨਾਲ ਹਿੱਕਾਂ ਡਾਹ ਕੇ ਖੜ੍ਹੇ ਹਾਂ।

# ਦਰਜਾ-4 ਕਰਮਚਾਰੀਆਂ ਨੂੰ ਕਣਕ ਖਰੀਦਣ ਵਾਸਤੇ ਵਿਆਜ-ਮੁਕਤ ਕਰਜ਼ਾ ਮਿਲੇਗਾ: ਹਰਪਾਲ ਸਿੰਘ ਚੀਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਮਾਜ ਦੇ ਹੇਠਲੇ ਵਰਗਾਂ ਨੂੰ ਉੱਚਾ ਚੁੱਕਣ ਲਈ ਵਚਨਬੱਧਤਾ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ 2025-26 ਲਈ ਦਰਜਾ-4 (ਗਰੁੱਪ-ਡੀ) ਦੇ ਕਰਮਚਾਰੀਆਂ ਲਈ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ ਹੈ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦਰਜਾ-4 ਮੁਲਾਜਮਾਂ ਲਈ ਇਸ ਮਹੱਤਵਪੂਰਨ ਵਿੱਤੀ ਸਹਾਇਤਾ ਵਿੱਚ ਲਗਾਤਾਰ ਵਾਧਾ ਕਰਦਿਆਂ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 21.25 ਫੀਸਦੀ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀ ਇਸ ਅਗਾਂਹਵਧੂ ਪਹੁੰਚ ਦੇ ਉਲਟ ਪਿਛਲੀ ਕਾਂਗਰਸ ਸਰਕਾਰ ਵੱਲੋਂ ਇਸ ਵਰਗ ਦੀ ਅਣਦੇਖੀ ਕੀਤੀ ਜਾਂਦੀ ਰਹੀ।

ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਉਦਾਸੀਨਤਾ ਲਈ ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿੱਤੀ ਸਾਲ 2019-20 ਅਤੇ 2020-21 ਦੇ ਚੁਣੌਤੀਪੂਰਨ ਕੋਵਿਡ-19 ਸਾਲਾਂ ਦੌਰਾਨ ਵੀ ਕਾਂਗਰਸ ਸਰਕਾਰ ਵੱਲੋਂ ਕੋਈ ਵਾਧਾ ਕੀਤੇ ਬਿਨਾ ਸਿਰਫ 7500 ਰੁਪਏ ਦਾ ਵਿਆਜ ਰਹਿਤ ਕਣਕ ਕਰਜੇ ਦੀ ਸਹੂਲਤ ਦਿੱਤੀ ਗਈ ਅਤੇ ਬਾਅਦ ਵਿੱਚ ਚੋਣ ਵਰ੍ਹੇ 2021-22 ਦੌਰਾਨ ਤਿੰਨ ਸਾਲਾਂ ਉਪਰੰਤ ਸਿਰਫ 500 ਰੁਪਏ ਦਾ ਮਾਮੂਲੀ ਵਾਧਾ ਕਰਦਿਆਂ ਇਸ ਕਰਜ਼ੇ ਦੀ ਰਕਮ ਨੂੰ 8000 ਰੁਪਏ ਕਰ ਦਿੱਤਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਦੇ ਮੁਕਾਬਲੇ ‘ਆਪ’ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਦਰਜਾ-4 ਦੇ ਮੁਲਾਜ਼ਮਾਂ ਦੀ ਭਲਾਈ ਲਈ ਨਿਰੰਤਰ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿਆਜ ਮੁਕਤ ਕਰਜ਼ੇ ਦੀ ਰਕਮ ਨੂੰ ਵਿੱਤੀ ਸਾਲ 2023-24 ਲਈ ਵਧਾ ਕੇ 8500 ਰੁਪਏ, ਫਿਰ ਵਿੱਤੀ ਸਾਲ 2024-25 ਲਈ 9100 ਰੁਪਏ ਅਤੇ ਹੁਣ ਵਿੱਤੀ ਸਾਲ 2025-26 ਲਈ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ।

ਵਿੱਤ ਮੰਤਰੀ ਨੇ ਕਿਹਾ ਕਿ ਦਰਜਾ-4 ਦੇ ਹਰੇਕ ਯੋਗ ਕਰਮਚਾਰੀ ਨੂੰ 9700 ਰੁਪਏ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ, ਜਿਸ ਨਾਲ ਉਹ ਮੌਜੂਦਾ ਸਰਕਾਰੀ ਦਰ ‘ਤੇ 2425 ਰੁਪਏ ਪ੍ਰਤੀ ਕੁਇੰਟਲ ਪ੍ਰਤੀ ਪਰਿਵਾਰ ਚਾਰ ਕੁਇੰਟਲ ਦੇ ਹਿਸਾਬ ਨਾਲ ਕਣਕ ਦੀ ਖਰੀਦ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਕਰਜ਼ਾ ਜੂਨ 2025 (ਜੁਲਾਈ 2025 ਵਿੱਚ ਭੁਗਤਾਨ ਯੋਗ) ਦੀ ਤਨਖ਼ਾਹ ਤੋਂ ਸ਼ੁਰੂ ਹੋ ਕੇ, ਇਸੇ ਵਿੱਤੀ ਸਾਲ ਦੇ ਅੰਦਰ ਮੁਕੰਮਲ ਵਸੂਲੀ ਨੂੰ ਯਕੀਨੀ ਬਣਾਉਂਦੇ ਹੋਏ ਆਸਾਨ ਅੱਠ ਬਰਾਬਰ ਮਾਸਿਕ ਕਿਸ਼ਤਾਂ



ਵਿੱਚ ਵਸੂਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਵਾਨਿਤ ਰਾਸ਼ੀ 29 ਮਈ, 2025 ਤੱਕ ਸੂਬਾ ਸਰਕਾਰ ਦੇ ਖਜ਼ਾਨੇ ਵਿੱਚੋਂ ਜਾਰੀ ਕਰ ਦਿੱਤੀ ਜਾਵੇਗੀ।

ਵਿੱਤ ਮੰਤਰੀ ਨੇ ਕਿਹਾ ਕਿ ਵਿਆਜ ਰਹਿਤ ਕਣਕ ਦਾ ਕਰਜ਼ਾ ਇੱਕ ਮਹੱਤਵਪੂਰਨ ਪਹਿਲਕਦਮੀ ਹੈ ਜੋ ਕਿ ਪੰਜਾਬ ਦੇ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਦਰਜਾ-4 ਕਰਮਚਾਰੀਆਂ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਹਰੇਕ ਸੂਬਾ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਮੁਲਾਜ਼ਮਾਂ ‘ਤੇ ਪੈ ਰਹੇ ਆਰਥਿਕ ਬੋਝ ਨੂੰ ਘੱਟ ਕੀਤਾ ਜਾਵੇ ਤਾਂ ਜੋ ਉਹ ਆਪਣੇ ਘਰੇਲੂ ਖਰਚਿਆਂ ਦਾ ਬਿਹਤਰ ਢੰਗ ਨਾਲ ਪ੍ਰਬੰਧਨ ਕਰ ਸਕਣ ਅਤੇ ਉਨ੍ਹਾਂ ਦੀ ਸਮੁੱਚੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

# ਮੁੱਖ ਮੰਤਰੀ ਵੱਲੋਂ ਠੇਕੇਦਾਰਾਂ ਨੂੰ ਗਾਰੰਟੀ: ਤੁਹਾਡੇ ਕੋਲੋਂ ਕੋਈ ਵੀ ਰਿਸ਼ਵਤ ਮੰਗਣ ਦੀ ਜੁਰਅੱਤ ਨਹੀਂ ਕਰੇਗਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਉੱਚ ਮਿਆਰੀ ਲਿੰਕ ਸੜਕਾਂ ਦੇ ਨਿਰਮਾਣ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਲੋਕਾਂ ਦੀ ਸਹੂਲਤ ਲਈ ਲਿੰਕ ਸੜਕਾਂ ਦੇ ਪ੍ਰਾਜੈਕਟ ਦਾ ਆਗਾਜ਼ ਕੀਤਾ।

ਅੱਜ ਇੱਥੇ ਸਥਾਨਕ ਟੈਗੋਰ ਥੀਏਟਰ ਵਿਖੇ ‘ਸੜਕ ਢਾਂਚਾ ਵਿਕਾਸ ਮਿਲਣੀ’ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਦਾ ਮਕਸਦ ਮਿਆਰੀ ਸੜਕਾਂ ਦੇ ਨਿਰਮਾਣ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ 64878 ਕਿਲੋਮੀਟਰ ਲਿੰਕ ਸੜਕਾਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18944 ਕਿਲੋਮੀਟਰ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਅਪਗ੍ਰੇਡ ਕਰਨ ਦੇ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਜਿਸ ਉਪਰ 3459.95 ਕਰੋੜ ਰੁਪਏ ਖਰਚੇ ਜਾ ਰਹੇ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮਿਲਣੀ ਦਾ ਮੁੱਖ ਮੰਤਵ ਲੋਕਾਂ ਖਾਸ ਕਰਕੇ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਪ੍ਰਦਾਨ ਕਰਨਾ ਹੈ ਕਿਉਂ ਜੋ ਇਹ ਲਿੰਕ ਰੋਡ ਲੋਕਾਂ ਦੀ ਜੀਵਨ ਰੇਖਾ ਸਮਝੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲਿੰਕ ਰੋਡ ਸੂਬੇ ਦੇ ਅਰਥਚਾਰੇ ਦਾ ਧੁਰਾ ਹਨ ਕਿਉਂ ਜੋ ਇਹ ਸੜਕਾਂ ਜਿੱਥੇ ਪੇਂਡੂ ਇਲਾਕਿਆਂ ਦੇ ਲੋਕਾਂ ਦੀਆਂ ਮਦਦਗਾਰ ਹਨ, ਉਥੇ ਹੀ ਵਪਾਰ ਤੇ ਕਾਰੋਬਾਰ ਨੂੰ ਹੁਲਾਰਾ ਦਿੰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਇਨ੍ਹਾਂ ਵਿੱਚੋਂ ਬਹੁਤੀਆਂ ਸੜਕਾਂ ਅਜਿਹੀਆਂ ਹਨ ਜੋ ਛੇ ਸਾਲ ਦਾ ਨਿਰਧਾਰਤ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਨਹੀਂ ਬਣੀਆਂ ਸਨ। ਉਨ੍ਹਾਂ ਕਿਹਾ ਕਿ ਸੜਕਾਂ ਦਾ ਨਿਰਮਾਣ ਕਰਨ ਵਾਲੀ ਕੰਪਨੀ ਜਾਂ ਠੇਕੇਦਾਰ ਅਗਲੇ ਪੰਜ ਸਾਲ ਇਨ੍ਹਾਂ ਸੜਕਾਂ ਦੇ ਰੱਖ-ਰਖਾਅ ਲਈ ਜ਼ਿੰਮੇਵਾਰ ਹੋਣਗੇ।

ਪਿਛਲੇ ਸਮੇਂ ਵਿੱਚ ਸੜਕਾਂ ਦੇ ਨਿਰਮਾਣ ਵਿੱਚ ਫੈਲੇ ਭ੍ਰਿਸ਼ਟਾਚਾਰ ’ਤੇ ਵਿਅੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਥਾ ਪੂਰੀ ਤਰ੍ਹਾਂ ਅਣਉਚਿਤ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸੜਕਾਂ ਦੇ ਨਿਰਮਾਣ ਦੇ ਟੈਂਡਰ ਵਿੱਚ ਉਪਰ ਤੋਂ ਲੈ ਕੇ ਹੇਠਾਂ ਤੱਕ ‘ਹਿੱਸਾਪੱਤੀ’ ਹੁੰਦੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀ ਬਦਤਰ ਸਥਿਤੀ ਵਿੱਚ ਠੇਕੇਦਾਰਾਂ ਨੂੰ ਮਜਬੂਰਨ ਸੜਕਾਂ ਦੀ ਗੁਣਵੱਤਾ ਨਾਲ ਸਮਝੌਤਾ ਕਰਨਾ ਪੈਂਦਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਭ੍ਰਿਸ਼ਟ ਪ੍ਰਥਾ ਖਤਮ ਹੋ ਗਈ ਹੈ, ਇਸ ਲਈ ਠੇਕੇਦਾਰਾਂ ਨੂੰ ਉਸਾਰੀਆਂ ਜਾਣ ਵਾਲੀਆਂ ਸੜਕਾਂ ਦੀ ਗੁਣਵੱਤਾ ‘ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, “ਮੇਰੇ ਤੋਂ ਪਹਿਲੇ ਸੱਤਾਧਾਰੀਆਂ ਨੇ ਲੋਕਾਂ ਦੀਆਂ ਗੱਲਾਂ ‘ਤੇ ਧਿਆਨ ਨਹੀਂ ਦਿੱਤਾ ਸੀ ਕਿਉਂਕਿ ਉਹ ਸਿਰਫ ਆਪਣੇ ਰਿਸ਼ਤੇਦਾਰਾਂ ਦੀ ਗੱਲ ਸੁਣਦੇ ਸਨ।” ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਜ਼ਮੀਨੀ ਪੱਧਰ ਦਾ ਪੂਰਾ ਗਿਆਨ ਹੈ। ਉਨ੍ਹਾਂ ਐਲਾਨ ਕੀਤਾ ਕਿ ਮੰਡੀ ਬੋਰਡ, ਲੋਕ ਨਿਰਮਾਣ ਵਿਭਾਗ ਅਤੇ ਠੇਕੇਦਾਰਾਂ ਦਰਮਿਆਨ ਇਕ ਤਾਲਮੇਲ ਕਮੇਟੀ ਬਣਾਈ ਜਾਵੇਗੀ ਤਾਂ ਜੋ ਸੜਕਾਂ ਦੇ ਨਿਰਮਾਣ ਵਿੱਚ ਸਾਰੇ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਅਧਿਕਾਰੀ ਭ੍ਰਿਸ਼ਟ ਗਤੀਵਿਧੀਆਂ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਠੇਕੇਦਾਰਾਂ ਨੂੰ ਸੇਵਾ ਭਾਵਨਾ ਨਾਲ ਸੜਕਾਂ ਬਣਾਉਣ ਲਈ ਕਿਹਾ ਕਿਉਂਕਿ ਇਹ ਸੜਕਾਂ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਜੀਵਨ ਰੇਖਾ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਚਾਇਤਾਂ ਨੂੰ ਇਨ੍ਹਾਂ ਸੜਕਾਂ ਦਾ ਨਿਰਮਾਣ ਤੈਅ ਮਾਪਦੰਡਾਂ ਮੁਤਾਬਕ ਕਰਨ ਲਈ ਸੜਕਾਂ ਦੀ ਨਿਰਧਾਰਤ ਚੌੜਾਈ ਯਕੀਨੀ ਬਣਾਉਣ ਦੀ ਅਪੀਲ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਉਨ੍ਹਾਂ ਦੀ ਸਰਕਾਰ ਨੇ ਸੂਬਾ ਸਰਕਾਰ ਦੇ ਕੰਮਕਾਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਲਿੰਕ ਸੜਕਾਂ ਦੇ ਸਰਵੇ ਵਿੱਚ ਦੀ ਵਰਤੋਂ ਕਰਕੇ ਸਰਕਾਰ ਨੇ 226.89 ਕਰੋੜ ਰੁਪਏ ਦੀ ਬੱਚਤ ਕੀਤੀ ਹੈ ਕਿਉਂਕਿ 540 ਕਿਲੋਮੀਟਰ ਅਜਿਹੀਆਂ ਸੜਕਾਂ ਦਾ ਪਤਾ ਲੱਗਾ ਜੋ ਸਿਰਫ਼ ਕਾਗਜ਼ਾਂ ‘ਤੇ ਸਨ ਜਦਕਿ ਜ਼ਮੀਨੀ ਪੱਧਰ ਉਤੇ ਨਹੀਂ ਸਨ। ਉਨ੍ਹਾਂ ਕਿਹਾ ਕਿ ਸੜਕਾਂ ਬਣਾਉਣ ਤੋਂ ਪਹਿਲਾਂ ਸੀਵਰੇਜ ਸਿਸਟਮ ਅਤੇ ਤਾਰਾਂ ਵਿਛਾਉਣ ਦਾ ਕੰਮ ਪੂਰਾ ਕਰ ਲਿਆ ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕਾਂ ਦੇ ਨਿਰਮਾਣ ਦੀ ਸਹੀ ਗੁਣਵੱਤਾ ਦੀ ਜਾਂਚ ਨੂੰ ਯਕੀਨੀ ਬਣਾਉਣ ਲਈ ਤੀਜੀ ਧਿਰ ਪਾਸੋਂ ਵਿੱਤੀ ਆਡਿਟ ਕਰਵਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਮਾਈਨਿੰਗ ਲਈ ਵਰਤੀਆਂ ਜਾਂਦੀਆਂ 78 ਲਿੰਕ ਸੜਕਾਂ ਦੀ ਚੌੜਾਈ 10 ਫੁੱਟ ਤੋਂ ਵਧਾ ਕੇ 18 ਫੁੱਟ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਇਨ੍ਹਾਂ 389.17 ਕਿਲੋਮੀਟਰ ਸੜਕਾਂ ਦੇ ਨਿਰਮਾਣ ਅਤੇ ਚੌੜਾਈ ‘ਤੇ 266.27 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸੂਬੇ ਦੇ ਮੰਡੀ ਢਾਂਚੇ ਨੂੰ ਦੇਸ਼ ਭਰ ਵਿੱਚ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਦੁੱਖ ਨਾਲ ਕਿਹਾ ਕਿ ਕੇਂਦਰ ਸਰਕਾਰ ਨੇ ਪੇਂਡੂ ਵਿਕਾਸ ਫੰਡ ਅਧੀਨ 6857 ਕਰੋੜ ਰੁਪਏ ਦੇ ਫੰਡ ਰੋਕ ਦਿੱਤੇ ਹੋਏ ਹਨ ਕਿਉਂਕਿ ਪਿਛਲੀ ਸਰਕਾਰ ਨੇ ਇਸ ਯੋਜਨਾ ਅਧੀਨ ਫੰਡਾਂ ਨੂੰ ਕਿਧਰੇ ਹੋਰ ਵਰਤ ਲਿਆ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਦੀ ਪੈਰਵੀ ਭਾਰਤ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਕੀਤੀ ਜਾ ਰਹੀ ਹੈ, ਜਿਸ ਨੇ ਮੰਡੀ ਵਿਕਾਸ ਫੀਸ ਨੂੰ ਵੀ 3 ਫੀਸਦੀ ਤੋਂ ਘਟਾ ਕੇ 2 ਫੀਸਦੀ ਕਰ ਦਿੱਤਾ ਹੈ। ਨਹਿਰੀ ਪਾਣੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ ਤਾਂ ਸੂਬੇ ਵਿੱਚ ਸਿੰਚਾਈ ਦੇ ਉਦੇਸ਼ਾਂ ਲਈ ਸਿਰਫ਼ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਅੱਜ ਨਹਿਰੀ ਪਾਣੀ ਦਾ 75 ਫੀਸਦੀ ਸਿੰਚਾਈ ਮੰਤਵਾਂ ਲਈ ਵਰਤਿਆ ਜਾ ਰਿਹਾ ਹੈ ਅਤੇ ਇਹ ਟੀਚਾ 80 ਫੀਸਦੀ ਤੱਕ ਲਿਜਾਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਅਹੁਦਾ ਸੰਭਾਲਣ ਤੋਂ ਬਾਅਦ ਸੂਬੇ ਵਿੱਚ 15947 ਖਾਲਿਆਂ ਨੂੰ ਮੁੜ ਸੁਰਜੀਤ ਕੀਤਾ ਹੈ ਜਿਸ



ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਤੱਕ ਪਹੁੰਚ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਤੇ ਸਿੱਖਿਆ ਵਿਵਸਥਾ ਨੂੰ ਮੁੜ ਸੁਰਜੀਤ ਕਰਨ ਲਈ ਠੋਸ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਭੇਜਣਾ ਆਮ ਆਦਮੀ ਦੀ ਮਜਬੂਰੀ ਸੀ ਪਰ ਹੁਣ ਸਿੱਖਿਆ ਪ੍ਰਣਾਲੀ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ, ਇਸ ਲਈ ਹੁਣ ਬੱਚੇ ਨੂੰ ਸਰਕਾਰੀ ਜਾਂ ਪ੍ਰਾਈਵੇਟ ਪੜ੍ਹਾਉਣਾ, ਮਾਪਿਆਂ ਦੀ ਮਰਜ਼ੀ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਪਹਿਲਕਦਮੀ ਕੀਤੀ ਹੈ ਜਿਸ ਤਹਿਤ ਸੂਬੇ ਅਤੇ ਰਾਸ਼ਟਰੀ ਰਾਜ ਮਾਰਗਾਂ ‘ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਸਮਰਪਿਤ ਤੌਰ ਉਤੇ ‘ਸੜਕ ਸੁਰੱਖਿਆ ਫੋਰਸ’ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਤੌਰ ‘ਤੇ ਸਿਖਲਾਈ ਪ੍ਰਾਪਤ, ਨਵੇਂ ਭਰਤੀ ਕੀਤੇ ਗਏ 1597 ਕਰਮਚਾਰੀ ਜਿਨ੍ਹਾਂ ਵਿੱਚ ਲੜਕੀਆਂ ਵੀ ਸ਼ਾਮਲ ਹਨ, ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ। ਪਿਛਲੇ ਸਾਲ ਫਰਵਰੀ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ ਸੂਬੇ ਵਿੱਚ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 48.10 ਫੀਸਦੀ ਦੀ ਕਮੀ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਹੋਰ ਸੂਬਿਆਂ ਅਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਸੂਬਾ ਸਰਕਾਰ ਦੇ ਇਸ ਵਿਲੱਖਣ ਉਪਰਾਲੇ ਦੀ ਸ਼ਲਾਘਾ ਕੀਤੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਹਰਭਜਨ ਸਿੰਘ ਈ.ਟੀ.ਓ., ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਸਕੱਤਰ ਮੰਡੀ ਬੋਰਡ ਰਾਮਵੀਰ, ਸਕੱਤਰ ਖੇਤੀਬਾੜੀ ਬਸੰਤ ਗਰਗ ਅਤੇ ਹੋਰ ਵੀ ਮੌਜੂਦ ਸਨ।

# ਪਹਿਲਗਾਮ ‘ਚ ਅੱਤਵਾਦੀ ਹਮਲੇ ਦੀ ਸਾਊਦੀ ਅਰਬ ਵਲੋਂ ਨਿੰਦਾ

## ਜੰਮੂ-ਕਸ਼ਮੀਰ ਦੇ ਕੁਲਗਾਮ ਵਿੱਚ ਅਤਿਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਗੋਲੀਬਾਰੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਕੁਲਗਾਮ : ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਤੰਗੀਮਾਰਗ ਖੇਤਰ ਵਿੱਚ ਬੁੱਧਵਾਰ ਨੂੰ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਹੋਇਆ।

ਪੁਲਿਸ ਸੂਤਰਾਂ ਨੇ ਦੱਸਿਆ ਕਿ ਸ਼ੱਕੀ ਗਤੀਵਿਧੀਆਂ ਬਾਰੇ ਖਾਸ ਜਾਣਕਾਰੀ ਮਿਲਣ ਤੋਂ ਬਾਅਦ, ਸਖ਼ਤ ਘੇਰਾਬੰਦੀ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ, ਸੁਰੱਖਿਆ ਬਲਾਂ ‘ਤੇ ਭਾਰੀ ਗੋਲੀਬਾਰੀ ਹੋਈ, ਜਿਸ ਕਾਰਨ ਮੁਕਾਬਲਾ ਸ਼ੁਰੂ ਹੋ ਗਿਆ ਅਤੇ ਭਾਰੀ ਗੋਲੀਬਾਰੀ ਜਾਰੀ ਹੈ।

ਸੁਰੱਖਿਆ ਬਲਾਂ ਨੇ ਸਥਾਨ ਨੂੰ ਘੇਰ ਲਿਆ ਹੈ, ਅਤੇ ਹੋਰ ਬਲ ਭੇਜੇ ਗਏ

ਵਿਦੇਸ਼ ਮੰਤਰਾਲੇ ਨੇ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਾਊਦੀ ਅਰਬ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਬਹੁਤ ਸਾਰੀਆਂ ਮੌਤਾਂ ਅਤੇ ਜ਼ਖਮੀ



ਹੋਏ ਹਨ।

ਰਾਜ ਹਰ ਤਰ੍ਹਾਂ ਦੀ ਹਿੰਸਾ, ਕੱਟੜਤਾ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਨੂੰ ਰੱਦ ਕਰਨ ਵਿੱਚ ਆਪਣੇ ਦ੍ਰਿੜ ਰੁਖ਼ ਦੀ ਪੁਸ਼ਟੀ ਕਰਦਾ ਹੈ। ਰਾਜ ਪੀੜਤਾਂ ਦੇ ਪਰਿਵਾਰਾਂ, ਅਤੇ ਭਾਰਤ ਗਣਰਾਜ ਦੀ ਸਰਕਾਰ ਅਤੇ ਲੋਕਾਂ ਪ੍ਰਤੀ ਆਪਣੀ ਦਿਲੀ ਸੰਵੇਦਨਾ ਅਤੇ ਹਮਦਰਦੀ ਵੀ ਪ੍ਰਗਟ ਕਰਦਾ ਹੈ।

### ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਇਸ ਹਮਲੇ ਤੇ ਡੂੰਘਾ ਦੁੱਖ ਜ਼ਾਹਿਰ ਕੀਤਾ ਹੈ ਅਤੇ ਇਸ ਦੀ ਨਿੰਦਾ ਕੀਤੀ ਹੈ। ਪੂਰੀ ਅਦਾਲਤ ਨੇ ਅੱਜ ਸਰਬਸੰਮਤੀ ਨਾਲ ਇੱਕ ਮਤਾ ਪਾਸ ਕਰ ਕੇ ਇਸ ਹਮਲੇ ਦੀ ਨਿੰਦਾ ਕੀਤੀ ਹੈ।

ਅਦਾਲਤ ਨੇ ਆਪਣੇ ਮਤੇ ਵਿੱਚ ਕਿਹਾ ਕਿ -

“ਬੇਸਮਝ ਹਿੰਸਾ ਦੇ ਇਸ ਭਿਆਨਕ ਕਾਰੇ ਨੇ ਸਾਰਿਆਂ ਦੀ ਅੰਤਰ-ਆਤਮਾ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਅੱਤਵਾਦ ਦੁਆਰਾ ਫੈਲਾਈ ਗਈ ਬੇਰਹਿਮੀ ਅਤੇ ਅਣਮਨੁੱਖਤਾ ਵੱਲ ਧਿਆਨ ਦਿਵਾਉਂਦਾ ਹੈ।”

“ਭਾਰਤ ਦੀ ਸੁਪਰੀਮ ਕੋਰਟ ਉਨ੍ਹਾਂ ਨੂੰ ਸਤਿਕਾਰ ਭਰੀ ਸ਼ਰਧਾਂਜਲੀ ਭੇਟ ਕਰਦਾ ਹੈ, ਜਿਨ੍ਹਾਂ ਦਾ ਬੇਰਹਿਮੀ ਨਾਲ ਅਤੇ ਸਮੇਂ ਤੋਂ ਪਹਿਲਾਂ ਕਤਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸੋਗ ਵਿੱਚ ਡੁੱਬੇ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ।”

### ਪਾਕਿਸਤਾਨ ਦਾ ਪ੍ਰਤੀਕਰਮ

ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਪਹਿਲਗਾਮ ਦੇ ਬੈਸਰਾਨ ਖੇਤਰ ਦਾ ਦੌਰਾ ਕੀਤਾ ਜਿੱਥੇ ਕੱਲ ਕੱਟੜਵਾਦੀ ਹਮਲਾ ਹੋਇਆ ਸੀ।

ਅਮਿਤ ਸ਼ਾਹ ਨੇ ਮ੍ਰਿਤਕਾਂ ਨੂੰ ਸ਼ਰਧਾਜ਼ਲੀ ਦਿੱਤੀ ਅਤੇ ਪੀੜ੍ਹਤ ਪਰਿਵਾਰਾਂ ਨਾਲ ਦੁੱਖ ਵੰਡਾਇਆ।

ਇਸੇ ਦੌਰਾਨ ਪਾਕਿਸਤਾਨ ਨੇ ਵੀ ਪਹਿਲਗਾਮ ਹਮਲੇ ਬਾਰੇ ਅਧਿਕਾਰਤ ਬਿਆਨ ਦਿੱਤਾ ਹੈ।

ਪਾਕਿਸਤਾਨ ਨੇ ਬਿਆਨ ਵਿੱਚ ਕਿਹਾ, ‘’ਭਾਰਤ ਦੇ ਗੈਰ ਕਾਨੂੰਨੀ ਕਬਜ਼ੇ ਵਾਲੇ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਸੈਨਾਲੀਆਂ ਉੱਤੇ ਹੋਏ ਹਮਲੇ ਦਾ ਸਾਨੂੰ ਬਹੁਤ ਦੁੱਖ ਹੈ। ਅਸੀਂ ਮ੍ਰਿਤਕ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦੇ ਹਨ ਅਤੇ ਜ਼ਖ਼ਮੀਆਂ ਦੇ ਜਲਦ ਠੀਕ ਹੋਣ ਕਾਮਨਾ ਕਰਦੇ ਹਨ।’’

ਇਸ ਤੋਂ ਇਲਾਵਾ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਪਹਿਲਗਾਮ ਹਮਲੇ ਉੱਤੇ ਪਾਕਿਸਤਾਨ ਦੇ ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਕੀਤੀ।

ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਦਾ ਇਸ ਹਮਲੇ ਨਾਲ ਸਾਡਾ ਕੋਈ ਸਬੰਧ ਨਹੀਂ ਹੈ, ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ

# ਭਦੌੜ 'ਚ ਨਕਾਬਪੋਸ਼ਾਂ ਵਲੋਂ ਸਕੂਲ ਬੱਸ 'ਤੇ ਹਮਲਾ, ਵਿਦਿਆਰਥੀ ਨੂੰ ਕੀਤਾ ਜ਼ਖ਼ਮੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬਰਨਾਲਾ ਦੇ ਕਸਬਾ ਭਦੌੜ 'ਚ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਦੀ ਬੱਸ 'ਤੇ ਨਕਾਬਪੋਸ਼ਾਂ ਵਲੋਂ ਹਮਲਾ ਕੀਤਾ ਗਿਆ। ਬੱਸ ਨੂੰ ਮੁੱਖ ਚੌਂਕ 'ਤੇ ਮੋਟਰਸਾਈਕਲ 'ਤੇ ਸਵਾਰ ਨਕਾਬਪੋਸ਼ ਬਦਮਾਸ਼ਾਂ ਨੇ ਰੋਕ ਲਿਆ। ਹਮਲਾਵਰਾਂ ਨੇ 12ਵੀਂ ਜਮਾਤ ਦੇ ਵਿਦਿਆਰਥੀ ਸੁਖਦੀਪ ਸਿੰਘ 'ਤੇ ਤੇਜ਼ਧਾਰ ਹਥਿਆਰਾਂ ਨਾਲ



ਹਮਲਾ ਕਰ ਦਿੱਤਾ।

ਜਾਣਕਾਰੀ ਅਨੁਸਾਰ ਹਿੰਮਤਪੁਰਾ ਦੇ ਰਹਿਣ ਵਾਲੇ ਸੁਖਦੀਪ ਦੇ ਸਿਰ ਵਿੱਚ ਸੱਟ ਲੱਗੀ ਹੈ। ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਡਾਕਟਰਾਂ ਨੇ ਉਸ ਦੇ ਸਿਰ 'ਤੇ ਟਾਂਕੇ ਲਾਏ।ਉਸ ਦੀ ਮੈਡੀਕਲ ਰਿਪੋਰਟ ਥਾਣਾ ਭਦੌੜ ਨੂੰ ਭੇਜ ਦਿੱਤੀ ਗਈ ਹੈ।

ਹਮਲੇ ਸਮੇਂ ਬੱਸ ਵਿੱਚ ਛੋਟੇ ਬੱਚੇ ਵੀ ਮੌਜੂਦ ਸਨ। ਇਸ ਘਟਨਾ ਕਾਰਨ ਮਾਪਿਆਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਸਕੂਲ ਪ੍ਰਬੰਧਕਾਂ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਸਕੂਲ ਦੇ ਐਮਡੀ ਰਣਪ੍ਰੀਤ ਸਿੰਘ ਨਾਲ ਸੰਪਰਕ ਨਹੀਂ ਹੋ ਸਕਿਆ। ਥਾਣਾ ਭਦੌੜ ਦੇ ਐਸਐਚਓ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੰਜਾਬ 'ਚ ਅੱਜ ਰੋਡਵੇਜ਼, ਪਨਬਸ ਤੇ PRTC ਦੀਆਂ ਬੱਸਾਂ ਰਹਿਣਗੀਆਂ ਬੰਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ 'ਚ ਰੋਡਵੇਜ਼, ਪਨਬਸ ਅਤੇ ਪੀਆਰਟੀਸੀ ਮੁਲਾਜ਼ਮ ਯੂਨੀਅਨਾਂ ਨੇ 24 ਅਪ੍ਰੈਲ ਨੂੰ ਬੱਸਾਂ ਨੂੰ ਹੜਤਾਲ 'ਤੇ ਰੱਖਣ ਦਾ ਫੈਸਲਾ ਕੀਤਾ ਹੈ।ਜਾਣਕਾਰੀ ਅਨੁਸਾਰ ਰੋਡਵੇਜ਼, ਪਨਬੱਸ ਅਤੇ ਪੀਆਰਟੀਸੀ ਕਰਮਚਾਰੀ ਯੂਨੀਅਨ ਨੇ ਮੁਲਾਜ਼ਮਾਂ ਦੇ ਖਾਤਿਆਂ 'ਚ ਅੱਧੀ ਤਨਖ਼ਾਹ ਜਮ੍ਹਾਂ ਕਰਵਾਉਣ 'ਤੇ ਵਿਭਾਗ




ਅਤੇ ਸਰਕਾਰ ਪ੍ਰਤੀ ਗੁੱਸਾ ਪ੍ਰਗਟ ਕੀਤਾ ਹੈ।

ਮੁਲਾਜ਼ਮਾਂ ਦੀ ਮੰਗ ਹੈ ਕਿ ਇਸ ਮਹੀਨੇ ਉਨ੍ਹਾਂ ਨੇ ਬੱਚਿਆਂ ਦੀ ਫੀਸ ਦੇ ਨਾਲ-ਨਾਲ ਉਨ੍ਹਾਂ ਦੇ ਸਕੂਲਾਂ ਵਿੱਚ ਦਾਖ਼ਲੇ ਦੇ ਖਰਚੇ ਵੀ ਅਦਾ ਕਰਨੇ ਸਨ ਅਤੇ ਪੂਰੇ ਸਾਲ ਦੀ ਕਣਕ ਵੀ ਖਰੀਦਣੀ ਸੀ। ਪਰ ਸਰਕਾਰ ਵੱਲੋਂ ਕਰੀਬ 600 ਕਰੋੜ ਰੁਪਏ ਦੀ ਰਾਸ਼ੀ ਨਾ ਮਿਲਣ ਕਾਰਨ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਮਿਲਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੇ ਕਰੀਬ 6 ਮਹੀਨਿਆਂ ਤੋਂ ਪੈਸੇ ਜਾਰੀ ਨਹੀਂ ਕੀਤੇ ਹਨ।

ਸੂਬਾ ਜੁਆਇੰਟ ਸਕੱਤਰ ਜਗਤਾਰ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਵੀ ਮੀਟਿੰਗ ਹੋਈ ਸੀ। ਜਿਸ ਵਿੱਚ ਜਲਦੀ ਹੀ ਪੈਸੇ ਜਾਰੀ ਕਰਨ ਬਾਰੇ ਚਰਚਾ ਹੋਈ। ਪਰ ਅਜੇ ਤੱਕ ਪੈਸੇ ਜਾਰੀ ਨਹੀਂ ਕੀਤੇ ਗਏ।

# ਬੀਕੇਯੂ ਉਗਰਾਹਾਂ ਵੱਲੋਂ ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕਾਂ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਦਾ ਐਲਾਨ

## ਸੂਬਾ ਪੱਧਰੀ ਮੀਟਿੰਗ ਵਿੱਚ ਸਰਕਾਰ ਦੇ ਜ਼ਬਰ ਦਾ ਮੂੰਹ ਤੋੜ ਜਵਾਬ ਦੇਣ ਲਈ ਤੇ ਆਦਰਸ਼ ਸਕੂਲ ਦਾ ਮਸਲਾ ਹੱਲ ਕਰਵਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਹਲਕਾ ਮਹਿਲ ਕਲਾਂ ਦੇ ਪਿੰਡ ਚੀਮਾ ਵਿਖੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਸੂਬਾ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਗਿਆ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਚਾਉਕੇ ਆਦਰਸ਼ ਸਕੂਲ ਸੰਘਰਸ਼ ਵਿਚ ਗ੍ਰਿਫ਼ਤਾਰ ਕੀਤੇ ਆਗੂ ਵਰਕਰਾਂ ਦੀ ਰਿਹਾਈ, ਕਿਸਾਨਾਂ ਅਤੇ ਅਧਿਆਪਕਾਂ 'ਤੇ ਜਬਰ ਢਾਹੁਣ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ, ਆਦਰਸ਼ ਸਕੂਲ ਚਾਉਕੇ ਦੀ ਭ੍ਰਿਸ਼ਟ ਮੈਨੇਜਮੈਂਟ ਖ਼ਿਲਾਫ਼ ਕਾਰਵਾਈ ਅਤੇ ਸਕੂਲੋਂ ਕੱਢੇ ਅਧਿਆਪਕਾਂ ਨੂੰ ਬਹਾਲ ਕਰਵਾਉਣ ਆਦਿ



ਮੰਗਾਂ ਲਈ ਸੰਘਰਸ਼ ਨੂੰ ਤੇਜ਼ ਕਰਦਿਆਂ 24 ਅਪਰੈਲ ਨੂੰ ਮਾਨਸਾ ਵਿਖੇ ਹੋ ਰਹੇ ਮੁਜ਼ਾਹਰੇ 'ਚ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਮੁਜ਼ਾਹਰੇ ਰਾਹੀਂ ਭ੍ਰਿਸ਼ਟ ਮੈਨੇਜਮੈਂਟ ਦੇ ਮੁਖੀਆਂ ਦੇ ਰਿਹਾਇਸ਼ੀ ਸ਼ਹਿਰ 'ਚ ਉਨ੍ਹਾਂ ਦੇ ਕਾਰਿਆਂ ਦੀ ਪਾਜ-ਉਘੜਾਈ ਕੀਤੀ ਜਾਵੇਗੀ। ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਈ ਕਮੇਟੀ ਵੱਲੋਂ ਮੈਨੇਜਮੈਂਟ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਉਹਨਾਂ ਦਾ ਪੱਖ ਪੂਰ ਰਿਹਾ ਹੈ।

ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ 5 ਮਾਰਚ ਨੂੰ ਚੰਡੀਗੜ੍ਹ 'ਚ ਕਿਸਾਨਾਂ ਨੂੰ ਧਰਨਾ ਦੇਣ ਤੋਂ ਰੋਕਿਆ ਗਿਆ ਸੀ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਲਗਾਤਾਰ ਕਿਸਾਨ ਧਰਨਿਆਂ ਨੂੰ ਜ਼ਬਰ ਕਰਕੇ ਉਖਾੜਿਆ ਗਿਆ ਸੀ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦੇ ਰਾਹ 'ਤੇ ਹੈ ਅਤੇ ਹੁਣ ਇਕ ਸਥਾਨਕ ਪੱਧਰੀ ਭ੍ਰਿਸ਼ਟ ਮੈਨੇਜਮੈਂਟ ਦੀ ਪਿੱਠ 'ਤੇ ਖੜ੍ਹ ਕੇ ਲੋਕਾਂ 'ਤੇ ਜ਼ਬਰ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੂੰ ਲੋਕਾਂ ਪ੍ਰਤੀ ਅਖਤਿਆਰ ਕੀਤੇ ਇਸ ਜਾਬਰ ਰਵੱਈਏ ਦਾ ਜਵਾਬ ਪਿੰਡਾਂ ਦੀਆਂ ਸੱਥਾਂ ਵਿੱਚ ਦੇਣਾ ਪਵੇਗਾ ਅਤੇ ਆਉਂਦੇ ਦਿਨਾਂ 'ਚ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਨੂੰ ਪਿੰਡਾਂ ਆਉਣ ਸਮੇਂ ਕਾਲੀਆਂ ਝੰਡੀਆਂ ਨਾਲ ਜ਼ਬਰਦਸਤ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮੀਟਿੰਗ ਚ ਇਹ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅੱਗ ਲੱਗਣ ਦੀਆਂ ਘਟਨਾਵਾਂ ਨਾਲ ਹੋਏ ਕਣਕ ਦੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇ। ਮੀਟਿੰਗ ਵਿਚ ਸੂਬਾ ਸਕੱਤਰ ਜਗਤਾਰ ਸਿੰਘ ਕਾਲਾ ਝਾੜ, ਹਰਦੀਪ ਸਿੰਘ ਟੱਲੇਵਾਲ ਜਨਕ ਸਿੰਘ ਭੁਟਾਲ, ਔਰਤ ਆਗੂਆਂ ਕਮਲਜੀਤ ਬਰਨਾਲਾ, ਬਿੰਦਰ ਕੌਰ ਭਦੌੜ, ਕਰਮਜੀਤ ਕੌਰ ਲਹਿਰਾ ਖਾਨਾ, ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਸਕੱਤਰ ਹਾਜ਼ਰ ਸਨ।

# ਪਹਿਲਗਾਮ 'ਚ ਅੱਤਵਾਦੀ ਹਮਲੇ ਤੋਂ ਬਾਅਦ ਪੰਜਾਬ ਤੋਂ ਕਸ਼ਮੀਰ ਦੀਆਂ 12 ਹਜ਼ਾਰ ਬੁਕਿੰਗਾਂ ਰੱਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੇ ਖਿਲਾਫ ਜਲੰਧਰ 'ਚ ਟੈਕਸੀ ਯੂਨੀਅਨ ਵਲੋਂ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨਾਂ ਦਾ ਕਹਿਣਾ ਹੈ ਕਿ ਇਸ ਅੱਤਵਾਦੀ ਹਮਲੇ ਨਾਲ ਪੂਰੇ ਦੇਸ਼ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਦੇਸ਼ ਦੇ ਹਰ ਨਾਗਰਿਕ ਦੇ ਦਿਲ ਵਿੱਚ ਗੁੱਸਾ ਹੈ।

ਯੂਨੀਅਨ ਮੈਂਬਰਾਂ ਨੇ ਅੱਗੇ ਕਿਹਾ ਕਿ ਹਰ ਕਿਸੇ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਹੈ। ਉਨ੍ਹਾਂ ਅਪੀਲ ਕੀਤੀ ਹੈ



ਕਿ ਦੇਸ਼ ਦੀ ਸਰਕਾਰ ਨੂੰ ਇਸ ਹਮਲੇ ਦਾ ਮੂੰਹ ਤੋੜਵਾਂ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਸਥਾਨਕ ਸੁਰੱਖਿਆ ਸਬੰਧੀ ਪੁਲੀਸ ਕਮਿਸ਼ਨਰ ਅਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪਣਗੇ। ਇਹ ਵੀ ਮੰਗ ਕੀਤੀ ਗਈ ਕਿ ਦੇਸ਼ ਵਿੱਚ ਸ਼ਰਾਰਤੀ ਅਨਸਰਾਂ ਨੂੰ ਸਿਰ ਚੁੱਕਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਟੈਕਸੀ ਯੂਨੀਅਨ ਦੇ ਪ੍ਰਧਾਨ ਹਰਦੀਪ ਸਿੰਘ ਰਾਜੂ ਨੇ ਕਿਹਾ ਕਿ ਇਸ ਅੱਤਵਾਦੀ ਹਮਲੇ ਤੋਂ ਹਰ ਕੋਈ ਨਾਰਾਜ਼ ਹੈ। ਉਨ੍ਹਾਂ ਕਿਹਾ ਕਿ ਟੈਕਸੀ ਅਤੇ ਟੈਂਪੂ ਟਰੈਵਲ ਪੰਜਾਬ ਭਰ ਤੋਂ ਬੁੱਕ ਕਰਵਾ ਕੇ ਸੈਲਾਨੀਆਂ ਨੂੰ ਜੰਮੂ-ਕਸ਼ਮੀਰ ਲੈ ਕੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ ਇੱਥੇ ਲੱਖਾਂ ਸੈਲਾਨੀ ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਘੁੰਮਣ ਲਈ ਆਉਂਦੇ ਹਨ।

ਪਰ ਕੱਲ੍ਹ ਦੇ ਅੱਤਵਾਦੀ ਹਮਲੇ ਤੋਂ ਬਾਅਦ ਉਨ੍ਹਾਂ ਦੇ ਮਨਾਂ ਵਿੱਚ ਡਰ ਹੈ, ਚਾਹੇ ਉਹ ਅਮਰਨਾਥ ਯਾਤਰਾ ਹੋਵੇ ਜਾਂ ਕੋਈ ਹੋਰ ਸੈਲਾਨੀ ਯਾਤਰਾ। ਉਨ੍ਹਾਂ ਕਿਹਾ ਕਿ ਹਮਲੇ ਤੋਂ ਬਾਅਦ ਉਨ੍ਹਾਂ ਦੀਆਂ 12 ਹਜ਼ਾਰ ਦੇ ਕਰੀਬ ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਹੁਣ ਲੋਕ ਅਮਰਨਾਥ ਯਾਤਰਾ 'ਤੇ ਜਾਣ ਤੋਂ ਵੀ ਡਰਨ ਲੱਗੇ ਹਨ। ਇਸ ਨਾਲ ਸਾਡੇ ਭਰਾਵਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਵੇਗਾ।

# ਪੰਜਾਬ ਦੇ ਸ਼ਹਿਰਾਂ ਨੂੰ ਕੂੜਾ-ਮੁਕਤ ਬਣਾਉਣਾ ਸੂਬਾ ਸਰਕਾਰ ਦਾ ਮੁੱਖ ਟੀਚਾ: ਡਾ. ਰਵਜੋਤ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਸ਼ਹਿਰਾਂ ਨੂੰ ਕੂੜਾ-ਮੁਕਤ ਬਣਾਉਣਾ ਸੂਬਾ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਜਿੱਥੇ ਸ਼ਹਿਰੀ ਨਾਗਰਿਕਾਂ ਦੇ ਸਹਿਯੋਗ ਦੀ ਲੋੜ ਹੈ, ਉੱਥੇ ਹੀ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੇ ਸਹਿਯੋਗ ਦੀ ਜ਼ਰੂਰਤ ਹੈ।

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਮਿਊਂਸੀਪਲ ਭਵਨ ਵਿਖੇ ਸਫਾਈ ਸੇਵਕ ਅਤੇ ਸੀਵਰਮੈਨ ਅਤੇ ਫਾਇਰ ਬ੍ਰਿਗੇਡ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਸਫ਼ਾਈ ਸੇਵਕਾਂ, ਸੀਵਰਮੈਨਾਂ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਿਭਾਗ ਦੀ ਰੀੜ੍ਹ ਦੀ ਹੱਡੀ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਫ਼ਾਈ ਸੇਵਕਾਂ, ਸੀਵਰਮੈਨਾਂ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਸਮੇਤ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।

ਯੂਨੀਅਨ ਨੁਮਾਇੰਦਿਆਂ ਦੀਆਂ ਮੰਗਾਂ ਸੁਣਨ ਤੋਂ ਬਾਅਦ ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਭਿੰਨ ਸ਼ਹਿਰਾਂ ਵਿੱਚ ਸਫਾਈ ਸੇਵਕਾਂ, ਸੀਵਰਮੈਨਾਂ ਅਤੇ ਫਾਇਰ ਬ੍ਰਿਗੇਡ ਦੀਆਂ ਸੇਵਾ ਨਿਭਾ ਰਹੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਸਮਾਂਬੱਧ ਢੰਗ ਨਾਲ ਛੇਤੀ ਹੱਲ ਕੀਤਾ ਜਾਵੇਗਾ।

ਡਾ. ਰਵਜੋਤ ਸਿੰਘ ਨੇ ਭਰੋਸਾ ਦਿੰਦਿਆਂ ਕਿਹਾ ਕਿ ਕਮੇਟੀ/ਕਾਰਪੋਰੇਸ਼ਨ ਜਾਂ ਵਿਭਾਗ ਪੱਧਰ 'ਤੇ ਹੱਲ ਕੀਤੇ ਜਾ ਸਕਣ ਵਾਲੇ ਸਾਰੇ ਜਾਇਜ਼ ਮੁੱਦਿਆਂ ਨੂੰ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਮੰਗਾਂ ਸੂਬਾ ਸਰਕਾਰ ਜਾਂ ਹੋਰ ਵਿਭਾਗਾਂ ਨਾਲ ਸਬੰਧਿਤ ਹਨ, ਉਨ੍ਹਾਂ ਦੇ ਹੱਲ ਲਈ ਵੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਮੌਕੇ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ,



ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟ ਸੋਰਸ ਮੁਲਾਜ਼ਮ ਯੂਨੀਅਨ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰਜ਼ ਅਤੇ ਲੇਬਰ ਯੂਨੀਅਨ, ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਅਤੇ ਫਾਇਰ ਬ੍ਰਿਗੇਡ ਆਊਟ ਸੋਰਸ ਕਰਮਚਾਰੀ ਯੂਨੀਅਨ ਪੰਜਾਬ ਦੇ ਨੁਮਾਇੰਦੇ ਹਾਜ਼ਰ ਸਨ।

# ਪਹਿਲਗਾਮ ਅਤਿਵਾਦੀ ਹਮਲੇ ਨੂੰ ਲੈ ਕੇ ਕੇਂਦਰ ਸਰਕਾਰ ਭਲਕੇ ਕਰੇਗੀ ਸਰਬ ਪਾਰਟੀ ਮੀਟਿੰਗ : ਸੂਤਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ : ਪਹਿਲਗਾਮ 'ਚ ਹੋਏ ਅਤਿਵਾਦੀ ਹਮਲੇ ਬਾਰੇ ਕੇਂਦਰ ਸਰਕਾਰ ਵੀਰਵਾਰ ਨੂੰ ਸਰਬ ਪਾਰਟੀ ਮੀਟਿੰਗ ਸੱਦੇਗੀ। ਸੂਤਰਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਰਖਿਆ ਮੰਤਰੀ ਰਾਜਨਾਥ ਸਿੰਘ ਇਸ ਦੀ ਪ੍ਰਧਾਨਗੀ ਕਰ ਸਕਦੇ ਹਨ। ਸੂਤਰਾਂ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਜਨਾਥ ਸਿੰਘ ਵੱਖੋ-ਵੱਖ ਪਾਰਟੀਆਂ ਦੇ ਆਗੂਆਂ ਨਾਲ ਗੱਲ ਕਰ ਰਹੇ ਹਨ। ਕਾਂਗਰਸ ਸਮੇਤ ਕਈ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਸਰਬ ਪਾਰਟੀ ਮੀਟਿੰਗ ਦੀ ਮੰਗ



ਕੀਤੀ ਸੀ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

**ਇੰਜੀ. ਹਰਦੀਪ ਸਿੰਘ ਚੁੰਬਰ**

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ੍ਹ ਦੇ ਲੇਖ ਦਾ ਬਾਕੀ ਭਾਗ

ਨੈਤਿਕਤਾ ਅਤੇ ਨੈਸ਼-ਕਰਮ ਵਿਚਕਾਰ ਇੱਕ ਆਪਸੀ ਸਬੰਧ ਹੈ। ਮੁਸੀਬਤ ਵਿੱਚ ਫਸੇ ਲੋਕਾਂ ਨੂੰ ਬਚਾਉਣ ਲਈ ਯਤਨ ਛੱਡ ਦੇਣਾ ਦਾਨ ਪਰਮਿਤਾ ਕਿਹਾ ਜਾਂਦਾ ਹੈ। ਲੋਕਾਂ ਦੀ ਭਲਾਈ ਲਈ ਉਤਸ਼ਾਹ ਅਤੇ ਤੇਜ਼ੀ ਨਾਲ ਕੰਮ ਕਰਨ ਨੂੰ ਵੀਰਯ ਪਰਮਿਤਾ ਕਿਹਾ ਜਾਂਦਾ ਹੈ। ਗੁੱਸਾ ਆਪਣੇ ਆਪ ਆਉਂਦਾ ਹੈ ਪਰ ਮਾਫ਼ੀ ਦਾ ਗੁਣ ਕੋਸ਼ਿਸ਼ ਨਾਲ ਪ੍ਰਾਪਤ ਕਰਨਾ ਪੈਂਦਾ ਹੈ। ਜੇ ਸੱਚ ਨਹੀਂ



ਹੈ, ਤਾਂ ਇਹ ਬੇਵਸੀ ਅਤੇ ਚਾਪਲੂਸੀ ਹੈ।

ਪੰਜ ਸਿਧਾਂਤ, ਅਸ਼ਟਾਂਗ ਮਾਰਗ, ਅਤੇ ਦਸ ਪਰਮਿਤਾ ਦੁੱਖ ਨੂੰ ਰੋਕਣ ਅਤੇ ਇਸਨੂੰ ਨਸ਼ਟ ਕਰਨ ਦੇ ਸਮਰੱਥ ਹਨ। ਬੁੱਧ ਧਰਮ ਦਾ ਸਾਰ ਸੰਸਾਰ ਦੇ ਦੁੱਖਾਂ ਨੂੰ ਦੂਰ ਕਰਨਾ ਹੈ। ਅਸੀਂ ਭਾਰਤੀ ਆਪਣੇ ਦਰਸ਼ਨ 'ਤੇ ਬਹੁਤ ਮਾਣ ਕਰਦੇ ਹਾਂ। ਪਰ ਪਿਛਲੇ ਹਜ਼ਾਰ ਸਾਲਾਂ ਵਿੱਚ ਇੱਕ ਵੀ ਸਿਧਾਂਤਕਾਰ ਜਾਂ ਦਾਰਸ਼ਨਿਕ ਪੈਦਾ ਨਹੀਂ ਹੋਇਆ ਹੈ। ਕਿਉਂਕਿ ਇਹ ਮਾਨਸਿਕਤਾ ਕਿ ਵਿਦਵਾਨਾਂ ਨੂੰ ਤੱਤਾਂ ਰਾਹੀਂ ਸੋਚਣਾ ਚਾਹੀਦਾ ਹੈ ਅਤੇ ਇੱਕ ਸਿਧਾਂਤ ਪੇਸ਼ ਕਰਨਾ ਚਾਹੀਦਾ ਹੈ, ਹੁਣ ਉੱਥੇ ਨਹੀਂ ਹੈ, ਵਿਦਵਾਨ ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਵਿਚਾਰਾਂ ਦੇ ਲੈਣ-ਦੇਣ ਤੋਂ ਵੱਖ ਹੋ ਗਏ ਹਨ। ਇਸ ਕਾਰਨ ਵਿਦਵਾਨਾਂ ਦੀ ਬੁੱਧੀ ਛੋਟੀਆਂ-ਛੋਟੀਆਂ ਸੀਮਾਵਾਂ ਵਿੱਚ ਸੀਮਤ ਹੋ ਕੇ ਦਬ ਕੇ ਰਹਿ ਗਈ। ਇਸ ਕਾਰਨ, ਸੱਚ ਦੀ ਖੋਜ ਅਤੇ ਸਵੀਕਾਰ ਕਰਨ ਦੀ ਪ੍ਰਕਿਰਿਆ ਰੁਕ ਗਈ, ਅਤੇ ਵਿਦਵਾਨਾਂ ਦੀ ਬਜਾਏ, ਕਿਤਾਬੀ ਕੀੜਿਆਂ ਦੀ ਇੱਕ ਸ਼੍ਰੇਣੀ ਪੈਦਾ ਹੋ ਗਈ।

ਮੈਨੂੰ ਗਿਆਨ ਦੀ ਕੁੰਜੀ ਦੱਸੋ। ਇੱਕੋ ਵਾਰ ਵਿੱਚ ਅਜਿਹੀ ਕਲਪਨਾ ਤਬਾਹ ਹੋ ਜਾਂਦੀ ਹੈ। ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਕੀ ਫਾਇਦਾ ਹੈ? ਇਸ ਤਰ੍ਹਾਂ ਪੜ੍ਹਨ ਨਾਲ ਉਹੀ ਲਾਭ ਪ੍ਰਾਪਤ ਹੋ ਸਕਦਾ ਹੈ ਜੋ ਗਧੇ ਦੀ ਪਿੱਠ 'ਤੇ ਕਿਤਾਬਾਂ ਲੱਦਣ ਨਾਲ ਪ੍ਰਾਪਤ ਹੁੰਦਾ ਹੈ। ਕਿਸੇ ਵਿੱਚ ਪਾਠ ਨੂੰ ਪੜ੍ਹਨ ਤੋਂ ਬਾਅਦ ਉਸ ਦੇ ਅਰਥ ਨੂੰ ਸਮਝਣ ਦੀ ਸ਼ਕਤੀ ਹੋਣੀ ਚਾਹੀਦੀ ਹੈ। ਹਰ ਰੋਜ਼ ਨਵੇਂ ਵਿਚਾਰ ਮਨ ਵਿੱਚ ਆਉਣੇ ਚਾਹੀਦੇ ਹਨ। ਕਿਸੇ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਸਿਧਾਂਤਾਂ ਨੂੰ ਕਿਵੇਂ ਸਮਝਣਾ ਅਤੇ ਸਵੀਕਾਰ ਕਰਨਾ ਹੈ।

ਅੱਜ, ਕੋਈ ਵੀ ਵਿਸ਼ਾ ਜਾਂ ਵਿਗਿਆਨ ਲਓ, ਭਾਵੇਂ ਉਹ ਸਾਹਿਤ, ਦਰਸ਼ਨ, ਅਰਥ ਸ਼ਾਸਤਰ, ਸਿਹਤ ਵਿਗਿਆਨ, ਵਿਗਿਆਨ, ਰਾਜਨੀਤੀ, ਯੁੱਧ ਰਣਨੀਤੀ ਜਾਂ ਗਿਆਨ ਦੀ ਕੋਈ ਵੀ ਸ਼ਾਖਾ ਹੋਵੇ।

ਇੱਕ ਭਾਰਤੀ ਦੇ ਤੌਰ 'ਤੇ ਜੋ ਕੁਝ ਵੀ ਹੈ, ਉਹ ਅਜੇ ਸੰਪੂਰਨਤਾ ਤੱਕ ਨਹੀਂ ਪਹੁੰਚਿਆ ਹੈ। ਵੈਸੇ ਵੀ, ਗਿਆਨ ਕਦੇ ਵੀ ਸੰਪੂਰਨਤਾ ਪ੍ਰਾਪਤ ਨਹੀਂ ਕਰਦਾ। ਗਿਆਨ ਦਾ ਇੱਕ ਹਿੱਸਾ ਜਾਂ ਸ਼ਾਖਾ ਜੋ ਅੱਜ ਸੰਪੂਰਨ ਜਾਪਦੀ ਹੈ, ਭਵਿੱਖ ਵਿੱਚ ਨਿਸ਼ਚਤ ਤੌਰ 'ਤੇ ਅਪੂਰਣ ਜਾਪੇਗੀ ਕਿਉਂਕਿ ਹਰ ਰੋਜ਼ ਇਹ ਵਧਦਾ ਰਹਿੰਦਾ ਹੈ, ਇਸ ਵਿੱਚ ਕੁਝ ਹੋਰ ਜੋੜਿਆ ਜਾਂਦਾ ਰਹਿੰਦਾ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇਸ ਦੇਸ਼ ਦੇ ਵਿਦਵਾਨਾਂ ਅਤੇ ਨਾਲੰਦਾ, ਤਕਸ਼ਸ਼ਿਲਾ, ਵਿਕਰਮਸ਼ਿਲਾ, ਉਜੈਨੀ ਅਤੇ ਅਵੰਤੀ ਦੀਆਂ ਉਸ ਸਮੇਂ ਦੀਆਂ ਵਿਸ਼ਵ-ਪ੍ਰਸਿੱਧ ਯੂਨੀਵਰਸਿਟੀਆਂ ਦੇ ਅਧਿਆਪਕਾਂ ਦੁਆਰਾ ਇਕੱਠਾ ਕੀਤਾ ਗਿਆ ਗਿਆਨ, ਪਿਛਲੇ ਹਜ਼ਾਰ ਸਾਲਾਂ ਵਿੱਚ ਨਾ ਸਿਰਫ ਇਸ ਵਿੱਚ ਕੁਝ ਨਵਾਂ ਜੋੜਿਆ ਗਿਆ, ਸਗੋਂ ਇਸ ਕਹਾਵਤ ਦੇ ਉਲਟ ਵਿਵਹਾਰ ਕਰਨ ਕਾਰਨ ਕਿ 'ਹਰ ਕਿਸੇ ਨੂੰ ਦੂਜਿਆਂ ਨੂੰ ਸਿਖਾ ਕੇ ਸਿਆਣਾ ਬਣਨਾ ਚਾਹੀਦਾ ਹੈ', ਮੂਲ ਵਿੱਚ ਮੌਜੂਦ ਗਿਆਨ ਵੀ ਗੁਆਚ ਗਿਆ। ਗੁਰੂ ਨੂੰ ਚੇਲੇ ਨੂੰ ਗਿਆਨ ਦਿੰਦੇ ਸਮੇਂ ਕੁਝ ਪੈਸਾ ਆਪਣੇ ਕੋਲ ਰੱਖਣਾ ਚਾਹੀਦਾ ਹੈ। ਜੇਕਰ ਕੋਈ ਗੁਰੂ ਸੌ ਇਲਾਜ ਜਾਣਦਾ ਹੈ ਤਾਂ ਉਸਨੂੰ ਆਪਣੇ ਚੇਲੇ ਨੂੰ ਨੜਿੰਨਵੇਂ ਚੀਜ਼ਾਂ ਦੇਣੀਆਂ ਚਾਹੀਦੀਆਂ ਹਨ ਅਤੇ ਇੱਕ ਗੁਰੂ ਦੀ ਚਾਬੀ ਆਪਣੇ ਹੱਥ ਵਿੱਚ ਰੱਖਣੀ ਚਾਹੀਦੀ ਹੈ। ਇਸ ਕਿਸਮ ਦੀ ਸੋਚ ਦੇ ਫੈਲਾਅ ਕਾਰਨ, ਗਿਆਨ ਘੱਟ ਗਿਆ ਅਤੇ ਸਿਰਫ਼ ਇਸਦਾ ਵਿਗੜਿਆ ਰੂਪ ਹੀ ਰਹਿ ਗਿਆ। ਮਨੁੱਖ ਨੂੰ ਨਿਰਵਾਣ ਦੀ ਅਵਸਥਾ ਪ੍ਰਾਪਤ ਕਰਨੀ ਚਾਹੀਦੀ ਹੈ। ਧੰਮਪਦ ਵਿੱਚ ਕਿਹਾ ਗਿਆ ਹੈ - ਨਿਰਬਾਣ ਪਰਮ ਖੁਸ਼ੀ ਹੈ। ਭਾਵੇਂ ਸਾਡੇ ਕੋਲ ਬਹੁਤ ਸਾਰੀ ਦੌਲਤ ਹੈ, ਪਰ ਅਸੀਂ ਖੁਸ਼ੀ ਪ੍ਰਾਪਤ ਨਹੀਂ ਕਰ ਸਕਦੇ। ਸਿਰਫ਼ ਵਿਦਵਤਾ ਨਾਲ ਹੀ ਵਿਅਕਤੀ ਖੁਸ਼ ਨਹੀਂ ਹੁੰਦਾ। ਉਹ ਉਦਾਸ ਨਹੀਂ ਹੈ ਪਰ ਖੁਸ਼ ਵੀ ਨਹੀਂ ਹੈ, ਕਿਉਂਕਿ ਬਹੁਤ ਜ਼ਿਆਦਾ ਲਾਲਚ, ਕਤਲ, ਚੋਰੀ, ਵਿਭਚਾਰ ਆਦਿ ਵਰਗੇ ਬੁਰਾਈਆਂ ਜਨਮ ਤੋਂ ਹੀ ਮਨੁੱਖ ਵਿੱਚ ਮੌਜੂਦ ਹੁੰਦੀਆਂ ਹਨ ਅਤੇ ਇਸ ਲਈ ਮਨੁੱਖ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਵੇਂ ਕਾਬੂ ਕਰਨਾ ਹੈ।

ਭਗਵਾਨ ਕਹਿੰਦੇ ਹਨ ਕਿ ਮਨੁੱਖ ਇੱਕ ਬਲਦੀ ਅੱਗ ਹੈ। ਇਸ ਅੱਗ ਕਾਰਨ, ਵਿਕਾਰ ਪਾਣੀ ਵਾਂਗ ਉਬਲਦੇ ਰਹਿੰਦੇ ਹਨ। ਅੱਗ ਨੂੰ ਚੇਤਾਵਨੀ ਦਿੱਤੀ ਜਾ ਸਕਦੀ ਹੈ ਜਾਂ ਇਸਨੂੰ ਸ਼ਾਂਤ ਕੀਤਾ ਜਾ ਸਕਦਾ ਹੈ। ਵਿਕਾਰਾਂ ਨੂੰ ਖਤਮ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਦਾ। ਅੱਗ ਦੀ ਵਰਤੋਂ ਕਰਨ ਲਈ, ਇਸਨੂੰ ਘੱਟ ਰੱਖਣਾ ਪੈਂਦਾ ਹੈ ਅਤੇ ਇਸ 'ਤੇ ਅਨਾਜ ਪਕਾਉਣਾ ਪੈਂਦਾ ਹੈ। ਇਸੇ ਤਰ੍ਹਾਂ, ਮਨੁੱਖ ਦੇ ਸਮਾਜ ਲਈ ਉਪਯੋਗੀ ਹੋਣ ਲਈ, ਵਿਚਕਾਰਲੀ ਅਵਸਥਾ ਨਿਰਵਾਣ ਹੈ। ਇਸ ਨਾਲ, ਦਸ ਵਿਕਾਰਾਂ ਦਾ ਸ਼ਿਕਾਰ ਹੋਣ ਦੀ ਬਜਾਏ, ਮਨੁੱਖ ਸ਼ੁੱਧ ਅਤੇ ਤਰਕਪੂਰਨ ਵਿਚਾਰਾਂ ਨਾਲ ਸਮਾਜ ਲਈ ਲਾਭਦਾਇਕ ਕੰਮ ਕਰ ਸਕਦਾ ਹੈ।

ਧਰਮ ਦੇ ਸਿਧਾਂਤਾਂ 'ਤੇ ਚਰਚਾ ਕਰਨ ਵਾਲਿਆਂ ਨੇ ਇਸਨੂੰ ਇੰਨਾ ਗੁਪਤ ਰੱਖਿਆ ਕਿ ਭਗਵੰਤ ਨੂੰ ਉਨ੍ਹਾਂ ਨੂੰ ਦੱਸਣਾ ਪਿਆ। ਔਰਤਾਂ, ਝੂਠੇ ਧਾਰਮਿਕ ਵਿਸ਼ਵਾਸ, ਅਤੇ ਭੱਟ-ਬ੍ਰਾਹਮਣਾਂ ਦੀਆਂ ਕਿਤਾਬਾਂ; ਇਹ ਤਿੰਨੇ ਗੱਲਾਂ ਹੀ ਗੁਪਤ ਰੱਖੀਆਂ ਗਈਆਂ ਹਨ।

ਇਸ ਦੇ ਬਾਵਜੂਦ, ਸ਼ੁਤਿਵਿਭਿੰਤਾਹ ਸੁਮਸ਼ਟਤਿਵਿਭਿੰਤਾਹ । ਧਰ੍ਮਸ੍ ਤਤ੍ਤ੍ਵਮ੍ ਨਿਹਿਤਮ੍ ਗੁਹਯਾਂ ਮਹਾਜਨੋ ਯੇਨ ਗਤਸਸ ਪਨ੍ਥਾ:

ਇੱਕ ਅਜਿਹੀ ਸਥਿਤੀ ਪੈਦਾ ਹੋ ਗਈ ਜਿੱਥੇ ਧਰਮ ਦੇ ਸਿਧਾਂਤ ਪਿੱਛੇ ਤੋਂ ਆਏ ਅਤੇ ਅੱਗੇ ਵਧੇ। ਸ਼ਰੁਤੀ ਕੁਝ ਹੋਰ ਦੱਸਦੀ ਹੈ, ਸਮ੍ਰਿਤੀਆਂ ਕੁਝ ਹੋਰ ਪ੍ਰਚਾਰ ਕਰਦੀਆਂ ਹਨ। ਧਰਮ ਦੇ ਤੱਤ ਬਹੁਤ ਡੂੰਘੇ ਅਤੇ ਡੂੰਘੇ ਹਨ, ਫਿਰ ਕੀ ਕਰਨਾ ਚਾਹੀਦਾ ਹੈ? ਇਸ ਲਈ, ਚਾਰ ਵੱਡੇ ਆਦਮੀਆਂ ਦੁਆਰਾ ਲਏ ਗਏ ਰਸਤੇ 'ਤੇ ਚੱਲੋ। ਭਗਵਾਨ ਬੁੱਧ ਨੇ ਕਿਹਾ ਹੈ ਕਿ ਤੁਹਾਨੂੰ ਧਰਮ ਦੇ ਇਸ ਮਾਰਗ ਨੂੰ ਸਿਰਫ਼ ਇਸ ਲਈ ਨਹੀਂ ਸਵੀਕਾਰ ਕਰਨਾ ਚਾਹੀਦਾ ਕਿਉਂਕਿ ਮੈਂ ਅਜਿਹਾ ਕਹਿੰਦਾ ਹਾਂ, ਸਗੋਂ ਸਿਰਫ਼ ਤਾਂ ਹੀ ਸਵੀਕਾਰ ਕਰਨਾ ਚਾਹੀਦਾ ਹੈ ਜੇਕਰ ਤੁਹਾਡੀ ਬੁੱਧੀ ਅਤੇ ਤੁਹਾਡੀ ਜ਼ਮੀਰ ਇਸਨੂੰ ਸਹੀ ਸਮਝੇ। ਇੱਕ ਪਾਸੇ, ਤੁਹਾਨੂੰ ਚਾਰ ਲੋਕਾਂ ਦਾ ਅੰਨ੍ਹੇਵਾਹ ਪਾਲਣ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ ਅਤੇ ਦੂਜੇ ਪਾਸੇ, ਤੁਹਾਨੂੰ ਬੁੱਧੀ ਲਈ ਬੁਲਾਇਆ ਜਾਂਦਾ ਹੈ।

ਦੋਵਾਂ ਵਿਚਾਰਧਾਰਾਵਾਂ ਵਿੱਚ ਕਿੰਨਾ ਵੱਡਾ ਫ਼ਰਕ ਹੈ!

ਜਦੋਂ ਕੋਈ ਸਵਾਲ ਪੁੱਛਿਆ ਜਾਂਦਾ ਸੀ, ਤਾਂ ਮਹਾਨ ਰਿਸ਼ੀ ਅਤੇ ਸੰਤ ਆਪਣੇ ਕੰਨਾਂ 'ਤੇ ਹੱਥ ਰੱਖੇ। ਯੌਗਿਆਵਲਕਯ ਰਿਸ਼ੀ ਨੂੰ ਪੁੱਛਿਆ ਗਿਆ, ਤੁਸੀਂ ਆਤਮਾ ਬਾਰੇ ਗੱਲ ਕਰਦੇ ਹੋ, ਫਿਰ ਆਤਮਾ ਕਿੱਥੇ ਹੈ? ਜਵਾਬ ਮਿਲਿਆ - ਨੇਤੀ, ਨੇਤੀ! ਯਾਨੀ, ਮੈਨੂੰ ਨਹੀਂ ਪਤਾ। ਖੈਰ, ਫਿਰ ਮੌਤ ਤੋਂ ਬਾਅਦ ਆਤਮਾ ਦਾ ਕੀ ਹੁੰਦਾ ਹੈ? ਜਵਾਬ ਹੈ - ਨੇਤੀ, ਨੇਤੀ! ਖੈਰ, ਇਹ ਤਾਂ ਪਤਾ ਨਹੀਂ ਹੋ ਸਕਦਾ ਪਰ ਆਤਮਾ ਦਾ ਆਕਾਰ ਤਾਂ ਪਤਾ ਹੈ, ਇਸ ਲਈ ਮੈਂ ਇੱਕ ਹੋਰ ਸਵਾਲ ਪੁੱਛਿਆ: ਕੀ ਆਤਮਾ ਖਜੂਰ ਦੇ ਦਰੱਖਤ ਜਿੰਨੀ ਵੱਡੀ ਹੈ? ਫਿਰ ਵੀ ਜਵਾਬ ਹੈ - ਨੇਤੀ ਨੇਤੀ! ਇਸਦਾ ਅਰਥ ਹੈ ਸਿਰਫ਼ ਅਤੇ ਸਿਰਫ਼ 'ਨਹੀਂ'।

ਆਤਮਾ ਦੇ ਸਥਾਨ, ਇਸਦੀ ਸ਼ਕਲ ਕੀ ਹੈ, ਭਵਿੱਖ ਵਿੱਚ ਇਸ ਨਾਲ ਕੀ ਵਾਪਰਦਾ ਹੈ, ਇਸ ਬਾਰੇ ਬਿਲਕੁਲ ਵੀ ਜਾਣਕਾਰੀ ਨਾ ਹੋਣ ਦੇ ਬਾਵਜੂਦ, ਆਤਮਾ ਬਾਰੇ ਇੰਨੀਆਂ ਬਕਵਾਸਾਂ ਬੋਲੀਆਂ ਗਈਆਂ ਹਨ ਕਿ ਇਸ ਸ਼ਬਦ ਨੂੰ ਵਾਰ-ਵਾਰ ਸੁਣ ਕੇ ਹੀ ਲੋਕ ਇੱਕ ਕਾਲਪਨਿਕ ਚੀਜ਼ ਦੇ ਵਜੂਦ ਨੂੰ ਉਤਸ਼ਾਹ ਨਾਲ ਸਵੀਕਾਰ ਕਰ ਰਹੇ ਹਨ। ਮੈਨੂੰ ਆਪਣੀ ਪ੍ਰੇਮਿਕਾ ਦਾ ਨਾਮ ਨਹੀਂ ਪਤਾ, ਮੈਨੂੰ ਉਸਦਾ ਪਿੰਡ ਨਹੀਂ ਪਤਾ, ਮੈਨੂੰ ਉਸਦਾ ਰੂਪ, ਉਮਰ ਜਾਂ ਰੰਗ ਨਹੀਂ ਪਤਾ, ਪਰ ਮੈਂ ਉਸਨੂੰ ਪਿਆਰ ਕਰਦਾ ਹਾਂ - ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦੀ ਹਾਲਤ ਇੱਕ ਪਾਗਲ ਪ੍ਰੇਮੀ ਵਰਗੀ ਹੈ ਜੋ ਇਹ ਕਹਿੰਦਾ ਹੈ।

ਸੱਚ ਕਹਿਣ ਲਈ, ਇਹ ਸਾਬਤ ਕਰਨ ਦੀ ਕੋਈ ਲੋੜ ਨਹੀਂ ਹੈ ਕਿ ਕੋਈ ਆਤਮਾ ਨਹੀਂ ਹੈ। ਜਿਹੜੇ ਕਹਿੰਦੇ ਹਨ ਕਿ ਆਤਮਾ ਹੈ, ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸਨੂੰ ਦਿਖਾਵੇ। ਇਹ ਸੱਚ ਹੈ ਕਿ ਕੋਈ ਆਤਮਾ ਨਹੀਂ ਹੈ। ਇਹ ਪ੍ਰਚਾਰ ਕਿ ਆਤਮਾ ਹੈ, ਸਿਰਫ਼ ਇੱਕ ਭਰਮ ਹੈ।

ਆਤਮਾ ਦੀ ਹੋਂਦ ਨੂੰ ਸਾਬਤ ਕਰਨ ਲਈ ਪੁਨਰ ਜਨਮ ਦੀ ਕਹਾਣੀ ਘੜੀ ਗਈ ਸੀ। ਸਰੀਰ ਨਾਸ਼ਵਾਨ ਹੈ, ਆਤਮਾ ਇੱਕ ਸਰੀਰ ਛੱਡ ਕੇ ਦੂਜੇ ਸਰੀਰ ਵਿੱਚ ਪ੍ਰਵੇਸ਼ ਕਰਦੀ ਹੈ, ਆਦਿ, ਕਾਲਪਨਿਕ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਜਦੋਂ ਸਰੀਰ ਕੱਟਿਆ ਜਾਂਦਾ ਹੈ, ਤਾਂ ਸਰੀਰ ਦਾ ਹਰ ਅੰਗ ਦਿਖਾਈ ਦਿੰਦਾ ਹੈ, ਪਰ ਇਹ ਆਤਮਾ ਦਿਖਾਈ ਨਹੀਂ ਦਿੰਦੀ, ਕਿਉਂ? ਬਹੁਤ ਸਾਰੇ ਚੰਗੇ ਸਰਜਨ ਹਨ, ਜਾਓ ਅਤੇ ਉਨ੍ਹਾਂ ਤੋਂ ਪੁੱਛੋ।

ਉਨ੍ਹਾਂ ਨੂੰ ਪੁੱਛੋ ਕਿ ਤੁਹਾਨੂੰ ਦੱਸਣ ਕਿ ਆਤਮਾ ਕਿੱਥੇ ਹੈ? ਇਸਨੂੰ ਸਰੀਰ ਤੋਂ ਕੱਢ ਕੇ ਮੈਨੂੰ ਦਿਖਾਓ।

ਇਹ ਤੁਰੰਤ ਕਿਹਾ ਜਾਵੇਗਾ ਕਿ ਬੋਧੀ ਦਰਸ਼ਨ ਵਿੱਚ ਪੁਨਰ ਜਨਮ ਮੰਨਿਆ ਜਾਂਦਾ ਹੈ। ਪਰ ਉਸ ਸਿਧਾਂਤ ਦਾ ਆਤਮਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪੁਨਰ ਜਨਮ ਦਾ ਬੋਧੀ ਸਿਧਾਂਤ, ਭਾਵ ਪੁਨਰ ਨਿਰਮਾਣ ਹੈ।

ਕੁਦਰਤ ਦਾ ਆਵਰਤੀ। ਪੁੱਤਰ ਪਿਤਾ ਵਰਗੇ ਚਿਹਰੇ ਨਾਲ ਪੈਦਾ ਹੁੰਦਾ ਹੈ, ਇਸ ਲਈ ਉਹ ਪਿਤਾ ਨਹੀਂ ਹੈ। ਪੁੱਤਰ ਵਿੱਚ ਪਿਤਾ ਵਾਲੇ ਸਾਰੇ ਗੁਣ ਨਹੀਂ ਹੁੰਦੇ। ਕਿਉਂਕਿ, ਪਿਤਾ ਦੇ ਗੁਣਾਂ ਦੇ ਨਾਲ-ਨਾਲ, ਮਾਂ ਦੇ ਗੁਣ ਵੀ ਇਸ ਵਿੱਚ ਮੌਜੂਦ ਹਨ। ਇਸ ਦੇ ਨਾਲ ਹੀ, ਵਾਤਾਵਰਣ ਦਾ ਵੀ ਪ੍ਰਭਾਵ ਪੈਂਦਾ ਹੈ। ਇੱਕ ਅੰਬ ਦੂਜੇ ਅੰਬ ਨੂੰ ਜਨਮ ਦਿੰਦਾ ਹੈ। ਇਸ ਪੈਟਰਨ ਦੀ ਪਾਲਣਾ ਕਰਨ ਵਾਲੀਆਂ ਘਟਨਾਵਾਂ ਨੂੰ ਪੁਨਰ ਨਿਰਮਾਣ ਕਿਹਾ ਜਾਂਦਾ ਹੈ। ਹਾਲਾਂਕਿ, ਇਹ ਗਰੰਟੀ ਨਹੀਂ ਦਿੱਤੀ ਜਾ ਸਕਦੀ ਕਿ ਜਿਸ ਤਰ੍ਹਾਂ ਇੱਕ ਅੰਬ ਦਾ ਰੁੱਖ ਮਿੱਟੀ, ਪਾਣੀ, ਹਵਾ ਅਤੇ ਖਾਦ ਦੇ ਪ੍ਰਭਾਵ ਕਾਰਨ ਮਿੱਠੇ ਫਲ ਦੇਵੇਗਾ, ਉਸੇ ਤਰ੍ਹਾਂ ਦੂਜੇ ਰੁੱਖ 'ਤੇ ਵੀ ਉਹੀ ਫਲ ਪੈਦਾ ਹੋਣਗੇ। ਜੇਕਰ ਪ੍ਰਭਾਵ ਚੰਗਾ ਹੈ ਤਾਂ ਨਤੀਜਾ ਵੀ ਚੰਗਾ ਹੋਵੇਗਾ; ਜੇਕਰ ਪ੍ਰਭਾਵ ਮਾੜਾ ਹੈ ਤਾਂ ਨਤੀਜਾ ਵੀ ਮਾੜਾ ਹੀ ਹੋਵੇਗਾ। ਜੇਕਰ ਬੀਜ ਸ਼ੁੱਧ ਹੈ ਤਾਂ ਫਲ ਚੰਗਾ ਹੋਵੇਗਾ। ਇਸੇ ਕਰਕੇ ਖਾਸ ਫੁੱਲ ਇੱਕ ਖੇਤਰ ਵਿੱਚ ਉੱਗਦੇ ਹਨ ਪਰ ਦੂਜੀ ਥਾਂ ਲਿਜਾਣ 'ਤੇ ਬਚ ਨਹੀਂ ਸਕਦੇ। ਜਿਵੇਂ ਨੀਲਗਿਰੀ ਦੇ ਬਾਗਾਂ ਵਿੱਚ ਚਾਹ ਉਗਾਈ ਜਾਂਦੀ ਹੈ, ਅਸਾਮ ਵਿੱਚ ਕੌਫੀ, ਚੰਗੇ ਸੰਤਰੇ ਸਿਰਫ਼ ਨਾਗਪੁਰ ਵਿੱਚ ਹੀ ਉਗਾਏ ਜਾਂਦੇ ਹਨ, ਨਾਰੀਅਲ ਸਿਰਫ਼ ਸਮੁੰਦਰ ਕੰਢੇ ਹੀ ਉੱਗਦੇ ਹਨ, ਹਾਪੁਸ ਅੰਬ ਰਤਨਾਗਿਰੀ ਵਿੱਚ ਉਗਾਇਆ ਜਾਂਦਾ ਹੈ ਅਤੇ ਸੁਆਦ ਅਤੇ ਰਸ ਵਿੱਚ ਸਭ ਤੋਂ ਵਧੀਆ ਹੁੰਦਾ ਹੈ। ਜਾਵਾ ਟਾਪੂ ਮਸਾਲਿਆਂ ਲਈ ਮਸ਼ਹੂਰ ਹੈ। ਇਸ ਲਈ ਸੰਪੂਰਨ ਪੁਨਰ ਨਿਰਮਾਣ ਦੇ ਕੰਮ ਨੂੰ ਪੁਨਰ ਜਨਮ ਕਿਹਾ ਜਾਂਦਾ ਹੈ। ਪਰ ਪੁਨਰਜਨਮ ਸ਼ਬਦ ਦੀ ਵਰਤੋਂ ਕਰਕੇ, ਇਹ ਕਿਹਾ ਜਾ ਰਿਹਾ ਹੈ ਕਿ ਆਤਮਾ ਨੂੰ ਬੋਧੀ ਦਰਸ਼ਨ ਵਿੱਚ ਮਾਨਤਾ ਪ੍ਰਾਪਤ ਹੈ, ਜੋ ਕਿ ਇੱਕ ਗਲਤਫਹਿਮੀ ਹੈ।

ਬ੍ਰਾਹਮਣ ਅਤੇ ਬੋਧੀ ਕਰਮ ਸ਼ਬਦ ਦੀ ਵਿਆਖਿਆ ਵੱਖਰੇ ਢੰਗ ਨਾਲ ਕਰਦੇ ਹਨ। ਕਰਮ ਮਹੱਤਵਪੂਰਨ ਚੀਜ਼ ਹੈ। ਇਹ ਦੁਨੀਆਂ ਕਿਵੇਂ ਚੱਲ ਰਹੀ ਹੈ? ਬ੍ਰਾਹਮਣ ਸ਼ਾਸਤਰ ਸਾਨੂੰ ਦੱਸਦੇ ਹਨ ਕਿ ਪਰਮਾਤਮਾ ਸਭ ਕੁਝ ਨਿਯੰਤਰਿਤ ਕਰਦਾ ਹੈ। ਉਸਨੂੰ ਬ੍ਰਹਮਾ ਵੀ ਕਿਹਾ ਜਾਂਦਾ ਹੈ। ਹੋਰ ਧਰਮ ਵੀ ਇਸ ਕਲਪਨਾ ਦੀ

“ਇਕੁਐਲਿਟੀ ਐਂਡ ਜਸਟਿਸ”
“Equality and Justice” ਸੁਤੰਤਰਤਾ, ਸਮਾਨਤਾ, ਭਾਈਚਾਰਾ

ਪੁਸ਼ਟੀ ਈਸ਼ਵਰ, ਅੱਲ੍ਹਾ, ਪਰਮਾਤਮਾ ਦੇ ਨਾਮ 'ਤੇ ਕਰਦੇ ਹਨ। ਬੁੱਧ ਧਰਮ ਵਿੱਚ ਕੋਈ ਰੱਬ ਨਹੀਂ ਹੈ। ਬੁੱਧ ਧਰਮ ਸਾਨੂੰ ਦੱਸਦਾ ਹੈ ਕਿ ਦੁਨੀਆਂ ਹਰ ਕਿਸੇ ਦੇ ਕਰਮਾਂ ਅਨੁਸਾਰ ਚੱਲਦੀ ਹੈ। ਇਸੇ ਲਈ ਬੁੱਧ ਧਰਮ ਮਨੁੱਖਾਂ ਉੱਤੇ ਜ਼ਿੰਮੇਵਾਰੀ ਰੱਖਦਾ ਹੈ।

ਉਸਨੇ ਚੇਤਾਵਨੀ ਦਿੱਤੀ ਕਿ ਤੁਸੀਂ ਜੋ ਬੀਜੋਗੇ ਉਹੀ ਵੱਢੋਗੇ। ਇਸਨੂੰ ਕਰਮਵਿਪਾਕ ਕਿਹਾ ਜਾਂਦਾ ਹੈ। ਕਰਮਵਿਪਾਕ ਦਾ ਅਰਥ ਹੈ ਸਾਡੇ ਕੰਮਾਂ ਦੁਆਰਾ ਪੈਦਾ ਕੀਤੇ ਗਏ ਨਤੀਜੇ। ਬੁੱਧ ਧਰਮ ਵਿੱਚ, ਕਰਮ ਨੂੰ ਪਿਛਲੇ ਜਨਮ ਵਿੱਚ ਕੀਤੇ ਗਏ ਪਾਪਾਂ ਅਤੇ ਚੰਗੇ ਕਰਮਾਂ ਦੇ ਸਮੂਹ ਵਜੋਂ ਨਹੀਂ ਸਮਝਿਆ ਜਾਂਦਾ। ਕੁਝ ਕਾਰਵਾਈਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਨਤੀਜੇ ਤੁਰੰਤ ਨਹੀਂ ਭੁਗਤਣੇ ਪੈਂਦੇ। ਉਸ ਕਿਰਿਆ, ਉਸ ਕਰਮ ਦਾ ਪ੍ਰਭਾਵ ਕੁਝ ਸਮੇਂ ਬਾਅਦ ਦਿਖਾਈ ਦਿੰਦਾ ਹੈ। ਪਰ ਕਿਸੇ ਹੋਰ ਜਨਮ ਤੋਂ ਨਹੀਂ, ਕਿਉਂਕਿ ਬੁੱਧ ਧਰਮ ਪੁਨਰ ਜਨਮ ਵਿੱਚ ਵਿਸ਼ਵਾਸ ਨਹੀਂ ਰੱਖਦਾ।

ਇਸ ਲਈ, ਇਹ ਕਿਹਾ ਜਾ ਸਕਦਾ ਹੈ ਕਿ ਬੁੱਧ ਧਰਮ ਨੇ ਮਨੁੱਖਾਂ ਵਿੱਚ ਚੰਗੇ ਗੁਣਾਂ ਨੂੰ ਵਧਾਉਣ ਦੇ ਮੌਕੇ ਪ੍ਰਦਾਨ ਕੀਤੇ ਹਨ। ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਆਪਣੀ ਤਰੱਕੀ ਅਤੇ ਤਰੱਕੀ ਲਈ ਖੁਦ ਯਤਨ ਕਰਨੇ ਪੈਣਗੇ। ਇਹ ਕਹਿ ਕੇ ਨਿਰਾਸ਼ ਹੋਣ ਦੀ ਕੋਈ ਲੋੜ ਨਹੀਂ ਕਿ ਇਹ ਮੇਰੇ ਮੱਥੇ 'ਤੇ ਲਿਖਿਆ ਹੈ, ਇਹ ਮੇਰੀ ਕਿਸਮਤ ਹੈ, ਇਹ ਬ੍ਰਹਮਾ ਦੁਆਰਾ ਖਿੱਚੀ ਗਈ ਲਕੀਰ ਹੈ। ਤੁਹਾਨੂੰ ਆਪਣੀ ਮੁਕਤੀ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਇਹ ਉਹ ਰਾਜਮਾਰਗ ਹੈ ਜੋ ਬੁੱਧ ਧਰਮ ਸਾਨੂੰ ਦੱਸਦਾ ਹੈ। ਇਹ ਚਿੱਟਾ ਝੂਠ, ਜੋ ਕਿ ਪਿਛਲੇ ਜਨਮਾਂ ਦੇ ਇਕੱਠੇ ਕੀਤੇ ਕਰਮਾਂ ਦਾ ਨਤੀਜਾ ਹੈ, ਇੱਕ ਵਿਅਕਤੀ ਨੂੰ ਅਕਿਰਿਆਸ਼ੀਲ ਬਣਾ ਦਿੰਦਾ ਹੈ ਅਤੇ ਉਸਦੇ ਸਬਰ ਨੂੰ ਤਬਾਹ ਕਰ ਦਿੰਦਾ ਹੈ।

ਪਿਛਲੇ ਜਨਮ ਬਾਰੇ ਕਲਪਨਾ ਮਨੁੱਖ ਨੂੰ ਪਾਪ ਕਰਮ ਕਰਨ ਲਈ ਉਤਸ਼ਾਹਿਤ ਕਰਦੀ ਹੈ। ਇਹ ਵਿਚਾਰ ਕਿ ਕਿਸੇ ਨੇ ਆਪਣੇ ਪਿਛਲੇ ਜਨਮ ਵਿੱਚ ਚੰਗੇ ਕੰਮ ਕੀਤੇ ਹਨ, ਇਸ ਲਈ ਇਸ ਜਨਮ ਵਿੱਚ ਪਾਪ ਕਰਨ ਵਿੱਚ ਕੀ ਨੁਕਸਾਨ ਹੈ, ਇੱਕ ਥੋੜ੍ਹੇ ਜਿਹੇ ਚੰਗੇ ਪਰਿਵਾਰ ਦੇ ਵਿਅਕਤੀ ਦੇ ਮਨ ਵਿੱਚ ਆਉਂਦਾ ਹੈ। ਪਰ ਅਜਿਹਾ ਸੋਚਣ ਵਾਲਾ ਮਨੁੱਖ ਮਨੁੱਖਤਾ ਲਈ ਹਾਨੀਕਾਰਕ ਹੈ। ਡਿੱਗੇ ਹੋਏ ਲੋਕ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਉਹ ਹੈ ਜਿਸਨੂੰ ਇਹ ਅਹਿਸਾਸ ਹੁੰਦਾ ਹੈ ਅਤੇ ਉਸਦਾ ਮਨ ਹਮੇਸ਼ਾ ਉਸਨੂੰ ਪਰੇਸ਼ਾਨ ਕਰਦਾ ਰਹਿੰਦਾ ਹੈ ਕਿ ਉਹ ਇੱਕ ਡਿੱਗਿਆ ਹੋਇਆ ਵਿਅਕਤੀ ਹੈ; ਦੂਜਾ ਡਿੱਗਿਆ ਹੋਇਆ ਵਿਅਕਤੀ ਉਹ ਹੈ ਜੋ ਆਪਣੇ ਪਾਪੀ ਕੰਮਾਂ ਬਾਰੇ ਬੁਰਾ ਨਹੀਂ ਮਹਿਸੂਸ ਕਰਦਾ। ਜਿਸਨੂੰ ਹਮੇਸ਼ਾ ਕੁੱਟ ਪੈਂਦੀ ਹੈ, ਉਹ ਕੁੱਟ ਖਾਣ ਤੋਂ ਨਹੀਂ ਡਰਦਾ, ਬਿਲਕੁਲ ਇਸੇ ਤਰ੍ਹਾਂ।

ਡਿੱਗਿਆ ਹੋਇਆ ਵਿਅਕਤੀ ਜੋ ਆਪਣੀ ਹਾਲਤ ਤੋਂ ਜਾਣੂ ਹੁੰਦਾ ਹੈ ਅਤੇ ਜਿਸਦਾ ਮਨ ਹਮੇਸ਼ਾ ਇਸ ਤੋਂ ਪਰੇਸ਼ਾਨ ਰਹਿੰਦਾ ਹੈ, ਆਪਣੀ ਹਾਲਤ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਆਪਣੀਆਂ ਭਾਵਨਾਵਾਂ ਕਰਕੇ ਉਹ ਆਪਣੇ ਆਪ ਨੂੰ ਬਚਾ ਸਕਦਾ ਹੈ। ਪਰ ਦੂਜੀ ਕਿਸਮ ਦੇ ਪਤਿਤ ਲੋਕਾਂ ਲਈ ਸੁਧਾਰ ਸੰਭਵ ਨਹੀਂ ਹੈ। ਕਿਉਂਕਿ ਉਸਦਾ ਮਨ ਹੀ ਅਜਿਹਾ ਹੈ।

ਇਸ ਤਰ੍ਹਾਂ, ਉਨ੍ਹਾਂ ਲੋਕਾਂ ਦਾ ਮਾਰਗਦਰਸ਼ਨ ਕਰਨ ਲਈ ਸਮਾਜ ਸੇਵਕਾਂ ਦੀ ਲੋੜ ਹੈ ਜੋ ਆਪਣੇ ਪਤਨ ਬਾਰੇ ਬੁਰਾ ਮਹਿਸੂਸ ਕਰਦੇ ਹਨ। ਸਮਾਜ ਨੂੰ ਵਿਚਾਰਧਾਰਕ ਭੂਮਿਕਾਵਾਂ ਦੇਣ ਅਤੇ ਸੰਭਿਆਚਾਰਕ ਕੰਮ ਕਰਨ ਲਈ ਸੇਵਕਾਂ ਦੀ ਲੋੜ ਹੁੰਦੀ ਹੈ। ਗਰੀਬ ਸਮਾਜ ਉਨ੍ਹਾਂ ਨੂੰ ਤਨਖਾਹ ਨਹੀਂ ਦੇ ਸਕਦਾ। ਪਰ ਉਨ੍ਹਾਂ ਦੇ ਬਚਾਅ ਲਈ ਪ੍ਰਬੰਧ ਕੀਤੇ ਜਾ ਸਕਦੇ ਹਨ। ਅਜਿਹੇ ਕਾਮਿਆਂ ਨੂੰ ਉਹ ਨਹੀਂ ਕਿਹਾ ਜਾ ਸਕਦਾ ਜੋ ਬੈਠੇ ਬੈਠੇ ਖਾਂਦੇ ਹਨ। ਕਿਉਂਕਿ, ਸਮਾਜ ਸੇਵਾ ਕਰਨ ਲਈ ਹਜ਼ਾਰਾਂ ਆਕਰਸ਼ਣ ਛੱਡਣੇ ਪੈਂਦੇ ਹਨ।

ਬੋਧੀ ਭਿਕਸ਼ੂਆਂ ਦਾ ਸੰਗਠਨ ਭਗਵਾਨ ਬੁੱਧ ਨੇ ਅਜਿਹੇ ਲੋਕਾਂ ਲਈ ਬਣਾਇਆ ਹੈ। ਇਹ ਬਹੁਤ ਔਖਾ ਕੰਮ ਹੈ। ਇਸਨੂੰ ਸਵੀਕਾਰ ਕਰਕੇ ਅਤੇ ਭਗਵਾਨ ਬੁੱਧ ਦੁਆਰਾ ਦਰਸਾਏ ਮਾਰਗ 'ਤੇ ਅੱਗੇ ਵਧ ਕੇ, ਅੱਜ ਦੁਨੀਆ ਦਾ ਕਲਿਆਣ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਮਨੁੱਖਤਾ ਦੇ ਹਿੱਤ ਵਿੱਚ ਹੋ ਸਕਦਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਪਾਦਕੀ- ll

# ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ, ਸੰਪਾਦਕ, ਸਵੈ-ਜੀਵਨੀਕਾਰ, ਕਵੀ ਅਤੇ ਸੁਘੜ ਰਾਜਨੀਤੀਵਾਨ

- ਡਾ. ਗੁਰਮੀਤ ਕੱਲਰਮਾਜਰੀ
94178-65377



## ਕਲ੍ਹ ਦੀ ਸੰਪਾਦਕੀ -2 ਦਾ ਬਾਕੀ ਭਾਗ

## ਆਦਿ ਧਰਮ ਮੰਡਲ ਲਹਿਰ ਅਤੇ ਪੰਜਾਬੀ ਕਾਵਿ

ਸਭਿਆਚਾਰਕ ਸੰਦਰਭ ਵਿੱਚ ਆਦਿ-ਧਰਮ ਦੀ ਪਛਾਣ ਦੇ ਚਿੰਨ੍ਹਾਂ ਨੂੰ ਲੈ ਕੇ ਇੱਕ ਵੱਖਰੇ ਸਮਾਜ ਦੀ ਹੋਂਦ ਨੇ ਸਾਹਿਤਕ ਪੱਧਰ 'ਤੇ ਜਿਸ ਕਿਸਮ ਦਾ ਮਹੱਤਵਪੂਰਨ ਕੰਮ ਕੀਤਾ, ਉਸ ਨਾਲ ਪੰਜਾਬੀ ਸਾਹਿਤ ਦਾ ਖੇਤਰ ਬਹੁਤ ਵਸੀਹ ਹੋਇਆ ਹੈ। ਬੇਸ਼ੱਕ ਪੰਜਾਬੀ ਸਾਹਿਤ ਦੇ ਉਸ ਵਕਤ ਦੇ ਜ਼ਿੰਮੇਵਾਰ ਲੇਖਕਾਂ, ਚਿੰਤਕਾਂ, ਬੁੱਧੀਜੀਵੀਆਂ ਨੇ ਇਸ ਲਹਿਰ ਨਾਲ ਸਬੰਧਤ ਜੀਵਨ ਅਤੇ ਸਾਹਿਤ (ਵਿਸ਼ੇਸ਼ ਕਰਕੇ ਕਵਿਤਾ) ਨੂੰ ਕਾਫ਼ੀ ਲੰਮੇ ਅਰਸੇ ਤੱਕ ਲਾਂਭੇ ਰੱਖਿਆ ਹੈ, ਪ੍ਰੰਤੂ ਇਸ ਲਹਿਰ ਨਾਲ ਸਬੰਧਤ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਜਿਸ ਪ੍ਰਕਾਰ ਦੀ ਕਵਿਤਾ ਦੀ ਸਿਰਜਣਾ ਕੀਤੀ ਗਈ ਉਹ ਬਹੁਤ ਉਲੇਖਨੀਯ ਹੈ।

ਕਵਿਤਾ ਨੂੰ ਵਿਸ਼ੇ ਪੱਖ ਤੋਂ ਵੇਖਿਆਂ ਕਈ ਧਾਰਨਾਵਾਂ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ।

ਇਸ ਲਹਿਰ ਤਹਿਤ ਧਾਰਮਿਕ ਗੁਰੂ ਵਜੋਂ ਸ੍ਰੀ ਗੁਰੂ ਰਵਿਦਾਸ ਨਾਲ ਸਬੰਧਤ ਵਿਸ਼ੇਸ਼ ਰਚਨਾਵਾਂ ਦੀ ਰਚਨਾ ਹੋਈ। ਗੀਤ, ਗ਼ਜ਼ਲ ਅਤੇ ਨਜ਼ਮਾਂ ਦੇ ਨਾਲ-ਨਾਲ ਗੁਰੂ ਰਵਿਦਾਸ ਮਹਿਮਾ ਵਜੋਂ "ਕਿੱਸਾਕਾਰੀ" ਦੇ ਰੂਪ 'ਚ ਸੈਂਕੜੇ ਰਚਨਾਵਾਂ ਹੋਂਦ 'ਚ ਆਈਆਂ। ਇੱਕ ਅੰਦਾਜ਼ੇ ਅਨੁਸਾਰ 15ਵੀਂ ਸਦੀ ਤੋਂ ਉਨੀਵੀਂ ਸਦੀ ਤੱਕ ਐਨੀ ਕਵਿਤਾ ਨਹੀਂ ਲਿਖੀ ਗਈ ਜਿੰਨੀ ਆਦਿ-ਧਰਮ ਮੰਡਲ ਲਹਿਰ ਤਹਿਤ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਤੋਂ ਬਾਅਦ ਅੱਠਵੇਂ ਦਹਾਕੇ ਤੱਕ ਸਿਰਜਣਾ ਹੋਈ। ਆਦਿ ਧਰਮ ਮੰਡਲ ਲਹਿਰ ਦਾ ਗ੍ਰੰਥ 'ਗੁਰੂ ਪ੍ਰਕਾਸ਼ ਆਸੰਖ ਦੀਪ ਗ੍ਰੰਥ' ਜਿਸ ਵਿੱਚ ਪ੍ਰਮੁੱਖ ਰੂਪ 'ਚ ਸ੍ਰੀ ਗੁਰੂ ਰਵਿਦਾਸ, ਕਬੀਰ ਨਾਮਦੇਵ, ਰਿਸ਼ੀ ਬਾਲਮੀਕ ਨੂੰ ਮੁੱਖ ਗੁਰੂ ਵਜੋਂ ਸਵੀਕਾਰ ਕੀਤਾ ਗਿਆ ਹੈ। ਇਨ੍ਹਾਂ ਦੀ ਬਾਣੀ ਪੜ੍ਹਨ ਨੂੰ ਹੀ ਪਹਿਲ ਦਿੱਤੀ ਗਈ ਹੈ। ਆਦਿ-ਧਰਮ ਦੀ ਕਵਿਤਾ ਵਿੱਚ 'ਆਦਿ-ਪ੍ਰਕਾਸ਼' ਗ੍ਰੰਥ 'ਚ ਸੰਕਲਿਤ ਬਾਣੀਕਾਰਾਂ ਨੂੰ ਹੀ ਧਾਰਮਿਕ ਗੁਰੂ/ਨਾਇਕ ਦੇ ਰੂਪ 'ਚ ਗੀਤਾਂ/ਗ਼ਜ਼ਲਾਂ/ਕਵਿਤਾਵਾਂ ਅਤੇ ਕਿੱਸਾਕਾਰੀ ਦੇ ਰੂਪ 'ਚ ਸੰਪਾਦਿਤ ਕੀਤਾ ਗਿਆ।

ਇਸੇ ਪ੍ਰਕਾਰ ਅਛੂਤ ਸਮਾਜ ਦੀ ਸਮਾਜਿਕ ਬਰਾਬਰੀ ਲਈ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲਈ ਅਛੂਤ ਸਮਾਜ ਨੂੰ ਚੇਤਨ ਕਰਨ ਵਾਲੇ ਮਹਾਂਨਾਇਕ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਿਤ ਕਵੀਆਂ ਨੇ ਉਨ੍ਹਾਂ ਦੇ ਜੀਵਨ ਦਰਸ਼ਨ ਨਾਲ ਸਬੰਧਤ ਬਹੁਤ ਹੀ ਮਹੱਤਵਪੂਰਨ ਰਚਨਾਵਾਂ ਦੀ ਰਚਨਾ ਕੀਤੀ ਹੈ। ਆਪਣੇ-ਆਪ ਨੂੰ ਅੰਬੇਡਕਰ ਦੀ ਵੰਸ਼ 'ਚੋਂ ਹੋਣ ਦਾ ਦਾਅਵਾ ਕਰਕੇ ਆਪਣੀ ਸ਼ਰਧਾ ਪ੍ਰਗਟ ਕੀਤੀ ਹੈ। ਇਸੇ ਲੜੀ 'ਚ ਕੁਝ ਚੋਣਵੇਂ ਕਵੀਆਂ ਨੇ ਮੰਗੂ ਰਾਮ ਮੂਗੋਵਾਲੀਆ ਪ੍ਰਤੀ ਆਪਣੀ ਸ਼ਰਧਾ ਦਾ ਵੀ ਪ੍ਰਗਟਾਵਾ ਕੀਤਾ ਹੈ। ਜਿਨ੍ਹਾਂ ਦੀਆਂ ਕਵਿਤਾਵਾਂ ਮੰਗੂ ਰਾਮ ਜੀ ਦੇ ਕਾਵਿ ਦੇ ਨਾਲ ਸ਼ਾਮਿਲ ਹਨ।


ਅਛੂਤ ਜੀਵਨ ਦੀਆਂ ਮੁਸ਼ਕਿਲਾਂ, ਗੈਰ ਮਨੁੱਖੀ ਵਿਵਹਾਰ, ਅਧਿਕਾਰ ਹੀਣ ਜੀਵਨ ਅਤੇ ਕੁਦਰਤੀ ਜੀਵਨ ਤੋਂ ਵਿਰਵੇ ਰੱਖ ਕੇ ਜਿਸ ਪ੍ਰਕਾਰ ਦਾ ਸ਼ੋਸ਼ਣ ਅਛੂਤ ਸਮਾਜ ਨਾਲ ਕੀਤਾ ਜਾਂਦਾ ਰਿਹਾ ਹੈ, ਉਹ ਅੱਜ ਵੀ ਜਾਰੀ ਹੈ, ਉਸ ਜੀਵਨ ਦੇ ਅਨੁਭਵ 'ਚੋਂ ਜਿਸ ਕਿਸਮ ਦੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਗਿਆ ਹੈ ਉਸ ਦੀ ਹੋਂਦ ਅਤੇ ਹੋਣੀ ਦੁਆਲੇ ਕੇਂਦਰਤ ਲਿਖੀ ਗਈ ਕਵਿਤਾ ਆਪਣੀ ਵੱਖਰੀ ਪਛਾਣ ਰੱਖਦੀ ਹੈ।

ਉਸ ਨੂੰ ਆਧੁਨਿਕ ਪੰਜਾਬੀ ਕਾਵਿ ਵਿੱਚ ਦਲਿਤ-ਕਵਿਤਾ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਪੜਾਅ ਮੰਨਿਆ ਜਾ ਸਕਦਾ ਹੈ। ਇਸੇ ਲੜੀ ਵਿੱਚ ਸਪਤਾਹਿਕ 'ਆਦਿ ਡੰਕਾ', 'ਉਜਾਲਾ' ਅਤੇ 'ਰਵਿਦਾਸ ਪੱਤ੍ਰਕਾ' ਦੇ ਨਾਲ ਬੇਗਮਪੁਰਾ ਸ਼ਹਿਰ (ਡੇਰਾ ਸੱਚਖੰਡ ਬੱਲਾਂ) 'ਕੌਮੀ ਉਡਾਰੀਆਂ' ਪੰਦਰਾ ਰੋਜ਼ਾ ਸਪਤਾਹਿਕ 'ਬਹੁਜਨ ਸਮਾਜ ਬੁਲੇਟਿਨ' ਸੰਪਾਦਕ ਜੀ.ਐਲ. ਚੁੰਬਰ ਅਤੇ ਰੋਜ਼ਾਨਾ 'ਜਨਤਕ ਲਹਿਰ' ਸੰਪਾਦਕ ਜਰਨੈਲ ਸਿੰਘ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਆਦਿ ਸਮਾਜ ਨੂੰ ਜਗਾਉਣ, ਇਸ ਦੇ ਅੰਦਰਲੇ ਦਰਦ ਪੀੜ ਬੇਬਸੀ ਦਾ ਕਾਵਿ ਚਿਤਰਨ ਕਰਨ ਅਤੇ ਸੋਸ਼ਣਕਾਰੀ ਪ੍ਰਵਿਰਤੀਆਂ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਵੀ ਇਸ ਸਮੇਂ 'ਚ ਰਚੀ ਗਈ ਕਵਿਤਾ 'ਚੋਂ ਮਿਲਦੀ ਹੈ।

ਸ੍ਰੀ ਗੁਰੂ ਰਵਿਦਾਸ ਜੀਵਨ ਦਰਸ਼ਨ ਅਤੇ ਬਾਣੀ ਦੇ ਪ੍ਰਚਾਰ ਪ੍ਰਸਾਰ ਆਦਿਕ ਲਈ ਦੁਆਬੇ ਦੇ ਖੇਤਰ ਵਿੱਚ ਰਵਿਦਾਸ ਕੇਂਦਰ ਸਥਾਪਤ ਕੀਤੇ ਗਏ। ਵਿਸ਼ੇਸ਼ ਕਰਕੇ ਉਨ੍ਹਾਂ ਥਾਵਾਂ ਨੂੰ ਕੇਂਦਰ ਬਣਾਇਆ ਗਿਆ ਜਿਥੇ ਇਤਿਹਾਸਕ ਤੌਰ 'ਤੇ ਗੁਰੂ ਰਵਿਦਾਸ ਦੇ ਭਾਰਤ-ਭਰਮਣ ਸਮੇਂ ਆਉਣ ਦੀ ਤਸਦੀਕ ਹੋਈ ਹੈ। ਹਫ਼ਤਵਾਰ ਰਵਿਦਾਸ ਪੱਤ੍ਰਿਕਾ ਨੇ 1970ਵਿਆਂ ਤੋਂ ਗੁਰੂ ਰਵਿਦਾਸ ਬਾਣੀ ਦੇ ਵਿਚਾਰ ਅਤੇ ਪ੍ਰਸਾਰ ਲਈ ਪਿੰਡਾਂ 'ਚ ਗੁਰੂ ਰਵਿਦਾਸ ਕੇਂਦਰ ਖੋਲ੍ਹਣ ਦੀ ਵਕਾਲਤ ਕੀਤੀ। ਇਕੱਲੇ ਦੁਆਬੇ ਵਿੱਚ ਹੀ ਇਨ੍ਹਾਂ ਰਵਿਦਾਸ ਕੇਂਦਰਾਂ ਅਤੇ ਡੇਰਿਆਂ ਦੀ ਗਿਣਤੀ 160 ਤੋਂ ਵੀ ਜ਼ਿਆਦਾ ਹੈ।

ਆਦਿ ਧਰਮ ਮਿਸ਼ਨ ਲਹਿਰ ਨਾਲ ਸਬੰਧਤ ਕਵਿਤਾ ਜਿਸ ਨੂੰ ਵੀਹਵੀਂ ਸਦੀ ਦੇ ਅੰਤਲੇ ਦਹਾਕੇ 'ਚ ਚੱਲੀ (ਦਲਿਤ-ਪੈਂਥਰ ਵਲੋਂ) ਲਹਿਰ ਨੇ ਦਲਿਤ ਕਾਵਿ ਦਾ ਨਾਂ ਦਿੱਤਾ। ਦਰਅਸਲ ਵਿਚ ਕਾਵਿ-ਦਲਿਤ ਮਨੁੱਖ ਦਾ ਸਮੁੱਚੇ ਕੁਦਰਤੀ ਸਰੋਤਾਂ ਤੋਂ ਵਾਂਝੇ ਕਰਨ ਵਿਰੁੱਧ ਇੱਕ ਕਾਵਿ-ਪ੍ਰਗਟਾਅ ਹੈ। ਕੁਦਰਤੀ ਸਰੋਤਾਂ ਤੋਂ ਕਿਸੇ ਵੀ ਕੌਮ ਨੂੰ ਵਿਰਵੇ ਕਰਨਾ ਕੁਦਰਤੀ ਅਨਿਆਇ ਨਹੀਂ ਵਿਵਸਥਾ ਮੂਲਕ ਅਨਿਆਇ ਹੈ। ਸਮਾਜਿਕ-ਧਾਰਮਿਕ ਅਤੇ ਰਾਜਨੀਤਕ ਵਿਵਸਥਾ ਓੱੁਪਰ ਕਾਬਜ਼ ਜਮਾਤ ਵਲੋਂ ਮਨੁੱਖੀ ਅਧਿਕਾਰਾਂ ਨੂੰ ਵਿਸ਼ੇਸ਼ ਵਰਗ ਲਈ ਸੀਮਿਤ ਕਰਨਾ ਸਮਾਜਿਕ ਅਤਿਆਚਾਰ ਹੈ।



ਅਰਥਾਤ ਪਾਣੀ-ਧਰਤੀ-ਹਵਾ-ਅਨਾਜ ਬਨਸਪਤੀ (ਪਹਾੜਾਂ-ਜੰਗਲਾਂ-ਦਰਿਆ-ਨਦੀਆਂ-ਆਦਿਕ) ਉੱਪਰ ਸਦੀਆਂ ਤੋਂ ਸਾਮੰਤਵਾਦੀ ਸਮਾਜਕ-ਵਿਵਸਥਾ ਦੇ (ਰਾਜਨੀਤਕ) ਸੰਚਾਲਕਾਂ ਨੇ ਪਹਿਲਾਂ ਸਮਾਜ ਨੂੰ ਜਾਤਾਂ ਵਿੱਚ ਵੰਡਿਆ ਫਿਰ ਦਰਜਾਬੰਦੀ ਕੀਤੀ। ਫਿਰ ਦਰਜਾਬੰਦੀ ਵਿੱਚ ਹੇਠਲੇ-ਸਤਰ ਉੱਪਰ ਰੱਖੇ ਗਏ ਸਮਾਜਕ ਸਮੂਹਾਂ ਉਪਰ ਆਪੇ ਸਿਰਜੇ ਧਾਰਮਿਕ ਗ੍ਰੰਥਾਂ ਰਾਹੀਂ ਫਤਵੇ ਜਾਰੀ ਕੀਤੇ-ਕਿਰਤ ਵੰਡ ਨੂੰ ਅੱਗੋਂ ਹਜ਼ਾਰਾਂ ਜਾਤੀਆਂ 'ਚ ਵੰਡ ਕੇ ਨੀਵੀਆਂ ਜਾਤੀਆਂ ਦੇ ਸਮਾਜਿਕ ਸਮੂਹਾਂ ਦੇ ਅਧਿਕਾਰ ਇੰਨੇ ਕੁ ਸੀਮਤ ਕਰ ਦਿੱਤੇ ਕਿ ਉਹ ਲੋਕ ਨਰਕੀ ਜੀਵਨ ਜਿਉਣ ਲਈ ਮਜ਼ਬੂਰ ਹੋ ਗਏ। ਇਸ ਪ੍ਰਕਾਰ ਆਪਣੇ ਹੀ ਮੁਲਕ 'ਚ ਰਹਿੰਦੇ ਹੋਏ ਵਿਸਥਾਪਿਤ-ਵਰਗ 'ਚ ਸ਼ਾਮਲ ਹੋ ਗਏ। ਉਨ੍ਹਾਂ ਦੇ ਬੁਨਿਆਦੀ ਹਕੂਕ ਖਤਮ ਕਰਕੇ ਹਰ ਪੱਧਰ 'ਤੇ ਵਿਸਥਾਪਨ ਕਰ ਦਿੱਤਾ ਗਿਆ। ਜੰਗਲਾਂ-ਦਰਿਆਵਾਂ ਦੇ ਕੰਢਿਆਂ, ਪਿੰਡਾਂ ਸ਼ਹਿਰਾਂ ਤੋਂ ਬਾਹਰ ਪੱਛਮ ਦਿਸ਼ਾ ਵੱਲ ਰਹਿਣ ਲਈ ਮਜ਼ਬੂਰ ਕਰ ਦਿੱਤਾ। ਆਪੇ ਸਿਰਜੇ ਧਾਰਮਿਕ ਗ੍ਰੰਥ ਦੇ ਫਤਵਿਆਂ ਰਾਹੀਂ ਮੰਦਿਰਾਂ-ਖੂਹਾਂ-ਤਲਾਬਾਂ ਉਪਰ ਦਲਿਤ ਵਰਗ ਲਈ ਮੁਕੰਮਲ ਪਾਬੰਦੀ ਲਗਾ ਦਿੱਤੀ।

ਇਸ ਪ੍ਰਸੰਗ ਵਿੱਚ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਕੌਮ ਦੇ ਨਾਂ ਸੁਨੇਹੇ ਵਿੱਚ ਮਨੁੱਖੀ ਏਕਤਾ ਨੂੰ ਜ਼ਰੂਰੀ ਕਦਮ ਸਵੀਕਾਰ ਕਰਦਿਆਂ ਕੌਮਾਂ ਦੇ ਨਵ-ਨਿਰਵਾਣ ਬਾਰੇ ਬਹੁਤ ਹੀ ਖੂਬਸੂਰਤ ਵਿਚਾਰ ਪੇਸ਼ ਕੀਤੇ ਹਨ।

ਵਗਾਰ ਅਤੇ ਮੋਏ ਪਸ਼ੂ ਢੋਣ, ਸੇਵਾ ਕਰਨ ਤੋਂ ਇਨਕਾਰ ਕਰਨ ਤੇ ਆਪੇ ਸਿਰਜੇ ਸਾਸ਼ਤਰਾਂ 'ਚ ਖ਼ੁਦ ਨਿਰਧਾਰਤ ਕੀਤੀਆਂ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਕਿਸਮ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਵਿਸਥਾਪਨ ਦੇ ਖਿਲਾਫ਼ ਇਹ ਕਵਿਤਾ ਸਦੀਆਂ ਤੋਂ ਵਿਸਥਾਪਿਤ ਮਨੁੱਖ ਦੇ ਆਕ੍ਰੋਸ਼ਮਈ ਬੋਲ ਹਨ। ਅਧਿਕਾਰਾਂ ਤੋਂ ਵਿਰਵੇ ਇਸ ਸਮਾਜ ਵਿੱਚ ਜੀਵਨ ਜਿਉਣ ਦੀ ਪ੍ਰਬਲ ਇੱਛਾ ਝਲਕਦੀ ਹੈ।

ਇਸ ਵਿਸਥਾਪਿਤ ਵਿਵਸਥਾ ਦੇ ਖਿਲਾਫ ਸਭ ਤੋਂ ਪਹਿਲਾਂ ਵਿਦਰੋਹ ਸ਼ਬੂੰਕ ਰਿਸ਼ੀ ਨੇ "ਬ੍ਰਹਮ ਦੀ ਪੂਜਾ" ਕਰਕੇ ਰਾਜਾ ਰਾਮ ਚੰਦਰ ਦੇ 'ਰਾਮ ਰਾਜ' ਦੌਰਾਨ ਕੀਤੀ। ਕਿਉਂਕਿ ਰਾਮ ਰਾਜ ਦੇ ਅੰਦਰ ਸ਼ੂਦਰ ਸਮਾਜ ਨੂੰ ਤਪ ਕਰਨ-ਭਜਨ ਬੰਦਗੀ ਜਾਂ ਕਿਸੇ ਵੀ ਪ੍ਰਕਾਰ ਦਾ ਯੱਗ-ਹਵਨ ਕਰਨ ਦੀ ਮਨਾਹੀ ਸੀ। ਬ੍ਰਾਹਮਣੀ ਗ੍ਰੰਥਾਂ ਅਨੁਸਾਰ ਜੇ ਕੋਈ ਇਸ ਦੀ ਅਵੱਗਿਆ ਕਰਦਾ ਹੈ, ਰਾਜਾ ਕੋਲ ਅਧਿਕਾਰ ਹੈ ਕਿ ਉਸ ਨੂੰ ਮੌਤ ਦਾ ਦੰਡ ਦੇਵੇ। ਇਵੇਂ ਹੋਇਆ ਰਿਸ਼ੀ ਸ਼ਬੂੰਕ ਨੇ ਰਾਮ ਰਾਜ ਦੌਰਾਨ ਆਪਣੇ ਧਾਰਮਿਕ ਅਧਿਕਾਰਾਂ ਦੀ ਬਹਾਲੀ ਦਾ ਯੁੱਧ ਲੜਿਆ ਅਤੇ ਕੁਰਬਾਨੀ ਦਿੱਤੀ। ਇਸ ਪ੍ਰਕਾਰ ਰਾਮ ਰਾਜ 'ਚ ਅਛੂਤ ਸਮਾਜ ਦੀ ਸਥਿਤੀ ਦਾ ਵਿਸ਼ਲੇਸ਼ਣ ਅਤੇ ਉਸ ਸਮੇਂ ਦੀ ਧਾਰਮਿਕ ਵਿਵਸਥਾ ਨੂੰ ਇਕ ਵੰਗਾਰ ਦੇ ਰੂਪ 'ਚ ਪੇਸ਼ ਕਰਨਾ ਤੇ ਆਪਣੇ "ਨਾਇਕ ਸ਼ਬੂੰਕ ਰਿਸ਼ੀ" ਦੀ ਵਡਿਆਈ ਅਥਵਾ ਉਸ ਦੇ ਨਾਇਕਤਵ ਨੂੰ ਕਾਵਿ ਦੇ ਮਾਧਿਅਮ ਰਾਹੀਂ ਇਸ ਵਿਸਥਾਪਨ ਦੇ ਖਿਲਾਫ਼ ਲਿਖੇ ਕਾਵਿ ਦਾ ਪਹਿਲਾ ਮੂਲ ਮੰਤਰ ਹੈ। ਵਿਸਥਾਪਿਤ ਸਮਾਜ ਦੇ ਵਿਸਥਾਪਨ ਵਿੱਚ ਜਿਸ ਕਿਸਮ ਦਾ ਮਨੁੱਖੀ ਅਧਿਕਾਰਾਂ ਦਾ ਹਨਨ ਹੰਦਾ ਹੈ ਤੇ ਮਨੁੱਖ ਦਾ ਸ਼ੋਸ਼ਣ ਹੁੰਦਾ ਹੈ, ਉਸ ਲੜੀ 'ਚ ਇਸ ਵਿਸਥਾਪਨ ਦੀ ਪ੍ਰਕਿਰਿਆ ਦਾ ਅਗਲਾ ਪਹਿਲੂ ਹੈ-ਹਰ ਕਿਸਮ ਦੇ ਸ਼ਿਲਪ ਸੰਗੀਤ ਕਲਾ ਅਤੇ ਸਾਹਿਤ ਤੋਂ ਬਾਂਝ ਕਰ ਦੇਣਾ। ਅਵਗਿਆ ਕਰਨ ਤੇ ਸਜ਼ਾ ਦਾ ਭਾਗੀ ਬਣਾ ਦੇਣਾ। ਮਹਾਭਾਰਤ ਕਾਲ ਵਿੱਚ ਧਨੁਸ਼ਧਾਰੀ ਅਰਜਨ ਤੀਰ-ਅੰਦਾਜ਼ੀ ਦੀ ਕਲਾ ਵਿੱਚ ਪ੍ਰਵੀਨ ਕਿਉਂ ਸੀ ਕਿਉਂਕਿ ਗੁਰੂ ਦਰੋਣਚਾਰੀਆ ਨੇ ਛਲ ਕਪਟ ਹੀ ਨਹੀਂ ਸਗੋਂ ਇਸ ਧਾਰਨਾ ਉੱਪਰ ਚੱਲਦਿਆਂ ਕਿ ਅਛੂਤ/ਭੀਲ/ਆਦਿਕ ਕਬਾਇਲੀ ਜਾਤੀਆਂ ਨੂੰ ਕਿਸੇ ਕਿਸਮ ਦੀ ਕਲਾ ਸਿਖਣ ਦਾ ਅਧਿਕਾਰ ਹੀ ਨਹੀਂ, ਜੇਕਰ ਏਕਲਬਿਆ ਵਰਗਾ ਭੀਲ ਆਪਣੇ ਹੀ ਜੰਗਲ ਵਿੱਚ ਆਪਣੇ ਹੀ ਤੀਰ ਨਾਲ ਆਪਣੀ ਹੀ ਮਿਹਨਤ ਅਤੇ ਕਲਾ ਨਾਲ, ਮਨ ਹੀ ਮਨ ਦਰੋਣਾਚਾਰੀਆ ਨੂੰ (ਵਾਸਤਵਿਕ ਜੀਵਨ 'ਚ ਨਹੀਂ) ਗੁਰੂ ਧਾਰਨ ਕਰ ਲੈਂਦਾ ਹੈ ਤਾਂ ਗੁਰੂ ਦਰੋਣ ਗੁਰੂ ਦਕਸ਼ਣਾ ਦੇ ਰੂਪ 'ਚ ਉਸ ਦਾ ਅੰਗੂਠਾ ਕੱਟ ਕੇ ਉਸ ਨੂੰ ਸਜ਼ਾ ਦੇ ਕੇ ਇਸ ਕਲਾ ਤੋਂ ਬਾਂਝ ਕਰ ਦਿੰਦਾ ਹੈ। ਦਰਅਸਲ ਮਹਾਂਭਾਰਤ ਕਾਲ ਤੋਂ ਹੀ ਹਰ ਕਿਸਮ ਦੇ ਸੰਗੀਤ-ਕਲਾ-ਨਾਲ ਸਮੁੱਚੇ ਸ਼ਿਲਪ ਤੋਂ ਵਿਰਕਤ ਕਰਨ ਦਾ ਇਤਿਹਾਸ ਇਸ ਵਿਸਥਾਪਿਤ ਸਮਾਜ ਦੇ ਹਿੱਸੇ ਆਉਣਾ ਸ਼ੁਰੂ ਹੋਇਆ। ਏਕਲਬਿਆ ਨੇ ਮਹਾਂਭਾਰਤ ਕਾਲ ਵਿੱਚ ਸ਼ਿਲਪ ਦੇ ਦ੍ਰਿਸ਼ਟੀਕੋਣ ਤੋਂ ਵਿਸਥਾਪਿਤ ਸਮਾਜ ਦੀ ਅਗਵਾਈ ਕੀਤੀ। ਜੰਗਲ ਦੀ ਹਰ ਲੜਾਈ ਵਿੱਚ ਏਕਲਬਿਆ ਦੇ ਕੱਟੇ ਹੋਏ ਅੰਗੂਠੇ ਦੀ ਗਾਥਾ ਹੀ ਨਹੀਂ ਗੂੰਜਦੀ ਸਗੋਂ ਵਿਸਥਾਪਨ-ਕਾਵਿ ਵਿੱਚ ਉਹ ਅਗਲਾ ਨਾਇਕ ਹੈ।

ਇਹ ਵੀ ਸ਼ਿਲਪ ਦੇ ਪੱਖ ਤੋਂ ਮਨੁੱਖੀ ਅਧਿਕਾਰ ਦਾ ਸਵਾਲ ਹੈ। ਇਸ ਸਬੰਧੀ ਸੰਘਰਸ਼ ਅੱਜ ਵੀ ਹੋ ਰਿਹਾ ਹੈ। ਇਸ ਦੇ ਵਿਸ਼ਲੇਸ਼ਣ ਤੇ ਵਿਸਥਾਪਿਤ ਸ਼ਿਲਪੀ ਨਾਇਕ ਦੀ ਕਵਿਤਾ ਸਾਡਾ ਵਰਤਮਾਨ ਹੈ।

ਇਨ੍ਹਾਂ ਮੁਢਲੀਆਂ ਦੋ ਇਤਿਹਾਸਕ ਘਟਨਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਅਛੂਤ ਸਮਾਜ ਦੇ ਵਿਸਥਾਪਨ ਨਾਲ, ਇਸ ਸਮਾਜ ਵਿਚਲੀ ਜੀਵਨ ਜਿਉਣ, ਮਾਨਣ ਜਾਨਣ ਅਤੇ ਇਸ ਦੇ ਜਸ਼ਨ ਦੀ ਪ੍ਰਵਿਰਤੀ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਦੁਖਾਂਤ 'ਚ ਬਦਲ ਗਈ। ਕਲਾ, ਸੰਗੀਤ ਅਤੇ ਸਾਹਿਤ ਦੇ ਖੇਤਰ 'ਚੋਂ ਵੀ ਵਿਸਥਾਪਨ ਨੇ ਅਛੂਤ ਜੀਵਨ ਦੇ ਅੰਦਰ ਕਲਾਤਮਿਕ ਪ੍ਰਵਿਰਤੀਆਂ ਨੂੰ ਉਭਾਰਨ ਦੀ ਬਜਾਏ ਇਸ ਦੀਆਂ ਸੰਭਾਵਨਾਵਾਂ ਨੂੰ ਪੈਰਾਂ ਹੇਠ ਰੋਲ ਦਿੱਤਾ। ਰੱਬ ਦੀ ਬੰਦਗੀ ਦਾ ਅਧਿਕਾਰ ਜਿਹੜਾ ਕੁਦਰਤੀ ਹੈ, ਉਸ ਤੋਂ ਬਾਹਰ ਰੱਖ ਕੇ ਇਸ ਜੀਵਨ ਦੀ ਆਸਥਾ ਨੂੰ ਬਹੁਤ ਹੀ ਹੇਠਲੇ ਪੱਧਰ ਤੱਕ ਸੀਮਿਤ ਕਰ ਦਿੱਤਾ। ਉਪਰਲੇ ਵਰਗਾਂ ਨੇ ਧਾਰਮਿਕ, ਸਭਿਆਚਾਰ ਨੂੰ ਉਚ-ਜਾਤੀ ਸਮਾਜਿਕ ਸਮੁੱਚਤਾ ਤੱਕ ਮਹਿਦੂਦ ਕਰਕੇ ਇਨ੍ਹਾਂ ਅੰਦਰਲੀ ਸੂਖਮਤਾ ਅਤੇ ਪ੍ਰਾਪਤੀ ਦੇ ਆਨੰਦ ਤੋਂ ਬਾਂਝੇ ਕਰ ਦਿੱਤਾ। ਸੂਰਬੀਰਤਾ, ਯੋਧਾ, ਸੋਨਾ, ਚਾਂਦੀ, ਲਕੜ ਮਿੱਟੀ, ਲੋਹਾ, ਤਾਂਬਾ ਆਦਿਕ ਪਦਾਰਥਾਂ ਰਾਹੀਂ ਪੈਦਾ ਹੋਏ ਸ਼ਿਲਪਗਤ ਹੁਨਰ ਤੋਂ ਬਾਂਝ ਕਰਕੇ ਇਸ ਸਮਾਜ ਅੰਦਰਲੀ ਬੇਪਨਾਹ ਸ਼ਿਲਪ ਸ਼ਕਤੀ ਨੂੰ ਮੂਲੋਂ ਹੀ ਨਸ਼ਟ ਕਰ ਦਿੱਤਾ। ਇਹ ਸਿਰਫ਼ ਕਿਲਿਆਂ ਮਹਿਲਾਂ-ਮੁਨਾਰਿਆਂ ਦੀ ਰਖਵਾਲੀ ਅਤੇ ਗੁਲਾਮ ਸਮਾਜ ਵਜੋਂ 'ਬਗਾਰੀ ਜਮਾਤ' ਬਣ ਕੇ ਰਹਿ ਗਈ। ਫਿਰ ਵੀ ਲੰਮੇ ਸਮੇਂ ਦੀ ਗੁਲਾਮੀ ਦੇ ਬਾਵਜੂਦ ਸਵੈ-ਪਛਾਣ ਵਜੋਂ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਨ ਵਾਲੇ ਮਹਾਂ ਤਪੱਸਵੀ ਸੰਤ, ਗੁਰੂ-ਨੇਤਾ ਅਤੇ ਬਹਾਦਰ ਲੋਕ ਪੈਦਾ ਹੁੰਦੇ ਰਹੇ। ਸੰਘਰਸ਼ ਦੀ ਲੰਮੇਰੀ ਤਹਿਰੀਕ ਇਸ ਗੱਲ ਦੀ ਜਾਮਨ ਹੈ ਕਿ ਜੀਵਨ ਜਿਉਣ ਦੀ ਕੁਦਰਤੀ ਪ੍ਰਕਿਰਿਆ ਰਾਹੀਂ ਮਨੁੱਖੀ ਅਧਿਕਾਰ ਪ੍ਰਾਪਤ ਕਰਕੇ ਇਹ ਲੋਕ ਵੀ ਜ਼ਿੰਦਗੀ ਦੇ ਖੂਬਸੂਰਤ ਜਸ਼ਨ 'ਚ ਸ਼ਾਮਲ ਹੋ ਕੇ ਇਸ ਨੂੰ ਮਾਨਣਾ ਚਾਹੁੰਦੇ ਹਨ। ਇਸ ਲਹਿਰ ਦੀ ਸਮੁੱਚੀ ਕਵਿਤਾ ਸ੍ਰੀ ਗੁਰੂ ਰਵਿਦਾਸ, ਕਬੀਰ, ਨਾਮਦੇਵ ਅਤੇ ਰਿਸ਼ੀ ਬਾਲਮੀਕ ਅਤੇ ਅੰਬੇਡਕਰ ਸਾਹਿਬ ਦੇ ਅਦੁੱਤੀ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਧਾਰਮਿਕ ਪ੍ਰਵਿਰਤੀਆਂ ਰਾਹੀਂ ਜੀਵਨ ਨੂੰ ਇੱਕ ਉਪਲਬਧੀ ਵਜੋਂ ਮਾਨਣਾ ਚਾਹੁੰਦੇ ਹਨ।

ਇਸ ਪ੍ਰਕਾਰ ਗੈਰ ਮਨੁੱਖੀ ਜੀਵਨ ਜਿਉਂਦਿਆਂ ਜਿਸ ਕਿਸਮ ਦਾ ਵਿਵਸਥਾ ਪ੍ਰਤੀ ਆਕ੍ਰੋਸ਼ ਇਨ੍ਹਾਂ ਦੇ ਜੀਵਨ ਅਤੇ ਸਾਹਿਤ ਵਿੱਚ ਪੈਦਾ ਹੁੰਦਾ ਹੈ-ਸਮਾਜਕ ਸੋਸ਼ਣ ਪ੍ਰਤੀ ਜਿਸ ਕਿਸਮ ਦਾ ਵਿਰੋਧ ਕਵਿਤਾਵਾਂ 'ਚ ਪ੍ਰਗਟ ਹੁੰਦਾ ਹੈ ਹਾਸ਼ੀਏ ਉਪਰ ਧੱਕੇ ਹੋਏ ਇਸ ਸਮਾਜ ਦੀ ਵਾਸਤਵਿਕ ਸਥਿਤੀ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ ਦੀ ਸਾਹਿਤਕ ਰੂਪਾਂ 'ਚ ਉਸਾਰੀ ਦਾ ਜਿਸ ਕਿਸਮ ਦਾ ਭਾਸ਼ਾਈ ਬਿੰਬ ਉਭਰਦਾ ਹੈ, ਉਸ ਦੇ ਪਿਛੋਕੜ ਵਿੱਚ ਜੀਵਨ ਨੂੰ ਉਸ ਦੇ ਪ੍ਰਕਿਤਕ ਰੂਪ 'ਚ ਮਾਨਣ ਦੀ ਤੀਬਰ ਸੋਚ ਝਲਕਦੀ ਹੈ। ਇਸ ਲਈ ਦੁਸ਼ਬਾਰ ਅਤੇ ਵਿਰੋਧੀ ਸਥਿਤੀਆਂ ਦਾ ਮੁਕਾਬਲਾ ਕਰਨਾ ਅਤੇ ਆਪਣੇ ਵਾਸਤਵਿਕ ਜੀਵਨ ਦੀ ਅਤਿ ਕਰੂਪ ਸਥਿਤੀ ਦੀ ਧਾਰਮਿਕ ਅਭੀਵਿਅਕਤੀ ਰਾਹੀਂ ਆਪਣੇ ਜੀਵਨ ਦੇ ਦੁਖਾਂਤ ਦਾ ਪਰਿਚੈ ਦੇਣਾ ਚਾਹੁੰਦੇ ਹਨ ਤਾਂ ਕਿ ਤਬਦੀਲੀ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਸਕਣ। ਇਉਂ ਇਸ ਕਾਵਿ ਦੀ ਸੰਵੇਦਨਾ ਵਿੱਚ ਮਨੁੱਖੀ ਜੀਵਨ ਪ੍ਰਤੀ ਅਥਾਹ ਪਿਆਰ ਦੀ ਭਾਵਨਾ ਦਾ ਪ੍ਰਗਟਾਓ ਝਲਕਦਾ ਹੈ।

ਇਹ ਆਪਣੇ ਜੀਵਨ ਦੀ ਅਭੀਵਿਅਕਤੀ ਰਾਹੀਂ; ਜਾਤੀ ਦੁਸ਼ਵਾਰੀਆਂ ਤੋਂ ਮੁਕਤ ਹੋਣ ਤੇ ਬਰਾਬਰੀ ਦਾ ਸਮਾਜ ਬਣਾਉਣ ਲਈ ਬਦਲਾਓ ਦੀ ਸਥਿਤੀ ਪੈਦਾ ਕਰਕੇ ਉਸ ਦੇ ਜਸ਼ਨ ਦਾ ਸਾਹਿਤ ਹੈ। ਰੁਦਨ ਦਾ ਨਹੀਂ। ਤਬਦੀਲੀ ਦਾ ਸੰਵਾਹਕ ਹੈ ਆਪਣੇ ਆਪ ਨੂੰ 'ਆਦਿ ਮਾਨਵ' ਦਾ ਖਿਤਾਬ ਦੇ ਕੇ ਆਪਣੇ ਮੁਲਕ ਦਾ ਆਦਿ-ਵਾਸ਼ਿੰਦਾ ਹੋਣ ਦੀ ਗਵਾਹੀ ਸਮੇਤ ਇਥੋਂ ਦੀ ਮਿੱਟੀ-ਹਵਾ-ਪਾਣੀ ਨੂੰ ਆਪਣੀ ਹੋਂਦ ਨਾਲ ਜੋੜ ਕੇ ਵੇਖਣ ਦੀ ਪ੍ਰਵਿਰਤੀ ਇਸ ਸਾਹਿਤ ਦੀ ਮੂਲ ਕੜੀ ਹੈ। ਜ਼ਿੰਦਗੀ ਦੇ ਜਸ਼ਨ 'ਚ ਸ਼ਾਮਲ ਹੋਣ ਲਈ ਡਾ. ਅੰਬੇਡਕਰ ਦੀ ਮੂਲ ਵਿਚਾਰਧਾਰਾ ਦੇ ਮੂਲ ਮੰਤਰ (1) ਪੜ੍ਹ ਕੇ, ਸਵੈ ਦੀ ਪਛਾਣ ਅਤੇ ਅਤੀਤ ਦਾ ਵਿਸ਼ਲੇਸ਼ਣ (2) ਵਿਸ਼ਲੇਸ਼ਣ ਉਪਰੰਤ ਆਪਣੀ ਹੋਂਦ ਬਰਕਰਾਰ ਰੱਖਣ ਲਈ ਜੁੜਨਾ ਭਾਵ ਏਕਤਾ (3) ਉਪਰੰਤ ਸਮਾਜਕ ਅਜ਼ਾਦੀ ਪ੍ਰਾਪਤ ਕਰਨ ਲਈ (1ction Plan) ਸੰਘਰਸ਼ ਕਰਨਾ, ਵਰਤਮਾਨ ਅਤੇ ਭਵਿੱਖਮੁਖੀ ਸੰਭਾਵਨਾਵਾਂ ਦੀ ਤਲਾਸ਼ ਸਮਾਜਕ ਜੀਵਨ ਜਿਉਣ ਦਾ ਇੱਕ ਮਾਡਲ ਹੈ।

# ਹਾਈ ਕੋਰਟ ਨੇ ਕੈਨੇਡੀਅਨ ਔਰਤ ਦੀ ਪਟੀਸ਼ਨ 'ਤੇ ਬੱਚੇ ਦੀ ਕਸਟਡੀ ਦਾ ਦਿੱਤਾ ਹੁਕਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

;ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਕੈਨੇਡੀਅਨ ਔਰਤ ਵੱਲੋਂ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਨੂੰ ਸਵੀਕਾਰ ਕਰਦੇ ਹੋਏ, ਉਸਦੇ ਨਾਬਾਲਗ ਪੁੱਤਰ ਨੂੰ ਉਸਦੇ ਪਿਤਾ ਦੀ ਹਿਰਾਸਤ ਤੋਂ ਰਿਹਾਅ ਕਰਨ ਅਤੇ ਉਸਨੂੰ ਉਸਦੀ ਮਾਂ ਦੇ ਹਵਾਲੇ ਕਰਨ ਦਾ ਹੁਕਮ ਦਿੱਤਾ ਹੈ। ਇਹ ਮੁੱਦਾ ਉਦੋਂ ਗੰਭੀਰ ਹੋ ਗਿਆ ਜਦੋਂ ਪਿਤਾ 'ਤੇ ਕੈਨੇਡੀਅਨ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਬੱਚੇ ਨੂੰ ਜ਼ਬਰਦਸਤੀ ਭਾਰਤ ਵਿੱਚ ਰੱਖਣ ਦਾ ਦੋਸ਼ ਲਗਾਇਆ ਗਿਆ।

ਜਸਟਿਸ ਮੰਜਿਰੀ ਨਹਿਰੂ ਕੌਲ ਨੇ ਫੈਸਲੇ ਦੌਰਾਨ ਕਿਹਾ ਕਿ ਭਾਰਤੀ ਅਦਾਲਤਾਂ ਨੂੰ ਵਿਦੇਸ਼ੀ ਨਾਗਰਿਕਾਂ ਨੂੰ ਆਪਣੀਆਂ ਅਦਾਲਤਾਂ ਦੀ ਪ੍ਰਕਿਰਿਆ ਨੂੰ ਬਾਈਪਾਸ ਕਰਨ ਲਈ ਇੱਕ ਸਹੂਲਤ ਵਜੋਂ ਨਹੀਂ ਵਰਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਅਧੀਨ ਦਿੱਤੇ ਗਏ ਰਿੱਟ ਅਧਿਕਾਰਾਂ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਭਾਵੇਂ ਪਿਤਾ ਦਾ ਚਰਿੱਤਰ ਨਿਰਦੋਸ਼ ਹੈ ਅਤੇ ਉਹ ਬੱਚੇ ਦੀ ਦੇਖਭਾਲ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ, ਅਤੇ ਭਾਵੇਂ ਉਹ ਬਿਨਾਂ ਕਿਸੇ ਜਾਇਜ਼ ਕਾਰਨ ਦੇ ਮਾਂ ਤੋਂ ਵੱਖ ਹੋ ਜਾਂਦਾ ਹੈ, ਫਿਰ ਵੀ ਬੱਚੇ ਦੀ ਭਲਾਈ ਲਈ ਉਸਦੀ ਕਸਟਡੀ ਮਾਂ ਕੋਲ ਰੱਖਣਾ ਵਧੇਰੇ ਉਚਿਤ ਹੋਵੇਗਾ। ਖਾਸ ਕਰਕੇ ਜਦੋਂ ਬੱਚਾ ਬਹੁਤ ਛੋਟੀ ਉਮਰ ਵਿੱਚ ਹੁੰਦਾ ਹੈ ਜਾਂ ਉਸਦੀ ਸਿਹਤ ਨਾਜ਼ੁਕ ਹੁੰਦੀ ਹੈ, ਤਾਂ ਮਾਂ ਦੀ ਕੁਦਰਤੀ ਦੇਖਭਾਲ ਅਤੇ ਭਾਵਨਾਤਮਕ ਲਗਾਵ ਦੀ ਤੁਲਨਾ ਕਿਸੇ ਵੀ ਵਿਕਲਪਕ ਦੇਖਭਾਲ ਨਾਲ ਨਹੀਂ ਕੀਤੀ ਜਾ ਸਕਦੀ।




ਇਸ ਮਾਮਲੇ ਵਿੱਚ ਪਟੀਸ਼ਨਕਰਤਾ ਮਾਂ ਵੱਲੋਂ ਵਕੀਲ ਅਭਿਨਵ ਸੂਦ ਨੇ

ਬਾਕੀ ਸਫਾ 7 ਤੇ

# ਪਹਿਲਗਾਮ ਹਮਲਾ : 'ਅਜੇ 5 ਮਿੰਟ ਪਹਿਲਾਂ ਹੀ ਪਹੁੰਚੇ ਸੀ ਕਿ ਅਚਾਨਕ ਗੋਲ਼ੀਆਂ ਚੱਲ ਪਈਆਂ ਤੇ ਭਗਦੜ ਮੱਚ ਗਈ'

## ਮਨੀਪੁਰ ਹਿੰਸਾ ਵਿੱਚ ਔਰਤਾਂ ਨੂੰ ਨੰਗੇ ਕਰਕੇ ਘੁਮਾਉਣਾ, ਬਲਾਤਕਾਰ ਕਰਨੇ, ਘਰਾਂ ਅਤੇ ਮਨੁੱਖੀ ਜਾਨਾ ਦਾ ਮਹੀਨਿਆ ਵਧੀ ਘਾਣ ਹੋਣ ਅਤੇ ਵਿਸ਼ਵ ਪੱਧਰ ਤੇ ਬਦਨਾਮ ਹੋਣ ਦੇ ਬਾਵਜੂਦ ਭਾਰਤ ਪ੍ਰਧਾਨ ਮੰਤਰੀ ਦਾ ਪਹਿਲਗਾਮ ਮਾਮਲੇ ਵਿੱਚ ਤਤਪਰ ਬਿਆਨ ਦੇਣਾ ਅਤੇ ਵਿਦੇਸ਼ ਦੌਰਾ ਰੱਦ ਕਰਨਾ ਸਹੀ ਕਦਮ ਹੈ ਪਰ ਮਨੀਪੁਰ ਸਬੰਧੀ ਧਾਰੀ ਲੰਮੀ ਚੁੱਪੀ ਦੋਹਰੇ ਚ੍ਰਿਤਰ ਉੱਤੇ ਸਵਾਲ ਬਣਦੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 94636 01616
hardipchumber57@gmail.com

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਉੱਤੇ ਮੰਗਲਵਾਰ ਹਮਲਾ ਹੋਇਆ ਹੈ।

ਬੀਬੀਸੀ ਪੱਤਰਕਾਰ ਜੈਸਿਕਾ ਰੌਂਸਲੇ ਦੀ ਰਿਪੋਰਟ ਮੁਤਾਬਕ, ਸੈਲਾਨੀਆਂ ਦੇ ਇੱਕ ਸਮੂਹ 'ਤੇ ਬੰਦੂਕਧਾਰੀਆਂ ਦੁਆਰਾ ਕੀਤੀ ਗਈ ਗੋਲੀਬਾਰੀ ਵਿੱਚ ਘੱਟੋ-ਘੱਟ 20 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਕਈ ਜ਼ਖ਼ਮੀ ਹਨ।

ਮੰਗਲਵਾਰ ਨੂੰ ਹੋਏ ਇਸ ਹਮਲੇ ਤੋਂ ਤੁਰੰਤ ਬਾਅਦ, ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰਿਆ ਹੋਇਆ ਹੈ ਅਤੇ ਹਮਲਾਵਰਾਂ ਦੀ ਭਾਲ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਇਸ ਹਮਲੇ ਦੇ ਮੱਦੇਨਜ਼ਰ ਸਾਊਦੀ ਅਰਬ ਦੀ ਆਪਣੀ ਸਰਕਾਰੀ ਫੇਰੀ ਨੂੰ ਵਿੱਚ ਹੀ ਖ਼ਤਮ ਕਰਕੇ ਵਾਪਸ ਦਿੱਲੀ ਪਰਤ ਆਏ ਹਨ।

ਖ਼ਬਰ ਏਜੰਸੀ ਪੀਟੀਆਈ ਮੁਤਾਬਕ, ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਮੰਗਲਵਾਰ ਨੂੰ ਹੋਏ ਕੱਟੜਪੰਥੀ ਹਮਲੇ ਤੋਂ ਬਾਅਦ ਦਿੱਲੀ ਤੱਕ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ।

ਖ਼ਬਰ ਏਜੰਸੀ ਏਐੱਨਆਈ ਨੇ ਭਾਰਤ ਸਰਕਾਰ ਦੇ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਾਊਦੀ ਅਰਬ ਦੁਆਰਾ ਆਯੋਜਿਤ ਸਰਕਾਰੀ ਰਾਤ ਦੇ ਖਾਣੇ ਨੂੰ ਛੱਡ ਦਿੱਤਾ ਅਤੇ ਆਪਣੀ ਫੇਰੀ ਨੂੰ ਛੋਟਾ ਕਰਨ ਦਾ ਫ਼ੈਸਲਾ ਕੀਤਾ।

ਅਸਲ ਵਿੱਚ ਉਨ੍ਹਾਂ ਨੇ ਵੀਰਵਾਰ ਰਾਤ ਵਾਪਸ ਆਉਣਾ ਸੀ, ਹੁਣ ਉਹ ਬੁੱਧਵਾਰ ਸਵੇਰੇ ਭਾਰਤ ਪਹੁੰਚੇ।

ਐਕਸ 'ਤੇ ਇੱਕ ਪੋਸਟ ਵਿੱਚ, ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਪ੍ਰਧਾਨ ਮੰਤਰੀ ਨੇ ਸਾਊਦੀ ਅਰਬ ਦੀ ਆਪਣੀ ਸਰਕਾਰੀ ਫ਼ੇਰੀ ਸਮਾਪਤ ਕੀਤੀ ਹੈ ਅਤੇ ਭਾਰਤ ਲਈ ਯੋਜਨਾ ਬਣਾਈ ਹੈ।"

ਗ੍ਰਹਿ ਮੰਤਰੀ ਅਮਿਤ ਸ਼ਾਹ ਸ੍ਰੀਨਗਰ ਪਹੁੰਚ ਗਏ ਹਨ ਅਤੇ ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਤੋਂ ਘਟਨਾ ਦੀ ਜਾਣਕਾਰੀ ਲਈ।

ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਨੂੰ ਹਾਲ ਹੀ ਦੇ ਸਾਲਾਂ ਵਿੱਚ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਸਭ ਤੋਂ ਵੱਡਾ ਹਮਲਾ ਦੱਸਿਆ ਹੈ।

ਬੀਬੀਸੀ ਪੱਤਰਕਾਰ ਮਾਜਿਦ ਜਹਾਂਗੀਰ ਦੇ ਅਨੁਸਾਰ, ਕੁਝ ਜ਼ਖ਼ਮੀਆਂ ਨੂੰ ਅਨੰਤਨਾਗ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਜੰਮੂ-ਕਸ਼ਮੀਰ ਦੀ ਸਿਹਤ ਮੰਤਰੀ ਸਕੀਨਾ ਇਟੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੁਝ ਜ਼ਖ਼ਮੀਆਂ ਨੂੰ ਅਨੰਤਨਾਗ ਮੈਡੀਕਲ ਕਾਲਜ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਤਿੰਨ ਲੋਕਾਂ ਦੀ ਹਾਲਤ ਹੁਣ ਸਥਿਰ ਹੈ ਜਦਕਿ ਇੱਕ ਦੀ ਹਾਲਤ ਨਾਜ਼ੁਕ ਹੈ।




ਉਨ੍ਹਾਂ ਨੇ ਤਿੰਨ ਹੋਰ ਜ਼ਖ਼ਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਵਿੱਚੋਂ ਇੱਕ ਨੂੰ ਸ੍ਰੀਨਗਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਮਾਜਿਦ ਜਹਾਂਗੀਰ ਨੇ ਇਸ ਹਮਲੇ ਬਾਰੇ ਗੁਜਰਾਤ ਦੇ ਇੱਕ ਸੈਲਾਨੀ ਨਾਲ ਗੱਲ ਕੀਤੀ ਹੈ, ਜੋ ਉਸੇ ਸਮੂਹ ਵਿੱਚ ਸੀ ਜਿਸ 'ਤੇ ਗੋਲੀਬਾਰੀ ਹੋਈ ਸੀ।

ਸੈਲਾਨੀ ਨੇ ਦੱਸਿਆ ਹੈ ਕਿ ਅਚਾਨਕ ਹੋਈ ਗੋਲੀਬਾਰੀ ਕਾਰਨ ਹਫੜਾ-ਦਫੜੀ ਮਚ ਗਈ ਅਤੇ ਹਰ ਕੋਈ ਰੋਂਦਾ-ਕੁਰਲਾਉਂਦਾ ਇਧਰ-ਉਧਰ ਭੱਜਣ ਲੱਗਾ।

ਯਮੁਨਾ ਜਗਦਾਲੇ ਨੇ ਖ਼ਬਰ ਏਜੰਸੀ ਏਐੱਨਆਈ ਨੂੰ ਦੱਸਿਆ ਕਿ ਉਨ੍ਹਾਂ ਦੇ ਦਿਓਰ ਅਤੇ ਦਰਾਣੀ ਆਪਣੀ ਧੀ ਦੇ ਨਾਲ ਕਸ਼ਮੀਰ ਘੁੰਮਣ ਗਏ ਸਨ।

ਉਨ੍ਹਾਂ ਨੇ ਕਿਹਾ, "ਸਾਨੂੰ ਤਾਂ ਇਹੀ ਖ਼ਬਰ ਮਿਲੀ ਹੈ ਕਿ ਮੇਰੇ ਦਿਓਰ ਨੂੰ ਗੋਲੀ ਲੱਗੀ ਅਤੇ ਬਾਕੀ ਮਾਵਾਂ ਧੀਆਂ ਸੁਰੱਖਿਅਤ ਹਨ। ਬਾਕੀ ਮੇਰਾ ਕੋਈ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਰਿਹਾ।"

### ਚਸ਼ਮਦੀਦਾਂ ਨੇ ਕੀ ਦੱਸਿਆ

ਇੱਕ ਚਸ਼ਮਦੀਦ ਨੇ ਦੱਸਿਆ ਕਿ ਉਹ ਪਹਿਲਗਾਮ ਘੁੰਮਣ ਗਏ ਸੀ ਅਸੀਂ ਜਦੋਂ ਸਾਰਾ ਘੁੰਮ ਲਿਆ ਤਾਂ ਇਹ ਹਾਦਸਾ ਵਾਪਰਿਆ।

ਉਨ੍ਹਾਂ ਦੱਸਿਆ, "ਮੈਂ ਗੋਲੀਆਂ ਚਲਾਉਂਦੇ ਹੋਏ ਨਹੀਂ ਦੇਖਿਆ ਕਿਸੇ ਨੂੰ ਕਿਉਂਕਿ ਅਸੀਂ 20 ਫੁੱਟ ਦੂਰ ਸੀ। ਜਦੋਂ ਗੋਲੀਆਂ ਚੱਲ ਰਹੀਆਂ ਸੀ ਤਾਂ ਅਸੀਂ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ। ਲੋਕ ਇੱਕ-ਦੂਜੇ ਡਿੱਗ ਰਹੇ ਸਨ। ਉੱਥੋਂ ਬਾਹਰ ਆਉਣ ਵਾਲਾ ਦਰਵਾਜ਼ਾ 4 ਫੁੱਟ ਦਾ ਸੀ।"

ਇੱਕ ਹੋਰ ਚਸ਼ਮਦੀਦ ਨੇ ਦੱਸਿਆ, "ਲੋਕਾਂ ਨੇ ਆਵਾਜ਼ਾਂ ਦਿੱਤੀਆਂ ਕਿ ਗੋਲੀਆਂ ਚੱਲ ਰਹੀਆਂ ਹਨ, ਬੱਸ ਤੁਰਦੇ ਜਾਓ। ਅਸੀਂ ਅੱਗੇ ਭੱਜ ਰਹੇ ਸੀ ਲੋਕ ਪਿੱਛੇ ਭੱਜ ਰਹੇ ਸਨ। ਲੋਕ ਇੱਕ-ਦੂਜੇ ਉੱਤੇ ਚੜ੍ਹ ਰਹੇ ਸਨ। ਕਾਫੀ ਸੈਲਾਨੀ ਸਨ ਅਤੇ ਬੱਚੀ ਵੀ ਸਨ। ਲੱਗਾ ਹੀ ਨਹੀਂ ਕਿ ਅਸੀਂ ਬਚ ਸਕਾਂਗੇ।"

ਇੱਕ ਹੋਰ ਚਸ਼ਮਦੀਦ ਨੇ ਦੱਸਿਆ, ''ਸਾਨੂੰ ਉੱਥੇ ਬੈਠਿਆਂ ਨੂੰ 5-10 ਮਿੰਟ ਹੀ ਹੋਏ ਸਨ ਕਿ ਅਚਾਨਕ ਫਾਇਰਿੰਗ ਸ਼ੁਰੂ ਹੋ ਗਈ। ਉਸ ਤੋਂ ਹਫੜਾ-ਦਫੜੀ ਮੱਚ ਗਈ। ਸਾਰੇ ਲੋਕ ਇੱਧਰ ਉੱਧਰ ਭੱਜਣ ਲੱਗੇ।''

''ਕੋਈ ਗਿਰ ਗਿਆ, ਕਿਸੇ ਦਾ ਹੱਥ ਟੁੱਟ ਗਿਆ, ਕਿਸੇ ਨੂੰ ਕਿਤੇ ਸੱਟ ਵੱਜੀ। ਇਹ ਗੋਲੀਆਂ ਕਰੀਬ 10-15 ਮਿੰਟ ਚੱਲਦੀਆਂ ਰਹੀਆਂ। ਪਹਿਲਾਂ ਇੱਕ ਫਾਇਰ ਹੋਇਆ, ਫੇਰ ਦੂਜਾ..ਤੀਜਾ ਅਤੇ ਫੇਰ ਬਹੁਤ ਤੇਜ਼ ਫਾਇਰਿੰਗ ਹੋਣ ਲੱਗੀ।''

'ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ'- ਪੀਐੱਮ ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਇਸ ਘਿਨਾਉਣੀ ਘਟਨਾ ਦੇ ਪਿੱਛੇ ਜੋ ਲੋਕ ਹਨ, ਉਨ੍ਹਾਂ ਨੂੰ ਸਖ਼ਤ ਸਜ਼ਾ ਮਿਲੇਗੀ। ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।"

ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਘਾਟੀ ਵਿੱਚ ਸੈਲਾਨੀਆਂ ਦਾ ਸੀਜ਼ਨ ਆਪਣੇ ਸਿਖ਼ਰ 'ਤੇ ਹੈ।

ਪਹਿਲਗਾਮ ਸੈਲਾਨੀਆਂ ਵਿੱਚ ਬਹੁਤ ਮਸ਼ਹੂਰ ਹੈ। ਇਸ ਦੇ ਹਰੇ ਭਰੇ ਮੈਦਾਨਾਂ ਅਤੇ ਝੀਲਾਂ ਦੇ ਕਾਰਨ, ਹਰ ਸਾਲ ਬਹੁਤ ਸਾਰੇ ਸੈਲਾਨੀ ਇੱਥੇ ਆਉਂਦੇ ਹਨ।

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲ੍ਹਾ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ।

ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਮੈਂ ਬਿਲਕੁਲ ਹੈਰਾਨ ਹਾਂ। ਸੈਲਾਨੀਆਂ 'ਤੇ ਇਹ ਹਮਲਾ ਇੱਕ ਘਿਣਾਉਣਾ ਕੰਮ ਹੈ।"

ਉਨ੍ਹਾਂ ਲਿਖਿਆ, "ਮਰਨ ਵਾਲਿਆਂ ਦੀ ਗਿਣਤੀ ਦਾ ਅਜੇ ਵੀ ਪਤਾ ਲਗਾਇਆ ਜਾ ਰਿਹਾ ਹੈ। ਮੈਂ ਇਸ ਸਮੇਂ ਵੇਰਵਿਆਂ ਵਿੱਚ ਨਹੀਂ ਜਾ ਰਿਹਾ ਹਾਂ। ਸਥਿਤੀ ਸਪੱਸ਼ਟ ਹੁੰਦੇ ਹੀ ਇਸ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਜਾਵੇਗਾ। ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਹਾਲ ਹੀ ਦੇ ਸਮੇਂ ਵਿੱਚ ਆਮ ਨਾਗਰਿਕਾਂ 'ਤੇ ਸਭ ਤੋਂ ਵੱਡਾ ਹਮਲਾ ਹੈ।"

ਭਾਰਤੀ ਦੌਰੇ ਉੱਤੇ ਆਏ ਅਮਰੀਕਾ ਉੱਪ ਰਾਸ਼ਟਰਪਤੀ ਜੇਡੀ ਵੇਂਸ ਨੇ ਵੀ ਇਸ ਹਮਲੇ ਦੀ ਨਿੰਦਾ ਕੀਤੀ ਹੈ।

ਉਨ੍ਹਾਂ ਐਕਸ ਹੈਂਡਲ ਉੱਤੇ ਲਿਖਿਆ ਹੈ, "ਮੈਂ ਅਤੇ ਉਸ਼ਾ ਭਾਰਤ ਦੇ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਦੇ ਪੀੜਤਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕਰਦੇ ਹਾਂ। ਪਿਛਲੇ ਕੁਝ ਦਿਨਾਂ ਤੋਂ, ਅਸੀਂ ਇਸ ਦੇਸ਼ ਅਤੇ ਇਸ ਦੇ ਲੋਕਾਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਏ ਹਾਂ। ਇਸ ਭਿਆਨਕ ਹਮਲੇ ਦੇ ਸੋਗ ਵਿੱਚ ਸਾਡੀਆਂ ਦੁਆਵਾਂ ਉਨ੍ਹਾਂ ਦੇ ਨਾਲ ਹਨ।"

### ਅਮਿਤ ਸ਼ਾਹ ਨੇ ਹਮਲੇ 'ਤੇ ਕੀ ਕਿਹਾ?

ਸੈਲਾਨੀਆਂ 'ਤੇ ਹੋਈ ਗੋਲੀਬਾਰੀ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਤੋਂ ਮੈਂ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਨ।"

ਅਮਿਤ ਸ਼ਾਹ ਨੇ ਕਿਹਾ ਹੈ ਕਿ ਇਸ ਘਟਨਾ ਲਈ ਜੋ ਵੀ ਜ਼ਿੰਮੇਵਾਰ ਹੈ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਪੂਰੀ ਤਾਕਤ ਨਾਲ ਜਵਾਬ ਦਿੱਤਾ ਜਾਵੇਗਾ।

ਅਮਿਤ ਸ਼ਾਹ ਨੇ ਕਿਹਾ ਹੈ, "ਪ੍ਰਧਾਨ ਮੰਤਰੀ ਮੋਦੀ ਨੂੰ ਇਸ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ ਸਬੰਧਤ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ ਗਈ ਹੈ।"

ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਇਸ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਹਮਲਾਵਰਾਂ ਨੂੰ ਛੱਡਿਆ ਨਹੀਂ ਜਾਵੇਗਾ।

ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਮੈਂ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਕਾਇਰਤਾਪੂਰਨ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ। ਜਿਨ੍ਹਾਂ ਲੋਕਾਂ ਨੇ ਇਹ ਘਿਨਾਉਣਾ ਹਮਲਾ ਕੀਤਾ ਹੈ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।"

"ਮੈਂ ਡੀਜੀਪੀ ਅਤੇ ਸੁਰੱਖਿਆ ਅਧਿਕਾਰੀਆਂ ਨਾਲ ਗੱਲ ਕੀਤੀ ਹੈ। ਫੌਜ ਅਤੇ ਪੁਲਿਸ ਬਲਾਂ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਆਪਣਾ ਆਪਰੇਸ਼ਨ ਚਲਾ ਰਹੇ ਹਨ।"

ਜਦਕਿ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਹਮਲੇ ਦੀ ਨਿੰਦਾ ਕਰਦੇ ਹੋਏ ਐਕਸ 'ਤੇ ਲਿਖਿਆ, "ਮੈਂ ਪਹਿਲਗਾਮ ਵਿੱਚ ਹੋਏ ਇਸ ਕਾਇਰਤਾਪੂਰਨ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੀ ਹਾਂ। ਇਸ ਤਰ੍ਹਾਂ ਦੀ ਹਿੰਸਾ ਬਿਲਕੁਲ ਅਸਵੀਕਾਰਨਯੋਗ ਹੈ।"

"ਇਤਿਹਾਸਕ ਤੌਰ 'ਤੇ, ਕਸ਼ਮੀਰ ਨੇ ਸੈਲਾਨੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕਰਦਾ ਹੈ। ਇਸ ਲਈ, ਹਮਲੇ ਦੀਆਂ ਦੁਰਲੱਭ ਘਟਨਾਵਾਂ ਬਹੁਤ ਚਿੰਤਾਜਨਕ ਹਨ।"

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਕਾਇਰਤਾਪੂਰਨ ਅੱਤਵਾਦੀ ਹਮਲੇ ਵਿੱਚ ਸੈਲਾਨੀਆਂ ਦੀ ਮੌਤ ਅਤੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਬਹੁਤ ਨਿੰਦਣਯੋਗ ਅਤੇ ਦਿਲ ਦਹਿਲਾ ਦੇਣ ਵਾਲੀ ਹੈ।"

# ਮਾਰਕਿਟ ਕਮੇਟੀ ਮੋਰਿੰਡਾ ਦੇ ਚੇਅਰਮੈਨ ਐਨ ਪੀ ਰਾਣਾ ਵੱਲੋਂ ਵੱਖ ਵੱਖ ਮੰਡੀਆਂ ਦਾ ਦੌਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 23 ਅਪ੍ਰੈਲ ( ਪਤਰ ਪ੍ਰੇਰਕ) ਮਾਰਕੀਟ ਕਮੇਟੀ ਮੋਰਿੰਡਾ ਦੇ ਚੇਅਰਮੈਨ ਐਨ ਪੀ ਰਾਣਾ ਵੱਲੋਂ ਕਮੇਟੀ ਦੇ ਸਕੱਤਰ ਅਤੇ ਹੋਰ ਕਰਮਚਾਰੀਆਂ ਦੇ ਨਾਲ ਅਨਾਜ ਮੰਡੀ ਮੋਰਿੰਡਾ ਦਾ ਦੌਰਾ ਕੀਤਾ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਚੇਅਰਮੈਨ ਐਨ ਪੀ ਰਾਣਾ ਨੇ ਦੱਸਿਆ ਕਿ ਅਨਾਜ ਮੰਡੀ



ਮੋਰਿੰਡਾ ਦੇ ਨਾਲ ਨਾਲ ਫੋਕਲ ਪੁਆਇੰਟ ਰਸੂਲਪੁਰ ਅਤੇ ਚੱਕਲਾਂ ਵਿਖੇ ਵੀ ਕਿਸਾਨਾਂ ਤੇ ਆੜਤੀਆਂ ਨੂੰ ਮਿਲ ਕੇ ਉਹਨਾਂ ਦੀ ਸਮੱਸਿਆ ਬਾਰੇ ਜਾਣੂ ਕਰਵਾਇਆ ਗਿਆ ਸੀ ਇਸ ਤਰਾਂ ਆੜਤੀਆਂ ਦੇ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਦੇ ਭਰੋਸਾ ਜਤਾਇਆ ਗਿਆ ਕਿ ਨਾ ਇਸ ਸੀਜਨ ਦੌਰਾਨ ਕਿਸੇ ਪ੍ਰਕਾਰ ਦੀ ਲਿਫਟਿੰਗ ਅਤੇ ਪੈਸਿਆਂ ਨੂੰ ਲੈ ਕੇ ਕੋਈ ਸਮੱਸਿਆ ਨਹੀਂ ਆ ਰਹੀ ਇਸ ਮੌਕੇ ਪਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਨੌਜਵਾਨ ਆਗੂ ਮਨਦੀਪ ਸਿੰਘ ਰੌਣੀ, ਧਰਮਿੰਦਰ ਸਿੰਘ ਕੋਟਲੀ, ਅੰਮ੍ਰਿਤਪਾਲ ਸਿੰਘ ਖੱਟੜਾ, ਜਰਨੈਲ ਸਿੰਘ ਸੱਖੋਮਾਜਰਾ ਕਰਮਜੀਤ ਭੁੱਲਰ, ਜਸਵਿੰਦਰ ਸਿੰਘ ਆਦ ਨੇ ਕਿਹਾ ਕਿ ਅਨਾਜ ਮੰਡੀ ਮੋਰਿੰਡਾ ਸਾਹਿਤ ਬਾਕੀ ਮੰਡੀਆਂ ਵਿੱਚ ਵੀ ਕਣਕ ਦੀ ਖਰੀਦ ਉਹ ਲੈ ਕੇ ਕਿਸੇ ਪ੍ਰਕਾਰ ਦੇ ਕੋਈ ਸਮੱਸਿਆ ਨਹੀਂ ਆ ਰਹੀ।

# ਸਰਬੱਤ ਦੇ ਭਲੇ ਲਈ, ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਕੀਰਤਨ ਸਮਾਗਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 23 ਅਪ੍ਰੈਲ (ਪਤਰ ਪ੍ਰੇਰਕ ) ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਨਾਲ ਸਬੰਧਤ ਨਿਸ਼ਕਾਮ ਸੇਵਕਾਂ ਵੱਲੋਂ ਗੁਰਦੁਆਰਾ ਸਾਹਿਬ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ




ਗਿਣਤੀ ਵਿਚ ਸ਼ਮੂਲੀਅਤ ਕਰ ਕੇ ਹਾਜ਼ਰੀਆਂ ਭਰੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਸ਼ਕਾਮ ਸੇਵਕ ਨੇ ਦੱਸਿਆ ਕਿ ਪਾਠ ਦੇ ਭੋਗ ਪਾਉਣ ਉਪਰੰਤ ਪ੍ਰਸਿੱਧ ਰਾਗੀ ਭਾਈ ਜਗਦੀਪ ਸਿੰਘ ਹਰਗਣਾ ਵਾਲਿਆਂ ਵਲੋਂ ਅਪਣੇ ਜਥੇ ਸਮੇਤ ਕੀਰਤਨ ਦੁਆਰਾ ਸੰਗਤਾਂ ਨੂੰ ਰਸ ਭਿੰਨੀ ਬਾਣੀ ਸੁਣਾ ਕੇ ਨਿਹਾਲ ਕੀਤਾ। ਰਾਗੀ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਤੇ ਅਮਲ ਕਰਕੇ ਅਨੰਦਮਈ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਤੇ ਸੇਵਾਦਾਰਾ ਵੱਲੋਂ ਸੰਗਤਾਂ ਲਈ ਛੋਲੇ, ਭਟੂਰਿਆਂ ਦਾ ਲੰਗਰ ਲਗਾਇਆ ਗਿਆ। ਇਸ ਸਮੇਂ ਅਨੇਕਾਂ ਨਿਸ਼ਕਾਮ ਸੇਵਕਾਂ ਤੋਂ ਇਲਾਵਾ ਕਾਰ ਸੇਵਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ ਹਾਜ਼ਰ ਸਨ।

# ਤਹਿਸੀਲਦਾਰ ਲਾਰਸਨ ਸਿੰਗਲਾ ਨੇ ਪਾਸ ਕੀਤੀ ਯੂ.ਪੀ.ਐਸ.ਸੀ. ਪ੍ਰੀਖਿਆ

## ਡਿਪਟੀ ਕਮਿਸ਼ਨਰ ਨੇ ਦਿੱਤੀ ਵਧਾਈ, ਕਿਹਾ ਮਾਣ ਵਾਲੀ ਗੱਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਥਾਨਕ ਤਹਿਸੀਲ ਕੰਪਲੈਕਸ ਵਿਖੇ ਤਾਇਨਾਤ ਤਹਿਸੀਲਦਾਰ ਲਾਰਸਨ ਸਿੰਗਲਾ ਨੇ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਦੀ ਪ੍ਰੀਖਿਆ ਪਾਸ ਕਰਦਿਆਂ 936ਵਾਂ ਰੈਂਕ ਹਾਸਲ ਕੀਤਾ ਹੈ। ਯੂ.ਪੀ.ਐਸ.ਸੀ. ਪ੍ਰੀਖਿਆ ਦਾ ਨਤੀਜਾ ਆਉਣ 'ਤੇ ਤਹਿਸੀਲਦਾਰ ਲਾਰਸਨ ਸਿੰਗਲਾ ਨੇ ਆਪਣੀ ਪ੍ਰਾਪਤੀ ਦਾ ਸਿਹਰਾ ਦਾਦਾ-ਦਾਦੀ, ਮਾਤਾ-ਪਿਤਾ ਅਤੇ ਆਪਣੇ ਅਧਿਆਪਕਾਂ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਮਾਪਿਆਂ ਵਲੋਂ ਉਨ੍ਹਾਂ ਨੂੰ ਆਈ.ਏ.ਐਸ. ਬਣਾਉਣ ਦਾ ਸੁਪਨਾ ਸਾਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੀਖਿਆ ਪਾਸ ਕਰਨ ਪਿੱਛੇ ਸਮਰਪਣ ਭਾਵਨਾ ਅਤੇ ਸਖ਼ਤ ਮਿਹਨਤ ਰਹਿੰਦੀ ਹੈ ਜਿਸ ਸਦਕਾ ਯੂ.ਪੀ.ਐਸ.ਸੀ. ਕਲੀਅਰ ਹੋਇਆ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਤਹਿਸੀਲਦਾਰ ਲਾਰਸਨ ਸਿੰਗਲਾ ਨੂੰ ਇਸ ਪ੍ਰਾਪਤੀ 'ਤੇ ਵਧਾਈਆਂ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਉਨ੍ਹਾਂ 'ਤੇ ਮਾਣ ਹੈ ਜਿਨ੍ਹਾਂ ਨੇ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਕੇ ਆਪਣੇ ਮਾਪਿਆਂ ਦਾ ਸੁਪਨਾ ਪੂਰਾ ਕੀਤਾ ਹੈ। ਲਾਰਸਨ ਸਿੰਗਲਾ ਨੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੀਨੀਅਰ ਅਧਿਕਾਰੀਆਂ ਵਲੋਂ ਸਮੇਂ-ਸਮੇਂ 'ਤੇ ਕੀਤੀ ਅਗਵਾਈ ਅਤੇ ਦਿੱਤਾ ਸਹਿਯੋਗ ਉਨ੍ਹਾਂ ਲਈ ਬੇਹੱਦ ਲਾਹੇਵੰਦ ਸਾਬਤ ਹੋਇਆ ਹੈ। ਪਟਿਆਲਾ ਜ਼ਿਲ੍ਹੇ ਦੇ ਕਸਬਾ ਪਾਤੜਾਂ ਦੇ ਵਸਨੀਕ ਲਾਰਸਨ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵਿਚ ਪਹਿਲਾਂ ਕਿਸੇ ਨੇ ਯੂ.ਪੀ.ਐਸ.ਸੀ. ਪ੍ਰੀਖਿਆ ਨਹੀਂ ਦਿੱਤੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਚਾਹੁੰਦੇ ਸਨ ਕਿ ਉਹ ਇਹ ਪ੍ਰੀਖਿਆ ਪਾਸ ਕਰਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਦਾਦਾ ਸੇਵਾਮੁਕਤ ਅਧਿਆਪਕ ਹਨ ਅਤੇ ਪਿਤਾ ਵੀ ਸਾਇੰਸ ਦੇ ਅਧਿਆਪਕ ਸਨ ਜੋ ਹੁਣ ਸਮਾਜ ਸੇਵਾ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਇਹ ਪ੍ਰੀਖਿਆ ਪਾਸ ਕਰਨ ਲਈ ਨਾ ਸਿਰਫ ਸਾਇੰਸ ਪੜ੍ਹਾਈ ਸਗੋਂ ਹਮੇਸ਼ਾ ਪ੍ਰੇਰਿਤ ਕੀਤਾ।

# ਰਾਜ ਦੇ ਸਕੂਲਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਕੀਤਾ ਜਾ ਰਿਹਾ ਹੈ ਲੈਸ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ 2 ਸਕੂਲਾਂ 'ਚ ਹੋਏ 12 ਲੱਖ ਰੁਪਏ ਦੇ ਵਿਕਾਸ ਕਾਰਜ ਦਾ ਕੀਤਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਦੋ ਸਕੂਲਾਂ ਵਿੱਚ ਕਰੀਬ 12 ਲੱਖ ਰੁਪਏ ਦੀ ਲਾਗਤ ਨਾਲ ਪੂਰੇ ਹੋਏ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਿੱਖਿਆ ਦਾ ਇੱਕ ਨਵਾਂ ਮਾਹੌਲ ਸਿਰਜਿਆ ਹੈ। ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਨੂੰ ਪੂਰੀ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਿੱਖਿਆ ਮਾਡਲ ਦੂਜੇ ਰਾਜਾਂ ਲਈ ਵੀ ਇੱਕ ਮਿਸਾਲ ਬਣੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਬਜਟ ਵਿੱਚ 12 ਫੀਸਦੀ ਵਾਧਾ ਕੀਤਾ ਹੈ, ਜਿਸ ਨਾਲ ਸਕੂਲਾਂ ਦੇ ਸਰਵਪੱਖੀ ਵਿੱਚ ਬਿਹਤਰ ਬੁਨਿਆਦੀ ਢਾਂਚੇ ਦੀ ਸਥਾਪਨਾ ਕਾਰਨ ਸਰਕਾਰੀ ਸਕੂਲਾਂ ਦੇ ਪੱਧਰ ਵਿੱਚ ਰਿਕਾਰਡ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿੱਖਿਆ ਖੇਤਰ ਵੱਲ ਦਿੱਤੇ ਗਏ ਵਿਸ਼ੇਸ਼ ਧਿਆਨ ਕਾਰਨ ਬਜਟ ਵਿੱਚ ਕਰੀਬ 18,000 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜਿਸ ਨਾਲ ਸਰਕਾਰੀ ਸਕੂਲਾਂ ਦੇ ਸਰਵਪੱਖੀ ਵਿਕਾਸ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਬਲਵਿੰਦਰ ਬਿੰਦੀ, ਕੌਂਸਲਰ ਜਤਿੰਦਰ ਕੌਰ ਪਿੰਕੀ, ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ , ਰਾਕੇਸ਼ ਕੁਮਾਰ, ਪ੍ਰਿੰਸੀਪਲ ਤ੍ਰਿਲੋਚਨ ਸਿੰਘ, ਅਮਰਜੀਤ ਸਿੰਘ , ਚੰਦਰ ਪ੍ਰਕਾਸ਼ ਸੈਣੀ, ਬੀ.ਐਨ.ਓ ਜਗਤਾਰ ਸਿੰਘ, ਸੰਤੋਸ਼ ਸੈਣੀ, ਕੰਚਨ ਦਿਓਲ, ਚੰਦਨ ਲੱਕੀ, ਗੁਰਮੇਲ ਸਿੰਘ, ਪ੍ਰਿਤਪਾਲ, ਅਮਰਜੋਤ ਤੋਂ ਇਲਾਵਾ ਪਿੰਡ ਦੀਆਂ ਪੰਚਾਇਤਾਂ ਵੀ ਮੌਜੂਦ ਸਨ।

# ਨਗਰ ਨਿਗਮ ਤੇ ਬੀਓਂਡ ਦੀ ਆਈ ਟਰੱਸਟ ਫਾਊਂਡੇਸ਼ਨ ਵਲੋਂ ਭੰਗੀ ਚੋਅ ਵਿਖੇ ਮਨਾਇਆ ਵਿਸ਼ਵ ਧਰਤੀ ਦਿਵਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਨਗਰ ਨਿਗਮ ਅਤੇ ਬੀਓਂਡ ਦੀ ਆਈ ਟਰੱਸਟ ਫਾਊਂਡੇਸ਼ਨ ਵਲੋਂ ਸਾਂਝੇ ਤੌਰ 'ਤੇ ਭੰਗੀ ਚੋਅ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ, ਜਿਸ ਵਿਚ ਵਿਧਾਇਕ ਬ੍ਰਮ ਸ਼ੰਕਰ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਅਤੇ ਬੀਓਂਡ ਦੀ ਆਈ ਟਰੱਸਟ ਫਾਊਂਡੇਸ਼ਨ ਵਲੋਂ ਮਨਵੀਨ ਕੌਰ, ਤਰਨਜੀਤ ਸਿੰਘ, ਨੈਂਨਸੀ ਸਿੰਘ ਅਤੇ ਸਮੀਰਾਜ ਸਿੰਘ ਵਲੋਂ ਭਾਗ ਲਿਆ ਗਿਆ। ਇਸ ਦੇ ਨਾਲ ਹੀ ਸ਼ਹਿਰ ਦੇ ਵੱਖ-ਵੱਖ ਸਕੂਲਾ ਅਤੇ ਕਾਲਜਾ ਦੇ ਵਿਦਿਆਰਥੀਆਂ ਅਤੇ ਅਧਿਆਪਕਾ ਵਲੋਂ ਇਸ ਈਵੈਂਟ ਵਿਚ ਭਾਗ ਲਿਆ ਗਿਆ। ਇਸ ਈਵੈਂਟ ਦਾ ਮੁੱਖ ਮੰਤਵ ਹੱਥੀ ਸਫਾਈ ਨੂੰ ਪਹਿਲ ਦਿੰਦੇ ਹੋਏ ਆਪਣੇ ਸ਼ਹਿਰ ਨੂੰ ਸਾਫ ਸੁਥਰਾ ਅਤੇ ਵਾਤਾਵਰਣ ਨੂੰ ਹਰਾ ਭਰਾ ਅਤੇ ਸ਼ੁੱਧ ਰੱਖਣਾ ਸੀ। ਈਵੈਂਟ ਦੇ ਸ਼ੁਰੂਆਤ ਵਿਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵਲੋਂ ਈਵੈਂਟ ਵਿਚ ਭਾਗ ਲੈਣ ਵਾਲੇ ਸਮੂਹ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਵਿਸ਼ਵ ਧਰਤੀ ਦਿਵਸ ਦੇ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਜਿਸ ਉਪਰੰਤ ਭੰਗੀ ਚੋਅ ਦੀ ਸਫਾਈ ਕਰਵਾਈ ਗਈ। ਇਸ ਵਿਚ ਸਮੂਹ ਮੌਜੂਦ ਅਧਿਕਾਰੀਆਂ ਵਲੋਂ ਸਫਾਈ ਕੀਤੀ ਗਈ ਅਤੇ ਈਵੈਂਟ ਦੇ ਆਖਿਰ ਵਿਚ ਭਾਗ ਲੈਣ ਵਾਲੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਨੂੰ ਪੌਦੇ ਵੰਡ ਕੇ ਵਾਤਾਵਰਣ ਨੂੰ ਹਰਾ ਭਰਾ ਅਤੇ ਸਾਫ ਸੁੱਥਰਾ ਰੱਖਣ ਦਾ ਸੰਦੇਸ਼ ਦਿੱਤਾ ਗਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਭੰਗੀ ਚੋਅ ਵਿਚ ਕੂੜਾ ਨਾ ਸੁੱਟਿਆ ਜਾਵੇ।

## ( ਸਫਾ 5 ਦਾ ਬਾਕੀ) ਹਾਈ ਕੋਰਟ ਨੇ ਕੈਨੇਡੀਅਨ ਔਰਤ ਦੀ ਪਟੀਸ਼ਨ 'ਤੇ ਬੱਚੇ ਦੀ ਕਸਟਡੀ ਦਾ ਦਿੱਤਾ ਹੁਕਮ

ਦਲੀਲ ਦਿੱਤੀ। ਉਸਨੇ ਅਦਾਲਤ ਨੂੰ ਦੱਸਿਆ ਕਿ ਪਿਤਾ ਨੂੰ ਕੈਨੇਡੀਅਨ ਅਦਾਲਤ ਨੇ ਕੁਝ ਸ਼ਰਤਾਂ ਦੇ ਅਧੀਨ ਸਿਰਫ਼ 2 ਤੋਂ 3 ਹਫ਼ਤਿਆਂ ਲਈ ਬੱਚੇ ਨਾਲ ਭਾਰਤ ਆਉਣ ਦੀ ਇਜਾਜ਼ਤ ਦਿੱਤੀ ਸੀ। ਹਾਲਾਂਕਿ, ਪਿਤਾ ਨੇ ਨਾ ਸਿਰਫ਼ ਕੈਨੇਡਾ ਵਾਪਸ ਜਾਣ ਤੋਂ ਇਨਕਾਰ ਕਰਕੇ, ਸਗੋਂ ਭਾਰਤ ਸਰਕਾਰ ਤੋਂ ਵੀਜ਼ਾ ਐਕਸਟੈਂਸ਼ਨ ਪ੍ਰਾਪਤ ਕਰਕੇ ਵੀ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕੀਤੀ, ਜਦੋਂ ਕਿ ਮਾਂ ਨੂੰ ਬੱਚੇ ਦੀ ਪੂਰੀ ਹਿਰਾਸਤ ਅਤੇ ਫੈਸਲਾ ਲੈਣ ਦੇ ਅਧਿਕਾਰ ਦੇਣ ਵਾਲੇ ਕੈਨੇਡੀਅਨ ਅਦਾਲਤ ਦੇ ਹੁਕਮ ਨੂੰ ਛੁਪਾਇਆ।

ਅਦਾਲਤ ਨੇ ਇਹ ਵੀ ਪਾਇਆ ਕਿ ਜਦੋਂ ਕਿ ਪਿਤਾ ਨੂੰ ਭਾਰਤ ਸਰਕਾਰ ਨੇ 15 ਜਨਵਰੀ, 2026 ਤੱਕ ਵੀਜ਼ਾ ਵਧਾ ਦਿੱਤਾ ਹੈ, ਬੱਚੇ ਦਾ ਵੀਜ਼ਾ, ਜੋ ਕਿ ਕੈਨੇਡੀਅਨ ਨਾਗਰਿਕ ਹੈ, ਪਹਿਲਾਂ ਹੀ ਖਤਮ ਹੋ ਚੁੱਕਾ ਹੈ ਅਤੇ ਭਾਰਤ ਵਿੱਚ ਉਸਦੀ ਮੌਜੂਦਗੀ ਹੁਣ ਗੈਰ-ਕਾਨੂੰਨੀ ਹੈ।

ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ, ਅਦਾਲਤ ਨੇ ਕਿਹਾ ਕਿ ਬੱਚੇ ਦੀ ਕਸਟਡੀ ਪਿਤਾ ਕੋਲ ਰੱਖਣਾ ਨਾ ਸਿਰਫ਼ ਪਟੀਸ਼ਨਕਰਤਾ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ, ਸਗੋਂ ਕਾਨੂੰਨ ਦੇ ਰਾਜ, ਅੰਤਰਰਾਸ਼ਟਰੀ ਸਨਮਾਨ ਅਤੇ ਬੱਚੇ ਦੀ ਭਲਾਈ ਦੇ ਵੀ ਉਲਟ ਹੈ।

ਅਦਾਲਤ ਨੇ ਦੁਹਰਾਇਆ ਕਿ ਜਦੋਂ ਹੈਬੀਅਸ ਕਾਰਪਸ ਸੁਣਵਾਈ ਕਿਸੇ ਨਾਬਾਲਗ ਦੀ ਹਿਰਾਸਤ ਨਾਲ ਸਬੰਧਤ ਹੁੰਦੀ ਹੈ, ਤਾਂ ਅੰਤਰਰਾਸ਼ਟਰੀ ਸਬੰਧਾਂ ਦਾ ਸਤਿਕਾਰ ਮਹੱਤਵਪੂਰਨ ਹੁੰਦਾ ਹੈ, ਪਰ ਅੰਤਿਮ ਫੈਸਲਾ ਹਮੇਸ਼ਾ ਬੱਚੇ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਸਾਰੇ ਤੱਥਾਂ ਅਤੇ ਵਿਚਾਰਾਂ ਦੇ ਆਧਾਰ 'ਤੇ, ਹਾਈ ਕੋਰਟ ਨੇ ਬੱਚੇ ਨੂੰ ਮਾਂ ਦੀ ਕਸਟਡੀ ਵਿੱਚ ਵਾਪਸ ਕੈਨੇਡਾ ਭੇਜਣ ਦਾ ਹੁਕਮ ਪਾਸ ਕੀਤਾ ਹੈ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਅਰਦਾਸ ਦਿਵਸ ਅਤੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ / ਬੰਗਾ (ਸਤਨਾਮ ਸਿੰਘ ਸਹੂੰਗੜਾ) ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਅਰਦਾਸ ਦਿਵਸ ਅਤੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਅਰੰਭਤਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ ਉਪਰੰਤ ਕਾਲਜ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸ੍ਰਵਣ ਕਰਵਾਇਆ ਗਿਆ।। ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਵਿਦਿਆਰਥੀਆਂ ਅਤੇ ਸੰਸਥਾ ਦੀ ਚੜ੍ਹਦੀ ਕਲਾ ਲਈ ਕਾਮਨਾ ਵੀ ਕੀਤੀ ਗਈ। ਇਸ ਸਮਾਗਮ ਵਿੱਚ ਐੱਮ.ਐੱਲ.ਏ ਹਲਕਾ ਨਵਾਂਸ਼ਹਿਰ ਡਾ.ਨਛੱਤਰਪਾਲ ਨੇ ਮੁੱਖ ਮਹਿਮਾਨ ਵਜੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਡਾ.ਅਮਨਦੀਪ ਸਿੰਘ ਮੁਖੀ ਸਰੀਰਕ ਸਿੱਖਿਆ ਵਿਭਾਗ ਅਤੇ ਇੰਚਾਰਜ ਯੁਵਕ ਭਲਾਈ ਵਿਭਾਗ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ, ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਸਕੱਤਰ ਕਰਨਲ (ਰਿਟਾ.) ਜਸਮੇਰ ਸਿੰਘ ਬਾਲਾ ਜੀ ਨੇ ਸਰਪ੍ਰਸਤ ਵਜੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਕੀਤੀ।ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਨੇ ਸਭ ਦਾ ਸਵਾਗਤ ਕਰਦਿਆਂ ਕਾਲਜ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਮੁੱਖ ਮਹਿਮਾਨ ਵਜੋਂ ਪੁੱਜੇ ਡਾ. ਨਛੱਤਰਪਾਲ ਜੀ ਨੇ ਇਲਾਕੇ ਵਿਚ ਕਾਲਜ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਹਰ ਮੋੜ' ਤੇ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ ਉਹਨਾਂ ਨੇ ਕਾਲਜ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਤੇ ਮਾਣ ਮਹਿਸੂਸ ਕਰਦਿਆਂ ਵੱਖ ਵੱਖ ਖੇਤਰਾਂ ਵਿੱਚ ਸਨਮਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਰਨਲ ਬਾਲਾ ਜੀ ਨੇ ਸੰਬੋਧਿਤ ਹੁੰਦਿਆਂ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦੇਣ ਦੇ ਨਾਲ ਨਾਲ ਸੰਸਥਾ ਦੀ ਬਿਹਤਰੀ ਲਈ ਕੰਮ ਕਰਨ ਵਾਲੇ ਹਰ ਵਿਅਕਤੀ ਨੂੰ ਹੋਰ ਵਧੇਰੇ ਤਨਦੇਹੀ ਨਾਲ ਕਾਰਜ ਕਰਨ ਲਈ ਪ੍ਰੇਰਿਤ ਕਰਦਿਆਂ ਸਭ ਦਾ ਧੰਨਵਾਦ ਕੀਤਾ। ਡਾ.ਅਮਨਦੀਪ ਸਿੰਘ ਨੇ ਆਪਣੇ ਸੰਬੋਧਨ ਵਿਚ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਸਮੇਂ ਸਮੇਂ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਕਾਲਜ ਦੀ ਭਰਵੀਂ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਅਤੇ ਵਿਭਾਗ ਵਲੋਂ ਪ੍ਰਦਾਨ ਕੀਤੇ ਜਾਣ ਵਾਲੇ ਮੌਕਿਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਸਨਮਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਜਸਦੀਪ ਕੌਰ ਨੂੰ ਅਕਾਦਮਿਕ ਖੇਤਰ ਵਿਚ ਖੇਡਾਂ ਦੇ ਖੇਤਰ ਵਿਚ ਜਸਕਰਨ ਸਿੰਘ ਜੱਗਾ ਅਤੇ ਸੱਭਿਆਚਾਰਕ ਖੇਤਰ ਵਿਚ ਪ੍ਰਭਸਿਮਰਨ ਸਿੰਘ ਨੂੰ ਰੋਲ ਆਫ਼ ਆਨਰ ਦੇ ਨਾਲ ਨਿਵਾਜਿਆ ਗਿਆ ਅਤੇ ਗੋਲਡ ਮੈਡਲ ਮੁਸਕਾਨ, ਸਿਲਵਰ ਮੈਡਲ ਮੁਸਕਾਨ ਅਤੇ ਬ੍ਰਾਊਨਜ ਮੈਡਲ ਸਿਮਰਨਜੀਤ ਕੌਰ ਬੀ. ਕਾਮ ਨੂੰ ਦਿੱਤਾ ਗਿਆ। ਇਸ ਤਰ੍ਹਾਂ ਹੀ ਐੱਨ.ਸੀ.ਸੀ ਕੈਡਿਟ ਤਨੁਸ਼ ਪਰਿਹਾਰ ਅਤੇ ਐੱਨ. ਐੱਸ. ਐੱਸ ਵਲੰਟੀਅਰਾਂ ਵਿੱਚੋਂ ਗੁਰਪ੍ਰੀਤ ਸਿੰਘ ਅਤੇ ਸਿਮਰਨ ਨੂੰ ਸਨਮਾਨਿਤ ਕੀਤਾ ਗਿਆ।ਗੈਰ ਅਧਿਆਪਕ ਅਮਲੇ ਵਿੱਚੋਂ ਸ੍ਰੀ ਅਵਤਾਰ ਕੁਮਾਰ, ਅਸ਼ੀਸ਼ ਕੁਮਾਰ ਨੂੰ ਬੇਹਤਰੀਨ ਸੇਵਾਵਾਂ ਦੇ ਬਦਲੇ ਅਤੇ ਖੋਜ ਦੇ ਖੇਤਰ ਵਿਚ ਬੇਹਤਰੀਨ ਕਾਰਜ ਕਰਨ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਥਾਨਕ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸ. ਜਰਨੈਲ ਸਿੰਘ ਪੱਲੀਝਿੱਕੀ, ਸ.ਮਲਕੀਤ ਸਿੰਘ ਬਾਹੜੋਵਾਲ, ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਮੈਂਬਰ ਸ. ਤਜਿੰਦਰ ਸਿੰਘ, ਸ. ਕਰਮਜੀਤ ਸਿੰਘ ਕਰਨਾਣਾ ਆਦਿ ਹਾਜ਼ਰ ਸਨ।ਇਸ ਮੌਕੇ ਕਰਨਲ ਜਸਮੇਰ ਸਿੰਘ ਬਾਲਾ ਵੱਲੋਂ ਸੰਪਾਦਿਤ ਪੁਸਤਕਾਂ ਵਿਦਿਆਰਥੀਆਂ ਅਤੇ ਮਹਿਮਾਨਾਂ ਨੂੰ ਭੇਂਟ ਕੀਤੀਆਂ ਗਈਆਂ ਜਦ ਕਿ ਡਾ. ਨਿਰਮਲਜੀਤ ਕੌਰ ਵੱਲੋਂ ਉਰਦੂ ਤੋਂ ਅਨੁਵਾਦਿਤ ਪੁਸਤਕ "ਮੈਂ ਭੰਨਾ ਦਿੱਲੀ ਦੇ ਕਿੰਗਰੇ" ਨੂੰ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਤਜਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਸਮਾਗਮ ਦੇ ਕੋਆਰਡੀਨੇਟਰ ਡਾ. ਹਰਜੋਤ ਸਿੰਘ ਰਹੇ। ਸਮਾਗਮ ਦੇ ਅੰਤ ਵਿੱਚ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਡਾ. ਇੰਦੂਰੱਤੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ।

# ਅਤਿ-ਆਧੁਨਿਕ ਇਮਾਰਤ ਅਤੇ ਵਧੀਆ ਸਿਹਤ ਸੇਵਾਵਾਂ ਆਮ ਲੋਕਾਂ ਨੂੰ 24 ਘੰਟੇ ਉਪਲਬਧ ਹੋਣਗੀਆਂ - ਸੰਸਦ ਮੈਂਬਰ ਡਾ. ਰਾਜ ਕੁਮਾਰ

## ਚੱਬੇਵਾਲ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਦੇ ਮੇਰੇ ਵਾਅਦੇ ਨੂੰ ਪੂਰਾ ਕਰਨ ਵੱਲ ਇੱਕ ਸਫਲ ਕਦਮ - ਡਾ. ਈਸ਼ਾਨ ਕੁਮਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਅਤੇ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪਿੰਡ ਚੱਬੇਵਾਲ ਦੇ ਪੀ.ਐਚ.ਸੀ. ਨੂੰ ਅਪਗ੍ਰੇਡ ਕਰਨ ਲਈ 3 ਕਰੋੜ 30 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਅਤੇ ਕੰਮ ਦੀ ਰਸਮੀ ਸ਼ੁਰੂਆਤ ਕੀਤੀ। ਇਸ ਪੀਐਚਸੀ ਇਮਾਰਤ ਦਾ ਵਿਸਤਾਰ ਕੀਤਾ ਜਾਵੇਗਾ, ਜਿਸ ਤਹਿਤ ਮਰੀਜ਼ਾਂ ਦੀ ਸਹੂਲਤ ਲਈ ਨਵੀਂ ਦੋ ਮੰਜ਼ਿਲਾ ਇਮਾਰਤ ਵਿੱਚ 4 ਓਪੀਡੀ, ਆਯੁਸ਼ ਓਪੀਡੀ, ਫਿਜ਼ੀਓਥੈਰੇਪੀ ਸੈਂਟਰ, 2 ਡਿਲੀਵਰੀ ਰੂਮ, ਮੈਡੀਕਲ ਸਟੋਰ, ਲਿਫਟ, ਆਪ੍ਰੇਸ਼ਨ ਥੀਏਟਰ, 2 ਵਾਰਡ, ਸਟਾਫ ਰੂਮ ਅਤੇ ਦੋਵੇਂ ਮੰਜ਼ਿਲਾਂ 'ਤੇ



ਟਾਇਲਟ ਬਣਾਏ ਜਾਣਗੇ। ਮੁੱਖ ਇਮਾਰਤ ਤੱਕ ਇੰਟਰਲਾਕ ਸੜਕ ਅਤੇ ਪਾਰਕਿੰਗ ਜਗ੍ਹਾ ਵੀ ਤਿਆਰ ਕੀਤੀ ਜਾਵੇਗੀ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੀਐਚਸੀ ਵਿੱਚ ਅੱਗ ਬੁਝਾਊ ਪਾਈਪਲਾਈਨਾਂ ਅਤੇ ਅੱਗ ਬੁਝਾਊ ਉਪਕਰਨ ਵੀ ਲਗਾਏ ਜਾਣਗੇ। ਉਦਘਾਟਨ ਸਮਾਰੋਹ ਦੌਰਾਨ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਡਾ. ਰਾਜ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਤਾਂ ਜੋ ਪੰਜਾਬ ਦੇ ਹਰ ਵਾਸੀ ਨੂੰ ਇਨ੍ਹਾਂ ਜ਼ਰੂਰੀ ਖੇਤਰਾਂ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ। ਇੱਕ ਵਾਰ ਜਦੋਂ ਇਸ ਪੀਐਚਸੀ ਦੀ ਨਵੀਂ ਇਮਾਰਤ ਬਣ ਜਾਂਦੀ ਹੈ ਅਤੇ ਸਾਰੀਆਂ ਸਿਹਤ ਸੇਵਾਵਾਂ ਸ਼ੁਰੂ ਹੋ ਜਾਂਦੀਆਂ ਹਨ, ਤਾਂ ਇਲਾਕੇ ਦੇ ਲੋਕਾਂ ਨੂੰ ਲੋੜ ਪੈਣ 'ਤੇ ਸ਼ਹਿਰ ਨਹੀਂ ਜਾਣਾ ਪਵੇਗਾ। ਇਹ ਹਸਪਤਾਲ 24 ਘੰਟੇ ਖੁੱਲ੍ਹਾ ਰਹੇਗਾ, ਇਸ ਲਈ ਲੋਕ ਰਾਤ ਨੂੰ ਵੀ ਇੱਥੇ ਆ ਸਕਦੇ ਹਨ। ਇਸ ਮੌਕੇ ਵਿਧਾਇਕ ਡਾ. ਈਸ਼ਾਨ ਕੁਮਾਰ ਨੇ ਵੀ ਹਾਜ਼ਰ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵੱਲ ਇੱਕ ਹੋਰ ਕਦਮ ਹੈ ਅਤੇ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਚੱਬੇਵਾਲ ਹਲਕੇ ਵਿੱਚ ਡਾਕਟਰੀ ਸਹੂਲਤਾਂ ਨੂੰ ਬਿਹਤਰ ਬਣਾਉਣਾ ਅਤੇ ਉਨ੍ਹਾਂ ਨੂੰ ਆਮ ਲੋਕਾਂ ਲਈ ਉਪਲਬਧ ਕਰਵਾਉਣਾ ਉਨ੍ਹਾਂ ਦੀ ਤਰਜੀਹ ਹੈ। ਇਸ ਉਦਘਾਟਨ ਸਮਾਰੋਹ ਵਿੱਚ ਹੁਸ਼ਿਆਰਪੁਰ ਦੇ ਡੀ.ਸੀ. ਮੌਜੂਦ ਸਨ। ਮੈਡਮ ਅੰਸ਼ਿਕਾ ਜੈਨ, ਸਿਵਲ ਸਰਜਨ ਡਾ: ਪਵਨ ਕੁਮਾਰ ਅਤੇ ਐਸ.ਐਮ.ਓ. ਡਾ. ਮਨਪ੍ਰੀਤ ਬੈਂਸ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਤੋਂ ਇਲਾਵਾ ਸ਼ਿਵਰੰਜਨ ਸਿੰਘ ਰੋਮੀ, ਸਰਪੰਚ ਚਰਨਜੀਤ ਸਿੰਘ, ਗਗਨਦੀਪ ਚੰਬੂ, ਅਨਿਲ ਕੁਮਾਰ, ਨਰੇਸ਼ ਕੁਮਾਰ, ਨਰਿੰਦਰਪਾਲ ਆਦਿ ਅਤੇ ਚੱਬੇਵਾਲ ਸਮੇਤ ਨੇੜਲੇ ਦਰਜਨਾਂ ਪਿੰਡਾਂ ਦੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਇਸ ਮੌਕੇ ਹਾਜ਼ਰ ਸਨ।

# ਜ਼ਿਲ੍ਹੇ ਵਿਚ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਮੁਕੰਮਲ ਪਾਬੰਦੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰੀ ਤੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਨਾਈਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਾ ਡੋਰ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ,ਸਪਲਾਈ ਕਰਨ, ਬਾਹਰੋਂ ਆਯਾਤ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਨਗਰ ਕੌਂਸਲਾਂ ਦੇ ਸਮੂਹ ਕਾਰਜ ਸਾਧਕ ਅਫਸਰ ਅਤੇ ਡੀ.ਡੀ.ਪੀ.ਓ ਸ਼ਹੀਦ ਭਗਤ ਸਿੰਘ ਨਗਰ ਆਪਣੀ-ਆਪਣੀ ਹਦੂਦ ਅੰਦਰ ਇਹ ਹੁਕਮ ਲਾਗੂ ਕਰਨ ਲਈ ਆਪਣੇ-ਆਪਣੇ ਏਰੀਏ ਵਿਚ ਮੁਨਾਦੀ ਕਰਵਾਉਣਗੇ ਅਤੇ ਇਨ੍ਹਾਂ ਹੁਕਮਾਂ ਦੇ ਇੰਨ-ਬਿੰਨ ਲਾਗੂ ਹੋਣ ਸਬੰਧੀ ਚੈਕਿੰਗ ਕਰਕੇ ਰਿਪੋਰਟ ਭੇਜਣ ਲਈ ਜ਼ਿੰਮੇਵਾਰ ਹੋਣਗੇ। ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ/ ਨਗਰ ਕੌਂਸਲਾਂ ਦੇ ਸਮੂਹ ਕਾਰਜ ਸਾਧਕ ਅਫ਼ਸਰ ਅਤੇ ਪੇਂਡੂ ਏਰੀਏ ਵਿਚ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਨ੍ਹਾਂ ਹੁਕਮਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਇਹ ਪਾਬੰਦੀ ਲਗਾਉਣ ਮੌਕੇ ਕਿਹਾ ਕਿ ਸਿੰਥੈਟਿਕ/ ਪਲਾਸਟਿਕ ਦੀ ਡੋਰ ਬਹੁਤ ਮਜ਼ਬੂਤ, ਨਾ-ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਸ ਡੋਰ ਨਾਲ ਸਾਈਕਲ, ਸਕੂਟਰ ਅਤੇ ਮੋਟਰ ਸਾਈਕਲ ਚਾਲਕਾਂ ਦੇ ਗਲੇ ਅਤੇ ਕੰਨ ਕੱਟੇ ਜਾਂਦੇ ਹਨ, ਉੱਡਦੇ ਪੰਛੀ ਫਸ ਜਾਣ 'ਤੇ ਉਨ੍ਹਾਂ



ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਸ ਤਰ੍ਹਾਂ ਇਹ ਸਿੰਥੈਟਿਕ/ ਪਲਾਸਟਿਕ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ, ਰਾਹਗੀਰਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ, ਇਸ ਲਈ ਇਸ ਡੋਰ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਇਹ ਹੁਕਮ 22 ਅਕਤੂਬਰ, 2025 ਤੱਕ ਲਾਗੂ ਰਹੇਗਾ।

# ਡਿਪਟੀ ਸਪੀਕਰ ਨੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

## ਕਿਹਾ, ਪੰਜਾਬ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ 'ਚ ਕੀਤੇ ਵੱਡੇ ਸੁਧਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗੁਆਈ ਵਾਲੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਮੁੱਢਲੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਹੁਣ ਬੱਚਿਆਂ ਨੂੰ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਕਲਾਸਰੂਮ ਬਣਾਏ ਜਾ ਰਹੇ ਹਨ। ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਅੱਜ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਪੰਜ ਸਰਕਾਰੀ ਸਕੂਲਾਂ ਵਿੱਚ 51.64 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜਾਂ ਦੇ ਉਦਘਾਟਨ



ਦੌਰਾਨ ਪ੍ਰਗਟ ਕੀਤੇ। ਇਸ ਦੌਰਾਨ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਰੌਤਾਂ ਦੀ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਸਦਰਪੁਰ ਵਿਚ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਟੱਬਾ ਦੀ ਚਾਰਦੀਵਾਰੀ, ਕਲਾਸਰੂਮ ਅਤੇ ਹੋਰ ਵਿਕਾਸ ਕਾਰਜ, ਸਰਕਾਰੀ ਪ੍ਰਾਇਮਰੀ ਸਕੂਲ ਨੈਣਵਾਂ ਦੀ ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ ਦੇ ਨਾਲ-ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਪੁਰ ਵਿਚ ਸਾਇੰਸ ਲੈਬ ਅਤੇ ਕਲਾਸਰੂਮ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡੇ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਕੂਲਾਂ ਦੇ ਬੁਨਿਆਦੀ ਢਾਂਚੇ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਕਾਰਨ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਕਾਫ਼ੀ ਘੱਟ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਵੱਲੋਂ ਸਕੂਲਾਂ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਦੇਖਦਿਆਂ ਵੱਡੀ ਗਿਣਤੀ ਵਿੱਚ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਡਿਪਟੀ ਸਪੀਕਰ ਨੇ ਕਿਹਾ ਕਿ ਜਿੱਥੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਦਿਨੋ-ਦਿਨ ਵਿਸ਼ਵਾਸ ਵਧ ਰਿਹਾ ਹੈ, ਉੱਥੇ ਹੀ ਸੂਬਾ ਸਰਕਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਸਿੱਖਿਆ ਸ਼ੈਲੀ ਨੂੰ ਬਿਹਤਰ ਬਣਾਉਣ ਲਈ ਵਿਲੱਖਣ ਪਹਿਲਕਦਮੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਸੀ.ਪੀ.ਆਈ ਐਮ. ਐਲ ਐਨ.ਡੀ ਵਲੋਂ ਪਹਿਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਭੇਟ

## ਸ਼ਹਿਰ ਵਿਚ ਮੁਜਾਹਰਾ ਕਰਕੇ ਕੀਤੀ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ -ਲੈਨਿਨਵਾਦੀ) ਨਿਊਡੈਮੋਕਰੇਸੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਅੱਜ ਸਥਾਨਕ ਬਾਰਾਦਰੀ ਬਾਗ ਵਿਚ ਪਹਿਲਗਾਮ ਵਿਚ ਮਾਰੇ ਗਏ 26 ਨਿਰਦੋਸ਼ਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਉਪਰੰਤ ਇਸ ਕਾਂਡ ਦੇ ਵਿਰੋਧ ਵਿਚ ਸ਼ਹਿਰ ਅੰਦਰ ਪ੍ਰਦਰਸ਼ਨ ਕੀਤਾ ਗਿਆ।ਪਾਰਟੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲੋ ਅਸਤੀਫੇ ਦੀ ਮੰਗ ਕੀਤੀ ਹੈ। ਇਸ ਮੌਕੇ ਇਸ ਹੱਤਿਆ ਕਾਂਡ ਦੀ ਨਿੰਦਾ ਕਰਦਿਆਂ ਪਾਰਟੀ ਆਗੂਆਂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਪਹਿਲਗਾਮ ਧਰਮ ਅਧਾਰਿਤ ਸਮੂਹਿਕ ਹੱਤਿਆ ਕਾਂਡ ,ਜਿਸ ਵਿਚ 26 ਨਿਰਦੋਸ਼ ਲੋਕਾਂ ਦੀ ਜਾਨ ਚਲੀ ਗਈ ਹੈ ਅਤੇ ਹੋਰ ਕਈ ਜ਼ਖਮੀ ਹੋਏ ਹਨ,ਇਕ



ਬੇਹੱਦ ਘਿਨਾਉਣਾ,ਕਰੂਰ ਅਤੇ ਨਿੰਦਣਯੋਗ ਕਾਰਾ ਹੈ,ਅਸੀਂ ਇਸਦੀ ਜੋਰਦਾਰ ਨਿਖੇਧੀ ਕਰਦੇ ਹਾਂ। ਇਹ ਨਾਂ ਕਿਸੇ ਧਰਮ ਤੇ ਨਾ ਕਿਸੇ ਅਜਾਦੀ ਸੰਘਰਸ਼ ਦੇ ਹਿੱਤ ਵਿਚ ਹੈ।ਸਭ ਨੂੰ ਇਸਦੀ ਜੋਰਦਾਰ ਨਿਖੇਧੀ ਕਰਨੀ ਚਾਹੀਦੀ ਹੈ। ਤਸੱਲੀ ਵਾਲੀ ਗੱਲ ਹੈ ਕਿ ਕਸ਼ਮੀਰ ਵਿਚ ਲੋਕ, ਖਾਸ ਕਰਕੇ ਮੁਸਲਮਾਨ ਇਸ ਘਿਨਾਉਣੇ ਕਾਰੇ ਵਿਰੁੱਧ ਸੜਕਾਂ ਤੇ ਨਿਕਲੇ ਹਨ।

ਉਹਨਾਂ ਕਿਹਾ ਕਿ ਸਾਡੀ ਜਾਚੇ ਹੁਣ ਤਕ ਚਾਰ ਵੱਡੇ ਸਮੂਹਿਕ ਹੱਤਿਆ ਕਾਂਡ ਵਾਪਰੇ ਹਨ।ਹੁਣ ਇਹ ਪਹਿਲਗਾਮ ਸਮੂਹਿਕ ਹੱਤਿਆ ਕਾਂਡ ਕੀਤਾ ਗਿਆ ਹੈ ਇਹਨਾਂ ਤਿੰਨਾਂ ਵਿਚ ਦੋ ਗੱਲਾਂ ਸਾਂਝੀਆਂ ਹਨ।ਇਕ, ਸਾਰਿਆਂ ਵਿਚ ਇਕ ਵਰਗ ਵਿਸ਼ੇਸ਼ ਨੂੰ ਨਿਸ਼ਾਨਾ ਬਣਾਇਆ ਗਿਆ, ਛੱਤੀਸਿੰਘ ਪੁਰਾ ਵਿਚ ਸਿੱਖਾਂ ਨੂੰ, ਪੁਲਵਾਮਾ ਵਿਚ ਕੇਂਦਰੀ ਰਿਜ਼ਰਵ ਪੁਲੀਸ ਨੂੰ ਅਤੇ ਪਹਿਲਗਾਮ ਵਿਚ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦੂਸਰੀ , ਇਹ ਸਾਰੇ ਕਿਸੇ ਘਟਨਾ ਵਿਸ਼ੇਸ਼ ਨਾਲ ਸੰਬੰਧਿਤ ਹਨ ।ਛੱਤੀਸਿੰਘ ਪੁਰਾ ਉਦੋਂ ਵਾਪਰਿਆ ਜਦੋਂ ਅਮਰੀਕੀ ਰਾਸ਼ਟਰਪਤੀ, ਬਿੱਲ ਕਲਿੰਟਨ ਭਾਰਤ ਆਇਆ ਸੀ , ਕਾਲੂਚੱਕ ਵੀ ਅਮਰੀਕੀ ਯਾਤਰਾ ਸਮੇਂ ਵਾਪਰਿਆ, ਪੁਲਵਾਮਾ ਉਦੋਂ ਹੋਇਆ ਜਦੋਂ ਦੇਸ਼ ਵਿਚ ਚੋਣਾਂ ਹੋਣ ਜਾ ਰਹੀਆਂ ਸਨ,ਅਤੇ ਪਹਿਲਗਾਮ ਜਦੋਂ ਅਮਰੀਕਾ ਦਾ ਉੱਪ ਰਾਸ਼ਟਰਪਤੀ ,ਜੇ ਡੀ ਵਾਂਸ ਭਾਰਤ ਦੌਰੇ ਤੇ ਆਇਆ ਹੋਇਆ ਹੈ ।ਇਕ ਵੱਖਰਾ ਪਹਿਲੂ ਇਹ ਵੀ ਹੈ ਕਿ ਇਹ ਕਾਂਡ ਉਦੋਂ ਵਾਪਰਿਆ ਜਦੋਂ ਦੇਸ਼ ਵਿਚ ਮੋਦੀ ਸਰਕਾਰ ਵਲੋਂ ਪਾਸ ਵਕਫ ਸੋਧ ਕਾਨੂੰਨ ਦਾ ਮੁਲਕ ਭਰ ਚ ਤਿੱਖਾ ਵਿਰੋਧ ਹੋ ਰਿਹਾ ਸੀ। ਇਹ ਸਾਰੇ ਇਸਨੂੰ ਸ਼ੱਕੀ ਬਣਾਉਦੇ ਹਨ।ਇਸ ਕਰਕੇ ਇਸਦੀ ਉੱਚ ਪੱਧਰੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ।ਮੀਡੀਆ ਵਿੱਚ ਜਿੰਮੇਵਾਰੀ ਦਾ ਬਿਆਨ ਕੋਈ ਮਾਅਨੇ ਨਹੀਂ ਰਖਦਾ।

ਮਨੀਪੁਰ ਚ ਇਕ ਲੰਬੇ ਅਰਸੇ ਤੋਂ ਖੂਨ ਖਰਾਬਾ ਹੋ ਰਿਹਾ ਹੈ।ਅਜਿਹੇ ਕਈ ਕਾਂਡ ਵਾਪਰੇ ਹਨ ਪਰ ਨਾ ਕਦੀ ਅਮਿਤ ਸ਼ਾਹ ਨੇ ਅਤੇ ਨਾ ਕਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨੀਪੁਰ ਜਾਣ ਦੀ ਖੇਚਲ ਕੀਤੀ ਹੈ ਪਰ ਇੱਥੇ ਅਮਿਤ ਸ਼ਾਹ ਕਸ਼ਮੀਰ ਆ ਕੇ ਬੈਠ ਗਿਆ ਹੈ ਤੇ ਮੋਦੀ ਸਾਊਦੀ ਅਰਬ ਦੀ ਯਾਤਰਾ ਛੱਡ ਕੇ ਵਾਪਸ ਆ ਗਿਆ ਹੈ ।

ਸੰਘੀ ਫਾਸ਼ੀਵਾਦ ਦੀ ਫਿਰਕੂ ਧਰੁੱਵੀਕਰਨ ਦੀ ਨੀਤੀ ਦੇਸ਼ ਨੂੰ ਤੇ ਲੋਕਾਂ ਨੂੰ ਖੂਨ ਖਰਾਬਾ ਤੇ ਤਬਾਹੀ ਤੋਂ ਬਿਨਾਂ ਕੁੱਝ ਨਹੀਂ ਦੇ ਸਕਦੀ।ਲੋਕਾਂ ਨੂੰ ਇਸ ਵਿਰੁੱਧ ਡੱਟ ਕੇ ਸੰਘਰਸ਼ ਕਰਨਾ ਚਾਹੀਦਾ ਹੈ।

# ਪਹਿਲਗਾਮ ਕਸ਼ਮੀਰ ਦੀ ਘਟਨਾਂ ਦਰਿੰਦਗੀ ਦਾ ਅੰਤ: ਗੋਲਡੀ ਪੁਰਖਾਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਰੋਪੜ (ਚਰਨਜੀਤ ਸੱਲ੍ਹਾ )ਬਹੁਜਨ ਸਮਾਜ ਪਾਰਟੀ ਰੋਪੜ ਦੇ ਸਾਬਕਾ ਜਿਲਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲਗਾਮ ਕਸ਼ਮੀਰ ਵਿਖੇ ਆਪਣੇ ਪਰਿਵਾਰਾਂ ਨਾਲ ਘੁੰਮਣ ਗਏ ਸੈਲਾਨੀਆਂ ਤੇ ਅਤੰਕੀ ਹਮਲਾ ਦਰਿੰਦਗੀ ਦਾ ਅੰਤ ਹੈ। ਕੋਈ ਧਰਮ ਨਹੀਂ ਸਿਖਾਉਂਦਾ ਕਿ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਇਸ ਘਟਨਾ ਦੀ ਘੋਰ ਨਿੰਦਾ ਕਰਦੇ ਹਾਂ ਅਤੇ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਦੋਸ਼ੀ ਤੁਰੰਤ ਫੜੇ ਜਾਣ ਅਤੇ ਦੋਸ਼ੀਆਂ ਨੂੰ ਸਰੇਆਮ ਚੌਕ ਵਿੱਚ ਬੰਨ ਕੇ ਜਿਉਂਦੇ ਅੱਗ



ਲਗਾ ਕੇ ਜਾਲਿਆ ਜਾਵੇ ।

# ਸੈਕਟਰ ਕਾਈਨੌਰ ਅਧੀਨ ਗਰਭਵਤੀ ਮਹਿਲਾਂਵਾ ਤੇ ਬੱਚਿਆਂ ਲਈ ਟੀਕਾਕਰਨ ਕੈਂਪਾਂ ਦਾ ਕੀਤਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਰਿੰਡਾ 23 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਡਾ.ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੋਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਕਾਈਨੌਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਬੱਚਿਆਂ ਅਤੇ ਗਰਭਵਤੀ ਮਹਿਲਾਂਵਾ ਲਈ ਟੀਕਾਕਰਨ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਬੇਅੰਤ ਸਿੰਘ ਹੈਲਥ ਵਰਕਰ



ਨੇ ਕਿਹਾ ਕਿ ਕੌਮੀ ਟੀਕਾਕਰਨ ਪ੍ਰੋਗਰਾਮ ਅਧੀਨ ਇਨ੍ਹਾਂ ਕੈਂਪਾਂ ਦਾ ਮੁੱਖ ਮੰਤਵ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਤੇ ਹਰਪ੍ਰੀਤ ਕੌਰ ਏ.ਐਨ.ਐਮ ਨੇ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਅਤੇ ਆਪਣੀ ਡਾਈਟ ਵਿੱਚ ਹਰੀਆਂ ਸਬਜੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਇਸ ਮੌਕੇ ਲਖਮਿੰਦਰ ਸਿੰਘ ਨੇ ਕਿਹਾ ਕਿ ਜੇਕਰ ਕੋਈ ਵੀ ਔਰਤ ਜਾ ਵਿਅਕਤੀ ਭਰੂਣ ਹੱਤਿਆ ਜਿਹਾ ਅਪਰਾਧ ਕਰਦੀ ਹੈ ਤਾਂ ਕਾਨੂੰਨ ਅਨੁਸਾਰ ਅਪਰਾਧੀ ਨੂੰ ਸਜਾ ਤੇ ਜੁਰਮਾਨਾ ਹੋ ਸਕਦਾ ਹੈ। ਇਸ ਮੌਕੇ ਤੇ ਮਨਪ੍ਰੀਤ ਕੌਰ ਏ.ਐਨ.ਐਮ ਨੇ ਕਿਹਾ ਕਿ ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ।ਇਸ ਮੌਕੇ ਸਮੂਹ ਏ.ਐਨ.ਐਮ, ਸਮੂਹ ਸੀ.ਐਚ.ਓ ਅਤੇ ਆਸ਼ਾ ਵਰਕਰਜ਼ ਹਾਜਰ ਸਨ।

# ਪੰਜਾਬ ਸਰਕਾਰ ਵੱਲੋਂ ਚਲਾਈ ਗਈ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੇ ਸਬੰਧ ਚ ਸੈਮੀਨਾਰ ਲਗਾਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਸ੍ਰੀ ਚਮਕੌਰ ਸਾਹਿਬ 24 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਐਸ.ਪੀ ਹੈਡ ਕੁਆਟਰ ਰੂਪਨਗਰ ਆਈ.ਪੀ.ਐਸ ਅਰਵਿੰਦ ਮੀਨਾ ਵੱਲੋਂ ਸ੍ਰੀ ਚਮਕੌਰ ਸਾਹਿਬ ਦੇ ਨਜਦੀਕੀ ਪਿੰਡ ਮਹਿਤੋਤ ਅਤੇ ਕਤਲੌਰ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੇ ਸਬੰਧ 'ਚ ਸੈਮੀਨਾਰ ਲਗਾਏ ਗਏ ਜਿਸ ਦੇ ਸਬੰਧ 'ਚ ਜਾਣਕਾਰੀ ਦਿੰਦਿਆਂ ਹੋਇਆਂ ਐਸ ਐਚ ਓ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਤਲੌਰ ਅਤੇ



ਮਹਿਤੋਤ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਜਾਗਰੂਕ ਕੀਤਾ ਗਿਆ ਅਤੇ ਨਸ਼ੇ ਵਰਗੀ ਇਸ ਭੈੜੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਲਈ ਪਿੰਡ ਦੇ ਲੋਕਾਂ ਨੂੰ ਸਹਿਯੋਗ ਦੇਣ ਲਈ ਆਖਿਆ ਗਿਆ। ਉਹਨਾਂ ਕਿਹਾ ਕਿ ਆਪ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਨਸ਼ੇ ਦੀ ਇਸ ਭੈੜੀ ਅਲਾਮਤ ਨੂੰ ਖਤਮ ਕਰਨਾ ਬਹੁਤ ਮੁਸਕਲ ਹੈ। ਪੁਲਿਸ ਨੂੰ ਨਸ਼ੇ ਸਬੰਧੀ ਜਾਣਕਾਰੀ ਦੇਣ ਵਾਲਿਆਂ ਦਾ ਨਾਮ ਗੁਪਤ ਰੱਖਿਆ ਜਾਵੇਗਾ। ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ਾ ਛਡਾਉ ਕੇਂਦਰਾ 'ਚ ਭਰਤੀ ਕਰਵਾ ਕੇ ਨਸ਼ਾ ਛਡਾਉਣ 'ਚ ਮਦਦ ਕੀਤੀ ਜਾਵੇਗੀ ਸੈਮੀਨਾਰ ਵਿੱਚ ਪਹੁੰਚੇ ਪਿੰਡਾਂ ਦੇ ਲੋਕਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪੰਜਾਬ ਸਰਕਾਰ ਵੱਲੋਂ ਚਲਾਈ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣਗੇ ਉਹਨਾਂ ਕਿਹਾ ਕਿ ਲੋਕ ਹੁਣ ਖੁੱਲ ਕੇ ਅੱਗੇ ਆਉਣ ਲੱਗ ਪਏ ਹਨ ਅਤੇ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਵੱਲੋਂ ਵੀ ਨਸ਼ੇ ਦੇ ਸੌਦਾਗਰਾਂ ਅਤੇ ਨਸ਼ਾ ਕਰਨ ਵਾਲਿਆਂ ਵਿਰੁੱਧ ਮਤੇ ਪਾਏ ਜਾ ਰਹੇ ਹਨ ਕਿ ਨਸ਼ਾ ਕਰਨ ਵਾਲਿਆਂ ਅਤੇ ਵੇਚਣ ਵਾਲਿਆਂ ਦੀ ਜਮਾਨਤ ਕਰਾਉਣ ਲਈ ਪਿੰਡ ਵਾਲੇ ਉਹਨਾਂ ਦਾ ਸਹਿਯੋਗ ਨਹੀਂ ਦੇਣਗੇ। ਇਲਾਕੇ ਦੇ ਪਿੰਡਾਂ ਵਿੱਚ ਲਗਾਏ ਗਏ ਇਸ ਸੈਮੀਨਾਰ ਚ ਡੀ.ਐਸ.ਪੀ ਮਨਜੀਤ ਸਿੰਘ ਔਲਖ, ਐਸਐਚ ਓ ਗੁਰਪ੍ਰੀਤ ਸਿੰਘ ਸਮੇਤ ਸਮੂਹ ਪੁਲਿਸ ਅਧਿਕਾਰੀ ਅਤੇ ਦੋਵੇਂ ਪਿੰਡਾਂ ਦੇ ਪਤਵੰਤੇ ਹਾਜਰ ਸਨ

# ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਵੱਲੋਂ ਚੰਦਰੇਸ਼ਵਰ ਸਿੰਘ ਮੋਹੀ ਨੂੰ ਕੀਤਾ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਨਾਭਾ 23 ਅਪ੍ਰੈਲ ਬਾਂਗਾ ਸਮਾਜ ਸੇਵਕ ਅਤੇ ਐਸ.ਸੀ. ਕਮਿਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਨੂੰ ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਵੱਲੋਂ ਪਿਛਲੇ ਦਿਨੀਂ ਦਯਾਨੰਦ ਪਬਲਿਕ ਸਕੂਲ, ਨਾਭਾ ਵਿਖੇ ਆਯੋਜਿਤ ਅਨਸੰਗ ਹੀਰੋ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਹਾਇਕ ਗਵਰਨਰ ਸ਼ਾਸਤਰੀ ਲਲਿਤ ਸ਼ਰਮਾ ਨੇ ਕਲੱਬ ਵੱਲੋਂ ਕੀਤੇ




ਜਾ ਰਹੇ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਚੰਦਰੇਸ਼ਵਰ ਸਿੰਘ ਮੋਹੀ ਨੇ ਕਲੱਬ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅੱਜ ਕਲੱਬ ਵੱਲੋਂ ਆਯੋਜਿਤ 'ਅਨਸੰਗ' ਪ੍ਰੋਗਰਾਮ ਦੀ ਪ੍ਰਸ਼ੰਸਾ ਕਰਨ ਲਈ ਕੋਈ ਸ਼ਬਦ ਨਹੀਂ ਹਨ। ਇਸ ਤੋਂ ਇਲਾਵਾ, ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜਿਕ ਕਾਰਜ ਬਹੁਤ ਹੀ ਸ਼ਲਾਘਾਯੋਗ ਹਨ ਜੋ ਲੋੜਵੰਦ ਲੋਕਾਂ ਨੂੰ ਬਹੁਤ ਉਤਸ਼ਾਹ ਅਤੇ ਮਦਦ ਦਿੰਦੇ ਹਨ। ਉਨ੍ਹਾਂ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਕਲੱਬ ਉਨ੍ਹਾਂ ਨੂੰ ਜਿੱਥੇ ਵੀ ਕਿਸੇ ਵੀ ਤਰ੍ਹਾਂ ਦੀ ਸੇਵਾ ਸੌਂਪੇਗਾ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਅਲੋਹਰਾ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ, ਸ਼ਿਆਮ ਜੀ। ਵਿਭਾਗ ਪ੍ਰਚਾਰਕ ਦੇ ਨਾਲ-ਨਾਲ ਰੋਟਰੀ ਕਲੱਬ ਨਾਭਾ ਦੇ ਪ੍ਰਧਾਨ ਮਨਮੋਹਨ ਕੁਮਾਰ, ਸਕੱਤਰ ਮੁਕੇਸ਼ ਗਰਗ, ਕੈਸ਼ੀਅਰ ਤੇਜ ਬਾਂਸਲ, ਸੁਭਾਸ਼ ਭਾਰਦਵਾਜ,ਪ੍ਰਿੰਸੀਪਲ ਦਯਾਨੰਦ ਪਬਲਿਕ ਸਕੂਲ ਨਾਭਾ ਅਤੇ ਹੋਰ ਕਲੱਬ ਮੈਂਬਰ ਵੀ ਮੌਜੂਦ ਸਨ। ਫੋਟੋ: ਸਾਬਕਾ ਚੇਅਰਮੈਨ ਐਸ.ਸੀ ਕਮਿਸ਼ਨ ਪੰਜਾਬ ਚੰਦਰੇਸ਼ਵਰ ਸਿੰਘ ਮੋਹੀ ਦਾ ਸਨਮਾਨ ਕਰਦੀ ਹੋਈ ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਦੀ ਟੀਮ।

# ਡੀਏਵੀ ਪਬਲਿਕ ਸਕੂਲ ਨਾਭਾ ਵਿਖੇ ਵਿਸ਼ਵ ਧਰਤੀ ਦਿਵਸ 'ਤੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਨਾਭਾ, 22 ਅਪ੍ਰੈਲ,ਬਾਂਗਾ: ਡੀਏਵੀ ਪਬਲਿਕ ਸਕੂਲ, ਦੁੱਲੜੀ ਗੇਟ, ਨਾਭਾ ਨੇ ਵਿਸ਼ਵ ਧਰਤੀ ਦਿਵਸ ਦੇ ਮੌਕੇ 'ਤੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ। ਪ੍ਰਿੰਸੀਪਲ ਸ੍ਰੀ ਵੀ.ਕੇ. ਮਿੱਤਲ ਦੀ ਅਗਵਾਈ ਹੇਠ ਆਯੋਜਿਤ ਪ੍ਰੋਗਰਾਮ ਵਿੱਚ, ਵਿਦਿਆਰਥੀਆਂ ਨੇ ਵਾਤਾਵਰਣ ਸੰਭਾਲ ਅਤੇ ਟਿਕਾਊ ਜੀਵਨ ਦੀ ਮਹੱਤਤਾ ਨੂੰ ਸਮਝਣ ਲਈ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ।

ਗਤੀਵਿਧੀਆਂ ਦੀਆਂ ਮੁੱਖ ਗੱਲਾਂ

- ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਦੇ







ਨੁਕਸਾਨਦੇਹ ਪ੍ਰਭਾਵਾਂ 'ਤੇ ਇੱਕ ਸੋਚ-ਉਕਸਾਊ ਨਾਟਕ ਪੇਸ਼ ਕੀਤਾ।

- ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਕਵਿਤਾ ਪਾਠ ਮੁਕਾਬਲਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਧਰਤੀ ਦਿਵਸ 'ਤੇ ਮਸ਼ਹੂਰ ਕਵਿਤਾਵਾਂ ਸੁਣਾਈਆਂ।

- ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਨਾਅਰੇ ਲਿਖੇ ਜੋ ਆਪਣੀ ਸਿਰਜਣਾਤਮਕਤਾ ਅਤੇ ਵਾਤਾਵਰਣ ਪ੍ਰਤੀ ਚਿੰਤਾ ਦਾ ਪ੍ਰਦਰਸ਼ਨ ਕਰਦੇ ਹਨ।

- ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਰੰਗੀਨ ਪੋਸਟਰ ਬਣਾਉਣ ਦੀ ਗਤੀਵਿਧੀ ਵਿੱਚ ਹਿੱਸਾ ਲਿਆ ਜਿਸ ਵਿੱਚ ਉਨ੍ਹਾਂ ਨੇ ਰੁੱਖ ਬਚਾਓ, ਪ੍ਰਦੂਸ਼ਣ ਘਟਾਓ ਅਤੇ ਪਾਣੀ ਬਚਾਓ ਵਰਗੇ ਵਿਸ਼ਿਆਂ ਨੂੰ ਦਰਸਾਇਆ।

- ਨਰਸਰੀ ਅਤੇ ਐਲਕੇਜੀ ਦੇ ਛੋਟੇ ਬੱਚਿਆਂ ਨੇ ਕੂੜੇ ਦੇ ਸਹੀ ਨਿਪਟਾਰੇ 'ਤੇ ਕੇਂਦ੍ਰਿਤ ਇੱਕ ਸਫਾਈ ਗਤੀਵਿਧੀ ਵਿੱਚ ਹਿੱਸਾ ਲਿਆ।


- ਯੂਕੇਜੀ ਅਤੇ ਪਹਿਲੀ ਜਮਾਤ ਦੇ ਬੱਚਿਆਂ ਨੇ ਕਾਗਜ਼ੀ ਬੈਗ ਬਣਾਉਣ ਦੀ ਗਤੀਵਿਧੀ ਵਿੱਚ ਹਿੱਸਾ ਲਿਆ।

ਪ੍ਰਿੰਸੀਪਲ ਸ਼੍ਰੀ ਵੀ.ਕੇ. ਮਿੱਤਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਰ ਛੋਟਾ ਕਦਮ ਮਾਇਨੇ ਰੱਖਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਰੱਖਿਆ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵੀ ਪ੍ਰੇਰਿਤ ਕੀਤਾ।

# ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਲਈ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ --ਧਰਮਪਾਲ ਤਲਵੰਡੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ )ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਬਹਿਰਾਮ ਬਾਬਾ ਸਾਹਿਬ ਅੰਬੇਡਕਰ ਜੀ ਦਾ 134 ਵਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਵੱਖ ਵੱਖ ਪਿੰਡਾਂ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਬਾਬਾ ਰੋਸ਼ਨ ਲਾਲ ਜੀ ਵੱਲੋਂ ਪਵਿੱਤਰ ਅਮ੍ਰਿਤ ਬਾਣੀ






ਦੇ ਸਲੋਕਾ ਦਾ ਜਾਪ ਕੀਤਾ ਗਿਆ। ਬੁਲਾਰਿਆਂ ਵਿੱਚ ਵਿਸ਼ੇਸ਼ ਤੌਰ ਪ੍ਰਿੰਸੀਪਲ ਰੋਸ਼ਨ ਲਾਲ ਸਰਹਾਲਾ ਰਾਣੂੰਆ, ਧਰਮ ਪਾਲ ਤਲਵੰਡੀ, ex ਸਰਪੰਚ ਭੈਣ ਪਰਮਜੀਤ ਕੌਰ ਅਤੇ ex ਸਰਪੰਚ ਸਰਾਹਲ ਕਾਜ਼ੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਪ੍ਰਬੰਧ ਵਿੱਚ ਸ੍ਰੀ ਰਾਮ ਪਾਲ ਢਾਹਾਂ, ASI ਪਰਮਜੀਤ ਸਿੰਘ ਕਲਸੀ, ਰਕੇਸ਼ ਕੁਮਾਰ ਭਰੋਲੀ, ਕੇਵਲ ਕ੍ਰਿਸ਼ਨ ਬਹਿਰਾਮ, ਜਸਪਾਲ ਮਜਾਰੀ, ਬਲਕਾਰ ਚੱਕ ਮੰਡੇਰ, ਹਰਮੇਸ਼ ਨਾਗਰਾ , ਰਾਜ ਕੁਮਾਰ ਢੰਢੂਹਾ ਇੰਦਰਜੀਤ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਬਾਬਾ ਰੋਸ਼ਨ ਲਾਲ ਜੀ ਵੱਲੋਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਦੇ ਆਧਾਰਿਤ ਵਿਚਾਰ ਪੇਸ਼ ਕੀਤੇ ਅਤੇ ਸਟੇਜ ਸਕੱਤਰ ਦੀ ਭੂਮਿਕਾ ਵੀ ਨਿਭਾਈ। ਰਾਮ ਪਾਲ ਢਾਹਾਂ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ। ਬੁਲਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਬਾਕੀ ਤਸਵੀਰਾਂ ਦੀ ਜ਼ੁਬਾਨੀ।ਜੈ ਗੁਰੂਦੇਵ ਜੈ ਭੀਮ ਜੈ ਭਾਰਤ

# ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਛੋਕਰਾਂ ਵਿਖੇ 'ਵਿਸ਼ਵ ਧਰਤੀ ਦਿਵਸ' ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ (ਦੀਪਾ)-ਅੱਜ ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਛੋਕਰਾਂ ਵਿੱਚ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ



ਵਜੋਂ ਡਾ.ਹਰਸ਼ ਗੁਲਾਟੀ ਜੀ ਸਹਾਇਕ ਪ੍ਰੋਫੈਸਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਸ਼ਾਮਿਲ ਹੋਏ । ਉਹਨਾਂ ਨੇ ਬੱਚਿਆਂ ਨੂੰ ਧਰਤੀ ਦੀ ਸੇਵਾ ਕਰਨ ਅਤੇ ਇਸਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਵਲੋਂ ਸੁੰਦਰ ਸੁੰਦਰ ਚਾਰਟ ਬਣਾਏ ਗਏ । ਬੱਚਿਆਂ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ । ਅੰਤ ਵਿੱਚ ਸਕੂਲ ਮੁੱਖੀ ਗੁਰਜੀਤ ਸਿੰਘ ਵਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ

# ਜੰਮੂ ਕਸ਼ਮੀਰ ਵਿੱਚ ਪਹਿਲਗਾਮ, ਪੁਲਵਾਮਾ ਅਤੇ ਛੱਤੀ ਸਿੰਘਪੁਰਾ ਵਿੱਚ ਹੋਏ ਕਤਲੇਗਾਰਤ ਦੀ ਯੂਐਨਓ ਦੁਆਰਾ ਜਾਂਚ ਹੋਣੀ ਚਾਹੀਦੀ ਹੈ - ਕਾਲੀ ਪਾਇਲ

## ਬੀਜੇਪੀ ਕਾਬਜ਼ ਅਧਾਰਤ ਰਾਜਾਂ ਵਿੱਚ ਹੀ ਧਰਮ ਅਤੇ ਜਾਤੀ ਅਧਾਰਿਤ ਘਟਨਾਵਾਂ ਕਿਉਂ ਹੁੰਦੀਆਂ ਹਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਜਦੋਂ ਦੇਸ਼ ਵਿੱਚ ਦੇਸ਼ ਦੀ ਰਾਜਨੀਤਿਕ ਜਮਾਤ ਦੇਸ਼ ਵੰਡਣ ਤੋਂ ਲੈ ਕੇ ਸਬਜ਼ੀ ਖ਼ਰੀਦਣ ਵੇਲੇ ਧਰਮ ਪੁੱਛਣ ਦਾ ਮਾਹੌਲ ਸਿਰਜੇਗੀ, ਧਰਮ ਪੁੱਛਕੇ NSA ਲੱਗੇਗੀ, ਧਰਮ ਪੁੱਛ ਕੇ ਰਾਜਨੀਤਕ ਪਰਟੀਆਂ ਚਲਣਗੀਆਂ, ਧਰਮ ਪੁੱਛ ਕੇ ਕਤਲੇਆਮ ਤੇ ਸਮੂਹਿਕ ਬਲਾਤਕਾਰ ਹੋਣਗੇ,ਅਦਾਲਤਾਂ ਧਰਮ ਪੁੱਛ ਕੇ ਇਨਸਾਫ ਦੇਵਣਗੀਆਂ, ਧਰਮ ਪੁੱਛ ਕੇ ਨੌਕਰੀਆਂ ਮਿਲਣਗੀਆਂ ਤਾਂ ਇੱਕ ਦਿਨ ਜ਼ਹਿਰੀਲੀ ਰਾਜਨੀਤੀ ਏਨੀ ਫੈਲ ਜਾਵੇਗੀ ਕਿ ਗੋਲੀ ਮਾਰਨ ਤੋਂ ਪਹਿਲਾਂ ਵੀ ਕੋਈ ਧਰਮ ਪੁੱਛ ਲਵੇਗਾ, ਜਿਸ ਦਾ ਪ੍ਰਤੱਖ ਰੂਪ ਪਹਿਲਗਾਮ ਵਿੱਚ ਹੋਏ ਅਤਵਾਦੀ ਹਮਲੇ ਨੇ ਸਿੱਧ ਕਰ ਦਿੱਤਾ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਗੁਰਦੀਪ ਸਿੰਘ ਕਾਲੀ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਹੇ ਉਹਨਾਂ ਨੇ ਅੱਗੇ ਕਿਹਾ ਕਿ ਭਾਰਤ ਵਿੱਚ ਭਾਰਤ ਦੀ ਰਾਜਨੀਤਿਕ ਜਮਾਤ ਇੱਥੇ ਦੇ ਲੋਕਾਂ ਨੂੰ ਕੀੜੇ ਮਕੌੜੇ ਸਮਝਦੀ ਹੈ ਜਦ ਕਦੇ ਉਨ੍ਹਾਂ ਦੀ ਰਾਜਨੀਤਿਕ ਕੁਰਸੀ ਖਿਸਕਦੀ, ਉਹ ਅਜਿਹੇ ਵਰਤਾਰੇ ਕਰਵਾਉਂਦੀ ਰਹਿੰਦੀ ਹੈ ਅਤੇ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਭਾਰਤ ਅੰਦਰ ਲਗਾਤਾਰ ਧਰਮ ਅਤੇ ਜਾਤ ਦੀ ਲੜਾਈ ਸਿਖਰ ਵੱਲ ਜਾ ਰਹੀ ਹੈ ਜੋ ਕਿ ਇਕ ਸਭਿਅਕ ਸਮਾਜ ਲਈ ਬਹੁਤ ਹੀ ਘਾਤਕ ਹੈ ਜਦਕਿ ਸਾਡਾ ਸੰਵਿਧਾਨ ਧਰਮ ਅਤੇ ਜਾਤ ਦੇ ਅਧਾਰ ਤੇ ਨਹੀਂ ਸਾਰੇ ਧਰਮਾਂ ਅਤੇ ਜਾਤਾਂ ਨੂੰ ਬਰਾਬਰਤਾ ਦਿੰਦਾ ਹੈ,ਜੰਮੂ ਕਸ਼ਮੀਰ ਵਿੱਚ ਪਹਿਲਾਂ 36 ਸਿੰਘਪੁਰਾ ਵਿੱਚ ਸਿੱਖਾਂ ਦਾ ਸਮੂਹਿਕ ਕਤਲ ਕੀਤਾ ਗਿਆ ਫਿਰ ਵੱਡੀ ਗਿਣਤੀ ਵਿੱਚ ਪੁਲਵਾਮਾ ਵਿੱਚ ਫੌਜੀ ਅਟੈਕ ਵਿੱਚ ਬਹੁਤ ਸਾਰੇ ਫੌਜ ਦੇ ਜਵਾਨ ਮਾਰੇ ਗਏ ਅਤੇ ਹੁਣ ਪਹਿਲਗਾਮ ਵਿੱਚ ਇਸ ਤਰ੍ਹਾਂ ਦਾ ਧਰਮ ਦੇ ਆਧਾਰ ਤੇ ਬੰਦਿਆਂ ਨੂੰ ਮਾਰਨਾ ਦੇਸ਼ ਨੂੰ ਤੋੜਨ ਦੀ ਇੱਕ ਵੱਡੀ ਸਾਜਿਸ਼ ਹੈ। ਇਸ ਲਈ 36 ਸਿੰਘਪੁਰਾ ਪੁਲਗਾਮਾ ਅਤੇ ਪਹਿਲਗਾਮ ਵਰਗੀਆਂ ਘਟਨਾਵਾਂ ਦੀ ਯੂਐਨ ਦੀਆਂ ਏਜੰਸੀਆਂ ਦੁਆਰਾ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਦਾ ਅਸਲੀ ਸੱਚ ਸਾਹਮਣੇ ਆਉਣਾ ਚਾਹੀਦਾ ਹੈ



# ਦਇਆਨੰਦ ਹਸਪਤਾਲ ਨੇ ਅਤਿ-ਆਧੁਨਿਕ ਕੰਸਟੇਲੇਸ਼ਨ ਵਿਜ਼ਨ ਸਿਸਟਮ ਲਾਂਚ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com


ਲੁ ਧਿ ਆ ਣਾ (ਗੁਰਦੀਪ ਸਿੰਘ) ਅੱਖਾਂ ਦੇ ਵਿਭਾਗ, ਦਇਆਨੰਦ ਹਸਪਤਾਲ ਨੇ ਅਤਿ-ਆਧੁਨਿਕ ਕੰਸਟੇਲੇਸ਼ਨ ਵਿਜ਼ਨ ਸਿਸਟਮ ਦਾ ਉਦਘਾਟਨ ਕੀਤਾ, ਜੋ ਕਿ ਐਡਵਾਂਸਡ ਵਿਟ੍ਰੀਓ-ਰੇਟਿਨਲ ਸਰਜਰੀਆਂ ਲਈ ਤਿਆਰ ਕੀਤਾ ਗਿਆ ਇੱਕ ਅਤਿ-ਆਧੁਨਿਕ ਪਲੇਟਫਾਰਮ ਹੈ।ਉਦਘਾਟਨ ਸਮਾਰੋਹ ਵਿੱਚ ਸ਼੍ਰੀ ਬਿਪਿਨ ਗੁਪਤਾ, ਸਕੱਤਰ, ਦਇਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਮੈਨੇਜਿੰਗ ਸੋਸਾਇਟੀ; ਸ਼੍ਰੀ ਮੁਕੇਸ਼ ਵਰਮਾ, ਖਜ਼ਾਨਚੀ, ਡਾ. ਸੰਦੀਪ ਸ਼ਰਮਾ, ਮੈਡੀਕਲ ਸੁਪਰਡੈਂਟ; ਅਤੇ ਡਾ. ਸੰਦੀਪ ਕੌਸ਼ਲ, ਡੀਨ ਸ਼ਾਮਿਲ ਸਨ।ਡਾ. ਗੁਰਵਿੰਦਰ ਕੌਰ, ਪ੍ਰੋਫੈਸਰ ਅਤੇ ਮੁਖੀ; ਡਾ. ਪੱਲਵੀ ਸਿੰਘ, ਵਿਟ੍ਰੀਓ ਰੈਟਿਨਾ ਅਤੇ ਯੂਵੀਆ ਸਪੈਸ਼ਲਿਸਟ; ਡਾ. ਪ੍ਰਿਯੰਕਾ ਅਰੋੜਾ, ਪ੍ਰੋਫੈਸਰ; ਡਾ. ਰਿਤੇਸ਼ ਵਰਮਾ, ਸਹਾਇਕ ਪ੍ਰੋਫੈਸਰ; ਡਾ. ਰਸ਼ਮੀ ਮਲਹੋਤਰਾ, ਅਸਿਸਟੈਂਟ ਪ੍ਰੋਫੈਸਰ ਆਫ਼ ਓਫਥੈਲਮੋਲੋਜੀ ਵਿਭਾਗ ਅਤੇ ਵੀ ਆਰ ਐਸ ਓ ਟੀ ਸਟਾਫ ਇਸ ਮੌਕੇ ਮੌਜੂਦ ਸਨ।ਕੰਸਟੇਲੇਸ਼ਨ ਵਿਜ਼ਨ ਸਿਸਟਮ ਗੁੰਝਲਦਾਰ ਰੈਟਿਨਾ ਪ੍ਰਕਿਰਿਆਵਾਂ ਦੀ ਸ਼ੁੱਧਤਾ, ਸੁਰੱਖਿਆ ਅਤੇ ਨਤੀਜਿਆਂ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦਾ ਹੈ, ਜਿਸ ਨਾਲ ਰੈਟਿਨਾ ਡਿਟੈਚਮੈਂਟ, ਡਾਇਬੀਟਿਕ ਰੈਟੀਨੋਪੈਥੀ, ਵਿਟ੍ਰੀਅਸ ਹੈਮਰੇਜ, ਟ੍ਰੈਕਸ਼ਨਲ ਰੈਟਿਨਾ ਡਿਟੈਚਮੈਂਟ, ਐਪੀਰੇਟਿਨਲ ਝਿੱਲੀ, ਮੈਕੂਲਰ ਹੋਲ ਅਤੇ ਹੋਰ ਗੰਭੀਰ ਵਿਟ੍ਰੀਓਰੇਟੀਨਲ ਵਿਕਾਰ ਤੋਂ ਪੀੜਤ ਮਰੀਜ਼ਾਂ ਨੂੰ ਲਾਭ ਹੁੰਦਾ ਹੈ।ਸ਼੍ਰੀ ਬਿਪਿਨ ਗੁਪਤਾ ਨੇ ਕਿਹਾ ਕਿ, ਡੀਐਮਸੀ ਅਤੇ ਐਚ ਹਮੇਸ਼ਾ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਕੇ ਅਤੇ ਵਿਸ਼ਵ ਪੱਧਰੀ ਉਪਕਰਣ ਪ੍ਰਾਪਤ ਕਰਕੇ ਖੇਤਰ ਦੇ ਮਰੀਜ਼ਾਂ ਨੂੰ ਸਹੂਲਤਾਂ ਲਈ ਸਭ ਤੋਂ ਵਧੀਆ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਡਾ. ਜੀ.ਐਸ. ਵਾਂਡਰ ਪ੍ਰਿੰਸੀਪਲ ਨੇ ਕਿਹਾ ਕਿ ਨੇਤਰ ਸਰਜਰੀ ਵਿੱਚ ਇਹ ਤਕਨੀਕੀ ਤਰੱਕੀ ਰੈਟਿਨਾ ਦੇਖਭਾਲ ਦੀ ਗੁਣਵੱਤਾ ਨੂੰ ਬਹੁਤ ਵਧਾਏਗੀ।ਇਸ ਮੌਕੇ 'ਤੇ ਬੋਲਦਿਆਂ, ਡਾ. ਗੁਰਵਿੰਦਰ ਕੌਰ, ਸਾਡੇ ਆਰਮੈਂਟੇਰੀਅਮ ਵਿੱਚ ਇਸ ਨਵੀਨਤਮ ਅਤੇ ਉੱਨਤ ਮਸ਼ੀਨ ਨੂੰ ਜੋੜਨ ਨਾਲ ਅਸੀਂ ਉੱਚ ਗੁਣਵੱਤਾ ਵਾਲੇ ਸਰਜੀਕਲ ਨਤੀਜੇ ਪ੍ਰਦਾਨ ਕਰਨ ਅਤੇ ਰੈਟਿਨਾ ਦੇਖਭਾਲ ਪ੍ਰਦਾਨ ਕਰਨ ਵਿੱਚ ਉੱਤਮਤਾ ਦਾ ਕੇਂਦਰ ਬਣਨ ਲਈ ਤਿਆਰ ਹਾਂ।ਡਾ. ਪੱਲਵੀ ਸਿੰਘ, ਵਿਟ੍ਰੀਓ ਰੈਟੀਨਾ ਅਤੇ ਯੂਵੀਆ ਸਪੈਸ਼ਲਿਸਟ, ਨੇ ਸਾਂਝਾ ਕੀਤਾ ਕਿ ਇਸ ਅਤਿ-ਆਧੁਨਿਕ ਉਪਕਰਣ ਦੇ ਜੋੜ ਨਾਲ, ਡੀਐਮਸੀ ਐਂਡ ਐੱਚ ਖੇਤਰ ਦੇ ਬਹੁਤ ਘੱਟ ਕੇਂਦਰਾਂ ਵਿੱਚੋਂ ਇੱਕ ਬਣ ਗਿਆ ਹੈ ਜੋ ਸਿਉਚਰ ਰਹਿਤ 25ਜੀ ਅਤੇ 27ਜੀ ਵਿਟ੍ਰੈਕਟੋਮੀ ਦੇ ਨਾਲ ਉੱਨਤ ਅਤੇ ਵਿਆਪਕ ਰੈਟੀਨਾ ਦੇਖਭਾਲ ਦੀ ਪੇਸ਼ਕਸ਼ ਕਰਦਾ ਹੈ।



# ਪਿੰਡ ਝੰਡੇਰ ਕਲਾਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ ਫਰੀ ਬੈੱਡ ਸੇਵਾ ਦੇ ਬੋਰਡ ਲੱਗੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ 23 ਅਪਰੈਲ (ਚਰਨਜੀਤ ਸੱਲ੍ਹਾ) ਪਿੰਡ ਝੰਡੇਰ ਕਲਾਂ ਦੇ ਜੰਮਪਲ ਭਰਾਵਾਂ ਸਮਾਜ ਸੇਵਕ ਭਰਾਵਾਂ ਅਵਤਾਰ ਸਿੰਘ ਬਿਣੰਗ ਯੂ. ਕੇ. ਅਤੇ ਅਮਰੀਕ ਸਿੰਘ ਬਿਣੰਗ ਕਨੈਡਾ ਨੇ ਆਪਣੇ ਸਤਿਕਾਰਯੋਗ ਪਿਤਾ ਜੀ ਸਵ: ਸੂਬੇਦਾਰ ਅਜੀਤ ਸਿੰਘ ਬਿਣੰਗ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਆਪਣੇ ਜੱਦੀ ਪਿੰਡ ਝੰਡੇਰ ਕਲਾਂ ਦੇ ਲੋੜਵੰਦ ਮਰੀਜ਼ਾਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇੱਕ ਬੈੱਡ ਫਰੀ ਕਰਵਾਏ ਜਾਣ ਦਾ ਸਮਾਚਾਰ ਹੈ, ਜਿਸ ਨਾਲ ਲੋੜਵੰਦ ਨਗਰ ਨਿਵਾਸੀਆਂ ਨੂੰ ਢਾਹਾਂ ਕਲੇਰਾਂ ਹਸਪਤਾਲ ਵਿਖੇ ਦਾਖਲ ਹੋ ਕੇ ਇਲਾਜ ਕਰਵਾਉਣ ਮੌਕੇ ਫਰੀ ਬੈਡ ਦੀ ਸਹੂਲਤ ਪ੍ਰਾਪਤ ਹੋਵੇਗੀ । ਫਰੀ ਬੈੱਡ ਸੇਵਾ ਸਬੰਧੀ ਜਾਗਰੁਕ ਕਰਨ ਸਬੰਧੀ ਹਸਪਤਾਲ ਢਾਹਾਂ ਕਲੇਰਾਂ ਵੱਲੋ ਪਿੰਡ ਝੰਡੇਰ ਕਲਾਂ ਵਿਖੇ ਫਰੀ ਬੈਡ ਸੇਵਾ ਦੇ ਬੋਰਡ ਲਗਵਾਏ ਹਨ । ਇਸ ਮੌਕੇ ਸਮਾਜ ਸੇਵਕ ਭਰਾਵਾਂ ਅਵਤਾਰ ਸਿੰਘ ਬਿਣੰਗ ਯੂ. ਕੇ. ਅਤੇ ਅਮਰੀਕ ਸਿੰਘ ਬਿਣੰਗ ਕਨੈਡਾ ਨੇ ਸਮੂਹ ਨਗਰ ਨਿਵਾਸੀਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮਿਆਰੀ ਸਿਹਤ ਸੇਵਾਵਾਂ ਦਾ ਅਤੇ ਫਰੀ ਬੈਡ ਸੇਵਾ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ । ਭਾਈ ਸੁਖਮਿੰਦਰ ਸਿੰਘ ਨੇ ਪਿੰਡ ਝੰਡੇਰ ਕਲਾਂ ਲਈ ਫਰੀ ਬੈੱਡ ਸੇਵਾ ਆਰੰਭ ਕਰਵਾਉਣ ਲਈ ਸਮੂਹ ਨਗਰ ਨਿਵਾਸੀਆਂ ਵੱਲੋਂ ਸਮਾਜ ਸੇਵਕ ਬਿਣੰਗ ਭਰਾਵਾਂ ਦਾ, ਸਮੂਹ ਨਗਰ ਨਿਵਾਸੀਆਂ ਅਤੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਸ.ਕੁਲਵਿੰਦਰ ਸਿੰਘ ਢਾਹਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਉਹਨਾਂ ਨੇ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮੈਡੀਕਲ ਸਹੂਲਤਾਂ ਬਾਰੇ ਵੀ ਦੱਸਿਆ । ਪਿੰਡ ਵਿਚ ਫਰੀ ਬੈੱਡ ਸੇਵਾ ਦੇ ਬੋਰਡ ਲਗਾਉਣ ਮੌਕੇ ਕਮਲਜੀਤ ਸਿੰਘ ਅਕਾਊਂਟੈਂਟ ਹਸਪਤਾਲ ਢਾਹਾਂ ਕਲੇਰਾਂ, ਖੜਕਜੀਤ ਸਿੰਘ, ਮਨਜੀਤ ਸਿੰਘ ਯੂ ਐਸ ਏ, ਸੁਰਿੰਦਰ ਕੁਮਾਰ, ਪਰਮਜੀਤ ਸਿੰਘ, ਮਹਿੰਦਰ ਸਿੰਘ, ਪਾਲ ਰਾਮ, ਜੀਤ ਰਾਮ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ ।



ਫੋਟੋ ਕੈਪਸ਼ਨ : ਪਿੰਡ ਝੰਡੇਰ ਕਲਾਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਫਰੀ ਬੈੱਡ ਸੇਵਾ ਦੇ ਬੋਰਡ ਲਗਾਉਣ ਮੌਕੇ ਅਵਤਾਰ ਸਿੰਘ ਬਿਣੰਗ, ਅਮਰੀਕ ਸਿੰਘ ਬਿਣੰਗ, ਸੁਖਮਿੰਦਰ ਸਿੰਘ ਅਤੇ ਹੋਰ ਪਤਵੰਤੇ

# ਸੁਪਰ ਸੀਨੀਅਰ ਰੇਡੀਓਗਰਾਫਰਜ਼ ਨੂੰ ਕੀਤਾ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ ) ਰਿਟਾਇਰਡ ਸੀਨੀਅਰ ਰੇਡੀਓਗਰਾਫਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਵਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਜ਼ੋ ਕਿ ਡਾਕਟਰ ਹੋਮੀ ਜਹਾਂਗੀਰ ਭਾਭਾ ਪ੍ਰਮਾਣੂ ਊਰਜਾ ਦੇ ਖੋਜਕਾਰ - ਉਘੇ ਭੋਤਿਕ ਵਿਗਿਆਨੀ ਅਤੇ ਉਰਦੂ, ਪੰਜਾਬੀ ਤੇ ਹਿੰਦੀ ਦੇ ਉਘੇ ਲੇਖਕ ਸਾਹਿਰ ਲੁਧਿਆਣਵੀ ਨੂੰ ਸਮਰਪਿਤ ਸੀ , ਅਯੋਜਿਤ ਕੀਤਾ ਗਿਆ। ਇਹ ਸਮਾਗਮ ਸਰਵ ਸ੍ਰੀ ਹਰੀ ਬਿਲਾਸ ਹੀਉਂ , ਗੁਰਵਿੰਦਰ ਸਿੰਘ ਭੁੱਲਰ, ਗੋਪਾਲ ਸਿੰਘ ਸੰਧੂ, ਈਸ਼ਰ ਪਾਲ ਸਿੰਘ, ਦਲਬੀਰ ਸਿੰਘ, ਗੋਪਾਲ ਕਿਸ਼ਨ ਸ਼ਰਮਾ, ਚੰਦਰ ਪ੍ਰਕਾਸ਼ ਗਰਗ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਹਰੀ ਬਿਲਾਸ ਹੀਉਂ ਨੇ ਡਾਕਟਰ ਹੋਮੀ ਜਹਾਂਗੀਰ ਭਾਭਾ ਵਾਰੇ ਸੰਖੇਪ ਤੇ ਵਿਸ਼ੇਸ਼ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਹੈ ਉਹ ਆਜ਼ਾਦ ਭਾਰਤ ਦੇ ਰੇਡੀਏਸ਼ਨ ਅਤੇ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਪਹਿਲੇ ਵਿਗਿਆਨੀ ਤੇ ਖੋਜੀ ਸਨ । ਉਹਨਾਂ ਦੁਆਰਾ ਹੀ ਆਜ਼ਾਦ ਭਾਰਤ ਵਿੱਚ ਆਪਣੇ ਪੱਧਰ 'ਤੇ ਹੀ ਭਾਰਤ ਸਰਕਾਰ ਨਾਲ ਸਾਂਝੇ ਯਤਨਾਂ ਸਦਕਾ "ਭਾਭਾ ਐਟੋਮਿਕ ਰਿਸਰਚ ਸੈਂਟਰ" ਅਤੇ "ਅਟੋਮਿਕ ਅਨਰਜੀ ਰੈਗੂਲੈਰਟੀ ਬੋਰਡ" ਦੀ ਸੰਰਚਨਾ ਕੀਤੀ। ਡਾਕਟਰ ਹੋਮੀ ਭਾਭਾ ਦੀਆਂ ਖੋਜਾਂ ਤੇ ਯਤਨਾਂ ਦਾ ਹੀ ਸਿੱਟਾ ਹੈ ਕਿ ਅਜੋਕੇ ਸਮੇਂ ਭਾਰਤ ਦਾ ਨਾਮ , ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਦੁਨੀਆਂ ਦੇ ਉਘੇ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਹੈ। ਇਹ ਸਮਾਗਮ ਰੀਜੈਂਟਾ ਕਲਾਸਿਕ ਹੋਟਲ,ਲੁਧਿਆਣਾ ਵਿਖੇ ਹੋਣ ਕਰਕੇ , ਲੁਧਿਆਣਾ ਦੇ ਹੀ ਜੰਮ-ਪਲ , ਉਰਦੂ, ਪੰਜਾਬੀ ਤੇ ਹਿੰਦੀ ਦੇ ਉਘੇ ਲੇਖਕ ਸਾਹਿਰ ਲੁਧਿਆਣਵੀ ਨੂੰ ਸਮਰਪਿਤ ਕੀਤਾ ਗਿਆ।ਇਸ ਮੌਕੇ 'ਤੇ ਸਰਵ ਸ੍ਰੀ ਗੁਰਵਿੰਦਰ ਸਿੰਘ ਭੁੱਲਰ, ਗੋਪਾਲ ਸਿੰਘ ਸੰਧੂ, ਦਲਬੀਰ ਸਿੰਘ, ਗੋਪਾਲ ਕਿਸ਼ਨ, ਐਸ. ਕੇ. ਸਰੀਨ, ਸੁਰਜੀਤ ਸਿੰਘ ਗਿੱਲ, ਅਸ਼ਵਨੀ ਕੁਮਾਰ, ਜਗਦੀਸ਼ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਪ੍ਰੋਗਰਾਮ ਵਿੱਚ ਮੈਡੀਕਲ ਰੇਡੀਓਗਰਾਫੀ ਕੈਟਾਗਰੀ ਦੇ 20 ਤੋਂ ਵੱਧ ਸੇਵਾ-ਮੁਕਤ ਸੁਪਰ ਸੀਨੀਅਰ ਰੇਡੀਓਗਰਾਫਰਜ਼ ਨੂੰ ਯਾਦਗਾਰੀ ਮੋਮੈਂਟੋ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ , ਜਿਨ੍ਹਾਂ ਵਿੱਚ ਸਰਵ ਸ੍ਰੀ ਪੁਸ਼ਪ ਰਾਜ ਸ਼ਰਮਾ, ਸੁਰਜੀਤ ਸਿੰਘ ਗਿੱਲ (ਕਨੇਡਾ), ਸੁਭਾਸ਼ ਚੰਦਰ ਕੁੰਦੀ, ਪ੍ਰੇਮਜੀਤ ਸਿੰਘ, ਸੁਭਾਸ਼ ਚੰਦਰ ਲੁਧਿਆਣਾ, ਸ਼ਰਨਜੀਤ ਕੌਰ ਕਪੂਰਥਲਾ, ਰਜਿੰਦਰ ਦੱਤ, ਅਸ਼ਵਨੀ ਕੁਮਾਰ,ਗਿ:ਮਨਮੋਹਨ ਸਿੰਘ, ਐਸ. ਕੇ. ਸਰੀਨ,ਮੇਵਾ ਸਿੰਘ ,ਲੇਟ ਪਵਨ ਕੁਮਾਰ ਬਾਂਸਲ, ਲੇਟ ਲਾਲ ਸਿੰਘ, ਵਰਿੰਦਰ ਬਜਾਜ, ਗੁਰਦਾਸ ਸਿੰਘ, ਨਛੱਤਰ ਸਿੰਘ, ਪਰਮਜੀਤ ਕੌਰ , ਜਗਦੀਸ਼ ਸਿੰਘ, ਸੁਰਿੰਦਰ ਸਿੰਘ ਅਤੇ ਵਿਜੈ ਗੋਇਲ ਸ਼ਾਮਲ ਸਨ।

ਇਸ ਸਮੇਂ ਸਮੂਹ ਰਿਟਾਇਰਡ ਸੀਨੀਅਰ ਰੇਡੀਓਗਰਾਫਰਜ਼ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਬਿਨਾਂ ਦੇਰ ਹਲ ਕੀਤਾ ਜਾਵੇ ਅਤੇ ਬਕਾਏ ਤੁਰੰਤ ਦਿੱਤੇ ਜਾਣ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਜਤਿੰਦਰ ਸਿੰਘ, ਪ੍ਰਕਾਸ਼ ਚੰਦ ਦੋਸ਼ੀ,ਅਵਤਾਰ ਸਿੰਘ, ਸੁਖਵੀਰ ਸਿੰਘ ਚਾਹਲ, ਅਮਨ ਬਾਂਸਲ, ਕੁਲਵੰਤ ਸਿੰਘ, ਤੇ ਸ਼੍ਰੀਮਤੀ ਰਾਜਵਿੰਦਰ ਕੌਰ ਸ਼ਾਮਲ ਸਨ। ਇਸ ਸਮੇਂ ਸਭਨਾਂ ਮੈਂਬਰਾਨ ਨੇ ਸ: ਦਵਿੰਦਰਪਾਲ ਸਿੰਘ ਵਲੋਂ ਨਿਭਾਈਆਂ ਸੇਵਾਵਾਂ ਦੀ ਖਾਸ ਕਰਕੇ ਪ੍ਰਸੰਸਾ ਕੀਤੀ ਗਈ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰੀ ਹਰੀ ਬਿਲਾਸ ਹੀਉਂ ਨੇ ਨਿਭਾਈ ਅਤੇ ਸਮੂਹ ਮੈਂਬਰਾਨ ਦਾ ਇਸ ਸਮਾਗਮ ਦੀ ਸਫਲਤਾ ਤੇ ਸਹਿਯੋਗ ਲਈ ਧੰਨਵਾਦ ਕੀਤਾ।

ਹਰੀਬਿਲਾਸ ਹੀਉਂ
9417388933



# ਸੜਕ ਹਾਦਸਿਆਂ ਵਿੱਚ ਕਿਸਾਨਾਂ ਦੀ ਹਿਫ਼ਾਜ਼ਤ ਲਈ ਪੰਜਾਬ ਦਾ ਵੱਡਾ ਕਦਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਸਰਗਰਮ ਪੁਲਿਸਿੰਗ ਅਤੇ ਲੋਕਾਂ ਦੀ ਸੁਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ, ਪੰਜਾਬ ਪੁਲਿਸ ਨੇ ਯਾਰਾ ਇੰਡੀਆ ਦੇ ਸਹਿਯੋਗ ਨਾਲ ਬੁੱਧਵਾਰ ਨੂੰ ਇੱਥੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਵਿਸ਼ੇਸ਼ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ' ਆਈ ਐਮ ਸੇਫ਼ਟੀ ਹੀਰੋ' ਦੀ ਸ਼ੁਰੂਆਤ ਕੀਤੀ । ਇਹ ਮੁਹਿੰਮ ਪੰਜਾਬ ਪੁਲਿਸ ਦੇ ਟਰੈਫਿਕ ਅਤੇ ਸੜਕ ਸੁਰੱਖਿਆ ਵਿੰਗ ਦੁਆਰਾ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ।

ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਟਰੈਫਿਕ ਅਤੇ ਸੜਕ ਸੁਰੱਖਿਆ ਏ.ਐਸ. ਰਾਏ ਨੇ ਮੁਹਿੰਮ ਦੀ ਰਸਮੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਖੇਤੀਬਾੜੀ ਵਾਹਨਾਂ, ਖਾਸ ਕਰਕੇ ਟਰੈਕਟਰ-ਟਰਾਲੀਆਂ ਨਾਲ ਸਬੰਧਤ ਸੜਕ ਹਾਦਸਿਆਂ ਦੀ ਵੱਧ ਰਹੀ ਗਿਣਤੀ ਨੂੰ ਸਿੱਖਿਆ, ਜਾਗਰੂਕਤਾ ਅਤੇ ਸਮੂਹਿਕ ਜ਼ਿੰਮੇਵਾਰੀ ਰਾਹੀਂ ਨਜਿੱਠਣਾ ਹੈ।

ਇਸ ਦੌਰਾਨ, ਟਰੈਕਟਰ-ਟਰਾਲੀਆਂ ਲਈ ਰਿਫਲੈਕਟਿਵ ਸੁਰੱਖਿਆ ਸਟਿੱਕਰ ਜਾਰੀ ਕੀਤੇ ਗਏ ਅਤੇ ਨਾਲ ਹੀ ਸਾਲ ਭਰ ਜਾਗਰੂਕਤਾ ਮੁਹਿੰਮਾਂ ਦਾ ਸਮਰਥਨ ਕਰਨ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਜਾਣਕਾਰੀ, ਸਿੱਖਿਆ ਅਤੇ ਸੰਚਾਰ (ਆਈਈਸੀ) ਸਮੱਗਰੀ ਵੀ ਪੇਸ਼ ਕੀਤੀ ਗਈ। ਯਾਰਾ ਸਾਊਥ ਏਸ਼ੀਆ ਦੇ ਮੈਨੇਜਿੰਗ ਡਾਇਰੈਕਟਰ ਸੰਜੀਵ ਕੰਵਰ ਅਤੇ ਪੰਜਾਬ ਰੋਡ ਸੇਫਟੀ ਐਂਡ ਟਰੈਫਿਕ ਰਿਸਰਚ ਸੈਂਟਰ (ਪੀਆਰਐਸਟੀਆਰਸੀ) ਦੇ ਡਾਇਰੈਕਟਰ ਡਾ. ਨਵਦੀਪ ਅਸੀਜਾ ਵੀ ਇਸ ਮੌਕੇ ਮੌਜੂਦ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

# ਬਾਬਾ ਸਾਹਿਬ ਅੰਬੇਡਕਰ ਦੇ ਨਾਂ ਇਕ ਖੁਲ੍ਹੀ ਚਿੱਠੀ

ਫਤਿਹਜੰਗ ਸਿੰਘ 98726-70278



ਬਹੁਤ ਹੀ ਸਤਿਕਾਰਯੋਗ ਬਾਬਾ ਸਾਹਿਬ ਜੀਓ, ਜੈ ਭੀਮ, ਜੈ ਭਾਰਤ। ਨਮੋ ਬੁਧਾਇ

ਅੱਜ ਤੁਹਾਡੇ 134ਵੇਂ ਜਨਮ ਦਿਨ 'ਤੇ ਤੁਹਾਡੇ ਨਾਲ ਕੁਝ ਗੱਲਾਂ ਕਰਨ 'ਤੇ ਦਿਲ ਉਮੜ ਆਇਆ ਹੈ ਜਿਸਨੂੰ ਮੈਂ ਰੋਕ ਨਾ ਸਕਿਆ ਬਾਬਾ ਸਾਹਿਬ, ਤੁਹਾਡਾ ਜਨਮ ਦਿਨ ਮਨਾਉਣਾ ਅੱਜ ਪਿੰਡ ਸ਼ਹਿਰ ਤੋਂ ਲੈ ਕੇ ਸੂਬਾ ਜਾਂ ਦੇਸ਼ ਤਕ ਹੀ ਸੀਮਿਤ ਨਹੀਂ ਰਿਹਾ ਸਗੋਂ ਦੁਨੀਆਂ ਦੇ ਬਹੁਗਿਣਤੀ ਦੇਸਾਂ ਵਿਚ ਵੀ ਬੜੀ ਧੂਮ-ਧਾਮ ਨਾਲ ਮਨਾਇਆ ਜਾਣ ਲਗ ਪਿਆ ਹੈ। ਸਾਨੂੰ ਮਾਣ ਹੈ ਕਿ ਤੁਹਾਡੀ ਮਿਕਨਾਤੀਸੀ ਸਖਸ਼ੀਅਤ ਦੀ ਖੁਸ਼ਬੋ ਤੇਜ਼ੀ ਨਾਲ ਸਾਰੀ ਦੁਨੀਆਂ ਵਿਚ ਫੈਲ ਰਹੀ ਹੈ। ਸਾਡੇ ਲਈ ਇਹ ਅਤਿਅੰਤ ਖੁਸ਼ੀ ਦੀ ਗੱਲ ਹੈ ਕਿ ਜਿਸਨੂੰ ਕਦੇ ਸਿਰਫ਼ ਅਛੂਤਾਂ ਦਾ ਨੇਤਾ ਕਰਕੇ ਹੀ ਪ੍ਰਚਾਰਿਆ ਗਿਆ ਸੀ ਅੱਜ ਉਸਨੂੰ ਅੰਤਰ ਰਾਸ਼ਟਰੀ ਪ੍ਰਸਿਧੀ ਵਾਲੇ ਸੰਘਰਸ਼ਸ਼ੀਲ ਯੋਧੇ ਨੈਲਸਨ ਮੰਡੇਲਾ (ਦੱਖਣੀ ਅਫਰੀਕਾ ਦੇ ਰਾਸ਼ਟਰਪਤੀ) ਨੇ ਆਪਣੇ ਦੇਸ਼ ਦਾ ਸੰਵਿਧਾਨ ਬਣਾਉਣ ਲੱਗਿਆਂ ਭਾਰਤ ਦੇ ਸੰਵਿਧਾਨ ਤੋਂ ਪ੍ਰੇਰਣਾ ਲਈ ਅਤੇ ਮੰਨਿਆ ਕਿ ਉਸ 'ਤੇ ਭਾਰਤ ਦੇ ਮਹਾਨ ਸਪੂਤ ਡਾ. ਅੰਬੇਡਕਰ ਦੇ ਕੰਮ ਅਤੇ ਵਿਚਾਰਾਂ ਦੀ ਡੂੰਘੀ ਛਾਪ ਰਹੇਗੀ। ਉਹਨਾਂ ਨੇ ਹੋਰ ਆਖਿਆ ਕਿ ਸਮਾਜਿਕ ਨਿਆਂ ਅਤੇ ਦਬਿਆਂ ਕੁਚਲਿਆਂ ਦੇ ਕਲਿਆਣ ਹਿੱਤ ਡਾ. ਅੰਬੇਡਕਰ ਦੀ • ਦੇਣ ਰੀਸ ਕਰਨ ਯੋਗ ਹੈ। ਬਾਬਾ ਸਾਹਿਬ, ਤੁਸੀਂ ਇਕ ਵਾਰੀ ਆਪਣੇ ਜਨਮ ਦਿਨ 'ਤੇ ਸਾਵਧਾਨ ਕੀਤਾ ਸੀ ਕਿ ਖਿਆਲ ਰਹੇ ਕਿ ਜਨਮ ਦਿਨ ਮਨਾਉਣੇ ਨਾਇਕ ਪੂਜਾ ਵਿਚ ਨਾ ਬਦਲਣ ਸਾਨੂੰ ਇਸਤੋਂ ਪ੍ਰੇਰਣਾ ਲੈ ਲੈਣੀ ਚਾਹੀਦੀ ਹੈ। ਜੌਹਨ ਮੇਜਰ, ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਆਖਿਆ ਸੀ ਉਸ ਵਿਅਕਤੀ ਦਾ ਜਨਮ ਦਿਨ

ਮਨਾਉਣਾ ਖਾਸ ਮਹੱਤਵ ਰੱਖਦਾ ਹੈ ਜਿਸਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਇੰਨੀ ਮਹੱਤਵਪੂਰਣ ਦੇਣ (ਸੰਵਿਧਾਨ) ਦਿੱਤੀ ਅਤੇ ਭਾਰਤ ਦੇ ਆਮ ਲੋਕਾਂ ਦੇ ਹਿੱਤਾਂ ਨੂੰ ਅਗੇ ਵਧਾਇਆ।"

ਬਾਬਾ ਸਾਹਿਬ, ਅੱਜ ਤੁਹਾਡੇ ਕੀਤੇ ਕੰਮਾਂ ਦੀ ਹਰ ਪਾਸੇ ਇੰਨੀ ਗੂੰਜ ਹੈ ਕਿ ਵਿਅਕਤੀਗਤ ਤੌਰ 'ਤੇ ਹਰ ਸਿਆਸੀ ਪਾਰਟੀ ਵੀ ਤੁਹਾਡਾ ਨਾਂ ਲੈਣਾ ਜਰੂਰੀ ਸਮਝਦੀ ਹੈ ਤੇ ਇਕ ਤਰ੍ਹਾਂ ਨਾਲ ਇਹ ਉਹਨਾਂ ਦੀ ਮਜਬੂਰੀ ਵੀ ਬਣ ਗਈ ਹੈ। ਇਸ ਸਬੰਧ ਵਿਚ ਕੁਝ ਮਹੀਨੇ ਪਹਿਲਾਂ ਵਾਪਰੀ ਇਕ ਘਟਨਾ ਬਾਰੇ ਤੁਹਾਨੂੰ ਦੱਸਦਾ ਹਾਂ ਜਿਸਤੋਂ ਪਤਾ ਲਗਦਾ ਹੈ ਕਿ 'ਵਿਰੋਧੀ' ਤੁਹਾਡੇ ਨਾਂ ਦੀ ਗੂੰਜ ਤੋਂ ਕਿੰਨੀ ਬੁਖਲਾਹਟ ਵਿਚ ਆ ਰਹੇ ਹਨ। ਮਿਤੀ 17.12.2024 ਨੂੰ ਭਾਰਤ ਦੇ ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ ਦੀ ਸੱਜੀ ਬਾਂਹ ਆਖੇ ਜਾਂਦੇ ਇੱਕ ਵੱਡੇ ਨੇਤਾ ਨੇ ਰਾਜ ਸਭਾ ਵਿਚ ਤੱਥ ਲਹਿਰਾਉਂਦਿਆਂ ਆਖਿਆ ਕਿ "ਅੱਜ ਅੰਬੇਡਕਰ, ਅੰਬੇਡਕਰ (6 ਵਾਰੀ) ਆਖਣਾ ਇਕ ਫੈਸ਼ਨ ਹੋ ਗਿਆ ਹੈ। ਜੇ ਇੰਨੀ ਵਾਰੀ ਭਗਵਾਨ ਦਾ ਨਾਂ ਲਿਆ ਜਾਵੇ ਤਾਂ ਸੱਤ ਜਨਮਾਂ ਤਕ ਸਵਰਗ ਮਿਲ ਜਾਵੇ।" ਬਾਬਾ ਸਾਹਿਬ, ਰਾਜ ਸਭਾਂ ਵਿਚ ਰੌਲਾ ਪੈ ਗਿਆ ਤੈ ਗ੍ਰਹਿ ਮੰਤਰੀ ਨੂੰ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਕੇ ਵੀ ਆਪਣੀ ਸਫ਼ਾਈ ਦੇਣੀ ਪਈ ਅਤੇ ਪ੍ਰਧਾਨ ਮੰਤਰੀ ਨੂੰ ਵੀ ਕਰਨਾ ਪਿਆ। ਇਥੋਂ ਤਾਂਈ ਕਿ ਉਹਨਾਂ ਨੂੰ ਤੁਰੰਤ ਪ੍ਰੈਸ ਕਾਨਫਰੰਸ ਤਾਬੜਤੋੜ ਛੇ ਟਵੀਟ ਗ੍ਰਹਿ ਮੰਤਰੀ ਦੇ ਹੱਕ ਵਿਚ ਦੇਣੇ ਪਏ। ਪਰ ਲੋਕਾਂ ਦਾ ਗੁੱਸਾ ਘਟਣ ਦੀ ਬਜਾਏ ਵਧਦਾ ਹੀ ਗਿਆ। ਹਰ ਪਾਸੇ ਛੋਟੇ ਵੱਡੇ ਰੋਸ਼ ਮੁਜ਼ਾਹਰੇ ਕਰਕੇ ਲੋਕਾਂ ਨੇ ਆਪਣਾ ਵਿਰੋਧ ਜਤਾਇਆ।

ਬਾਬਾ ਸਾਹਿਬ, ਇਥੋਂ ਤਕ ਤਾਂ ਠੀਕ ਹੈ ਕਿ ਤੁਹਾਡੇ ਨਾਮ ਲੇਵਾ ਤੁਹਾਡੀ ਵਿਰੋਧਤਾਂ ਤਾਂ ਕੀ ਤੁਹਾਡੇ ਵੱਲ ਤਿਰਛੀ ਨਜ਼ਰ ਵੀ ਬਰਦਾਸ਼ਤ ਨਹੀਂ ਕਰਦੇ ਪਰ ਉਹ ਇਸ ਸਾਰੇ ਵਰਤਾਰੇ ਨੂੰ ਵੋਟਾਂ ਵੇਲੇ ਆਪਣੇ ਨੁਮਾਇੰਦੇ ਚੁਣਨ ਲਗਿਆਂ ਕਿਉਂ ਨਹੀਂ ਵਰਤ ਸਕਦੇ? ਬਾਬਾ ਸਾਹਿਬ ਇਹ ਵੱਡਾ ਸਵਾਲ ਹੈ। ਲਗਦਾ ਹੈ ਉਹ ਤੁਹਾਡੇ ਅਨਗਿਣਤ ਮੁਸੀਬਤਾਂ ਤੇ ਔਕੜਾਂ ਝੱਲਦਿਆਂ ਜੋ ਸਾਡੇ ਲਈ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ ਅਸੀਂ ਉਸਦੀ ਅਸਲ ਸ਼ਕਤੀ ਸਮਝਣ ਤੋਂ ਅਸਫ਼ਲ ਰਹੇ ਹਾਂ। ਜੇ ਸਮਝ ਗਏ ਹੁੰਦੇ ਤਾਂ ਨਿਰਾ ਰਾਖਵੇਕਰਣ ਤੇ ਹੀ ਜੋਰ ਲਾਉਣ ਦੀ ਬਜਾਏ ਇਕ ਰਾਜਨੀਤਕ ਸ਼ਕਤੀ ਬਣਕੇ ਆਪਣੀਆਂ ਸਮਸਿਆਵਾਂ ਦਾ ਹੱਲ ਆਪ ਕਰਦੇ ਪਰ ਅਸੀਂ ਤਾਂ ਅੱਜ ਵੀ ਮੰਗਣ ਵਾਲੇ ਹੀ ਬਣੇ ਬੈਠੇ ਹਾਂ। ਅਸੀਂ ਰਾਜਨੀਤਕ ਸ਼ਕਤੀ ਨੂੰ 'ਮਾਸਟਰ ਕੂੰਜੀ' ਨਹੀਂ ਬਣਾ ਸਕੇ ਜਿਸ ਕਰਕੇ ਸਾਡੀਆਂ ਸਮਸਿਆਵਾਂ ਸਮਾਪਤ ਹੋਣ ਦੀ ਬਜਾਏ ਵਧਦੀਆਂ ਹੀ ਜਾ ਰਹੀਆਂ ਹਨ। ਅਸੀਂ ਤਾਂ ਆਪਣੇ ਆਪ ਨੂੰ ਮੁਫ਼ਤ ਪੰਜ ਕਿਲੋ ਰਾਸ਼ਨ ਤਕ ਹੀ ਸੰਤੁਸ਼ਟ ਕਰ ਲਿਆ ਹੈ। ਮੈਨੂੰ ਤਾਂ ਡਰ ਹੈ ਸਤਾ ਧਾਰੀਆਂ ਵਲੋਂ ਸਾਨੂੰ ਹੌਲੀ ਹੌਲੀ ਉਸ ਥਾਂ 'ਤੇ ਖਿਸਕਾਣ ਦੀਆਂ ਕੋਸ਼ਿਸ਼ਾਂ ਸਫ਼ਲ ਨਾ ਹੋ ਜਾਣ ਜਿਥੋਂ ਤੁਸੀ ਸਾਨੂੰ ਇੰਨੀਆਂ ਮੁਸੀਬਤਾਂ ਸਹਿੰਦਿਆ, ਕੁਰਬਾਨੀਆਂ ਦਿੰਦਿਆਂ, ਲੱਖਾਂ ਵਿਰੋਧਤਾਵਾਂ ਦੇ ਬਾਵਜੂਦ ਕੱਢਿਆ ਸੀ।



ਬਾਬਾ ਸਾਹਿਬ, ਵੋਟ ਦੇ ਅਧਿਕਾਰ ਪਿੱਛੇ ਕੀ ਕੁਝ ਛੁਪਿਆ ਹੋਇਆ ਸੀ ਉਸ ਦੀ ਮਹੱਤਤਾ ਨੂੰ ਸਮਝਾਉਂਦਿਆਂ ਤੁਸੀਂ ਕਦੇ ਆਖਿਆ ਸੀ ਕਿ ਯਕੀਨਨ, ਵੋਟ ਦਾ ਮਤਲਬ ਨਿਰਾ ਵੋਟ ਬਕਸਾ, ਪੋਲਿੰਗ ਬੂਥ, ਚੋਣ ਅਫ਼ਸਰਾਂ ਦੀ ਤੈਨਾਤੀ ਹੀ ਨਹੀਂ ਹੈ। ਇਸਦਾ ਭਾਵ ਬਹੁਤ ਮਹੱਤਵ ਪੂਰਨ ਹੈ। ਇਸਦਾ ਭਾਵ ਆਪਣੀ ਰੱਖਿਆ

ਆਪ ਕਰਨ ਦਾ ਅਧਿਕਾਰ ਵੀ ਹੈ, ਇਸਦਾ ਭਾਵ ਆਪਸੀ ਸਾਂਝੇ ਜੀਵਨ ਨੂੰ ਨਿਯਮਤ ਕਰਨ ਦੀਆਂ ਸ਼ਰਤਾਂ ਦਾ ਅਧਿਕਾਰ ਵੀ ਹੈ" ( W&S Vol. 2, P-559) ਜੇ ਅਸੀਂ ਇਸ ਭਾਵ ਨੂੰ ਸਮਝ ਲਿਆ ਹੁੰਦਾ ਤਾਂ ਅੱਜ ਸਾਡੇ ਸਮਾਜ ਨਾਲ ਨਿੱਤ ਅਣਮਨੁੱਖੀ ਵਰਤਾਰੇ ਨਾ ਹੁੰਦੇ, ਸਾਡੀਆਂ ਔਰਤਾਂ ਦੇ ਬਲਾਤਕਾਰ ਨਾ ਹੁੰਦੇ, ਦਿਨ ਦਿਹਾੜੇ ਕਤਲ ਨਾ ਹੁੰਦੇ। ਇਹ ਤਾਂ ਸਮਾਪਤ ਹੋਣ ਦੀ ਵਧਦੇ ਹੀ ਜਾ ਰਹੇ ਹਨ।

ਬਾਬਾ ਸਾਹਬ, ਤੁਹਾਡੀ ਹਰ ਸੋਚ ਪਿੱਛੇ ਇਕ ਡੂੰਘਾਈ ਸੀ ਜਿਸਨੂੰ ਸਮਝਣ ਅਤੇ ਸਮਝਾਉਣ ਲਈ ਸ਼ਾਇਦ ਤੁਸੀਂ ਆਪਣੇ ਪੜ੍ਹੇ ਲਿਖੇ ਸਮਾਜ ਤੋਂ ਤੱਵਕੋ ਰਖੀ ਸੀ। ਇਹੀ ਸੋਚਦੇ ਤੁਸੀਂ ਆਖਿਆ ਸੀ ਕਿ ਜਿਸ ਸਮਾਜ ਵਿਚ 15 ਡਾਕਟਰ ਤੇ 20 ਇੰਜੀਨੀਅਰ ਪੈਦਾ ਹੋ ਜਾਣ ਉਹ ਸਮਾਜ ਪਛੜਿਆ ਹੋਇਆ ਨਹੀਂ ਰਹਿ ਸਕਦਾ। ਪਰ ਅਸੀਂ ਤਾਂ ਹਜਾਰਾਂ ਦੀ ਤਾਦਾਦ ਵਿਚ ਹੋ ਕੇ ਵੀ ਪਛੜੇ ਹੋਏ ਹਾਂ। ਤੁਸੀਂ ਇਹਨਾਂ ਤੋਂ ਆਸ ਰੱਖਦੇ ਸੀ ਕਿ ਇਹ ਆਪਣੀ ਨੌਕਰੀ ਦੇ ਨਾਲ-ਨਾਲ ਸਮਾਜਕ ਜਾਗ੍ਰਿਤੀ ਵੱਲ ਵੀ ਧਿਆਨ ਦੇਣਗੇ। ਤੁਹਾਡੇ ਜਾਗ੍ਰਿਤੀ ਦੇ ਫਾਰਮੂਲੇ ਪੜ੍ਹੋ, ਸੰਘਰਸ਼ ਕਰੋ, ਜੁੜੋ' ਵਿਚ ਪਹਿਲੇ ਨੰਬਰ ਤੇ ਪੜ੍ਹਨਾ, ਸਿਖਿਆ ਪ੍ਰਾਪਤ ਕਰਨਾ ਹੀ ਆਉਂਦਾ ਹੈ। ਅਸੀਂ ਸਿਖਿਆ ਪ੍ਰਾਪਤ ਕੀਤੀ ਤੇ ਉਹ ਨੌਕਰੀਆਂ ਤੱਕ ਸੀਮਤ ਰਹਿ ਗਈ, ਅਸੀਂ ਦਹਾੜ ਮਾਰਨ ਜੋਗੇ ਨਾ ਹੋ ਸਕੇ। ਅਸੀਂ ਉਹ ਹੀ ਦੁੱਧ ਪੀਤਾ ਜਿਸਨੇ ਸਾਨੂੰ ਨੌਕਰੀਆਂ ਅਤੇ ਆਪਣਾ ਪੇਟ ਪਾਲਣ ਜੋਗਾ ਹੀ ਬਣਾਕੇ ਰਖਿਆ ਬਾਬਾ ਸਾਹਬ, ਅਸੀਂ ਉਹ ਸ਼ੇਰਨੀ ਲੱਭਣ ਤੋਂ ਅਸਮੱਰਥ ਰਹੇ ਜਿਸਦਾ ਦੁੱਧ ਪੀ ਕੇ ਅਸੀਂ ਦਹਾੜ ਮਾਰਨੀ ਸੀ। ਇਹੀ ਕਾਰਨ ਹੈ ਕਿ ਇਸ ਪੜ੍ਹੇ ਲਿਖੇ ਵਰਗ ਦੀ ਕਾਰਗੁਜ਼ਾਰੀ ਨੇ ਤੁਹਾਨੂੰ ਰੋਣ ਲਾ ਦਿੱਤਾ ਸੀ ਤੇ ਅੱਜ ਵੀ ਇਹ ਵਰਗ ਪੂਰਣ ਤੌਰ 'ਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵੱਲ ਨਹੀਂ ਤੁਰ ਰਿਹਾ। ਭਾਵੇਂ ਅੱਜ ਬਾਬਾ ਸਾਹਿਬ ਮਿਲੇ ਰਾਖਵੇਂਕਰਣ ਅਨੁਸਾਰ ਅਫਸਰਸ਼ਾਹੀ (ਆਈ.ਏ.ਐਸ., ਆਈ.ਪੀ.ਐਸ., ਆਈ.ਆਰ.ਐਸ. ਆਦਿ), ਸਿਆਸੀ (ਐਮ.ਪੀ., ਐਮ.ਐਲ.ਏ., ਰਾਜ ਪੱਧਰ ਦੇ ਅਤੇ ਕੇਂਦਰੀ ਮੰਤਰੀ) ਅਤੇ ਹਰ ਖੇਤਰ ਵਿਚ ਹੋਰ ਅਫ਼ਸਰ ਵੀ ਗਿਣਤੀ ਪੱਖੋਂ ਲਗਭਗ ਪੂਰੇ ਹਨ ਪਰ ਫਿਰ ਵੀ ਨਾ ਇਹਨਾਂ ਦੀ ਆਪਣੀ ਸਥਿਤੀ ਦੂਜਿਆਂ ਦੇ ਮੁਕਾਬਲੇ ਬਰਾਬਰੀ ਵਾਲੀ ਹੈ ਅਤੇ ਨਾ ਬਾਕੀ ਦੇ ਬਚੇ ਲਗਭਗ 80% ਸਮਾਜ ਦੀ ਉਹ ਬਰਾਬਰਤਾ ਵਾਲੀ ਸਥਿਤੀ ਬਣ ਰਹੀ ਹੈ। ਬਾਬਾ ਸਾਹਿਬ ਇਸ ਦੀਆਂ ਜੜ੍ਹਾਂ ਉਥੇ ਜਾਪਦੀਆਂ ਹਨ ਜਦੋਂ ਤੁਹਾਨੂੰ ਅੰਤਾਂ ਦਾ ਸੰਘਰਸ਼ ਕਰਕੇ ਕਮਿਊਨਲ ਐਵਾਰਡ ਦੇ ਅਸਲ ਲਾਭ ਪੂਨਾ ਪੈਕਟ ਵਿਚ ਮਜਬੂਰੀ ਵਸ ਗੁਆਉਣੇ ਪਏ ਸਨ। ਅੱਜ ਸਾਨੂੰ ਇਹਨਾਂ ਦੋਹਾਂ ਵਿਚ ਫ਼ਰਕ ਸਮਝ ਤਾਂ ਆਉਂਦੀ ਹੈ, ਸਾਨੂੰ ਇਹ ਸਮਝ ਆਉਂਦੀ ਹੈ ਕਿ ਤੁਸੀਂ ਪੂਨਾ ਪੈਕਟ ਤੋਂ ਤੁਰੰਤ ਬਾਦ ਇਹ ਆਖਕੇ ਕਿ "ਫਲ ਦਾ ਰਸ ਚੂਸਕੇ ਛਿੱਲੜ ਸਾਡੇ ਵੱਖ ਸੁੱਟ ਦਿੱਤਾ ਗਿਆ ਹੈ, " ਪੂਨਾ ਪੈਕਟ ਨੂੰ ਨਕਾਰ ਦਿੱਤਾ ਸੀ। ਪਰ ਬਾਬਾ ਸਾਹਿਬ ਅਸੀਂ ਇੰਨੇ ਵੱਡੇ ਵੱਡੇ ਆਹੁਦਿਆਂ 'ਤੇ ਪਹੁੰਚਦੇ ਵੀ ਇਸਦਾ ਕੋਈ ਬਦਲ ਲੱਭਣ ਦੇ ਕਾਬਲ ਨਹੀਂ ਹੋਏ। ਤੁਸੀਂ ਇਕੱਲਿਆਂ ਕਿੰਨਾ ਕੁਝ ਕਰ ਗਏ ਪਰ ਅੱਜ ਇੰਨੇ ਸਾਰੇ ਮਿਲਕੇ ਵੀ ਤੁਹਾਡੇ ਜਿੰਨਾ ਨਹੀਂ ਕਰ ਸਕਦੇ। ਬਾਬਾ ਸਾਹਿਬ ਇਹ ਸਭ ਕੁਝ ਲੀਡਰਸ਼ਿਪ ਦੀ ਘਾਟ ਅਤੇ ਸਾਡੀਆਂ ਆਪਣੀਆਂ ਕਮਜ਼ੋਰੀਆਂ ਹੀ ਹਨ। ਇਸੇ ਲਈ ਸਮਸਿਆਵਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ।

ਬਾਬਾ ਸਾਹਿਬ, ਤੁਹਾਡਾ ਇਕ ਪੈਰੋਕਾਰ (ਕਾਂਸ਼ੀ ਰਾਮ ਜੀ) ਅਗਵਾਈ ਦੇਣ ਲਈ ਆਪਣਾ ਸਭ ਕੁਠ ਕੁਰਬਾਨ ਕਰਕੇ ਮੈਦਾਨ ਵਿਚ ਆਇਆ ਸੀ। ਦਹਾਕਿਆਂ ਦੇ ਸੰਘਰਸ਼ ਉਪਰੰਤ ਉਹ ਦੇਸ਼ ਦੀ ਤੀਜੇ ਨੰਬਰ ਦੀ ਰਾਜਨੀਤਕ ਸ਼ਕਤੀ ਉਭਾਰਨ ਵਿਚ ਕਾਮਯਾਬ ਵੀ ਹੋ ਗਿਆ ਸੀ ਪਰ ਬਾਬਾ ਸਾਹਬ, ਸਾਡੀਆਂ ਆਪਣੀਆਂ ਕੁਝ ਇਹੋ ਜਿਹੀਆਂ ਕਮਜ਼ੋਰੀਆਂ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਤਾਕਤ ਸਾਬਤ ਕਰਨ ਲਈ ਨਾ ਆਪ ਕੰਮ ਕਰਦੇ ਹਾਂ ਅਤੇ ਨਾ ਕਿਸੇ ਨੂੰ ਕੰਮ ਕਰਨ ਦਿੰਦੇ ਹਾਂ। ਲੱਤਾਂ ਖਿੱਚਣ ਵਿਚ ਪੂਰੇ ਮਾਹਰ ਬਣ ਗਏ ਹਾਂ। ਅਸੀਂ ਮੰਨੀ ਤਾਂ ਸਭ ਨੂੰ ਜਾਂਦੇ ਹਾਂ ਪਰ ਉਨ੍ਹਾਂ ਦੀ ਮੰਨਦੇ ਨਹੀਂ ਹਾਂ। ਕਿੰਨਿਆਂ ਨੇ ਸਾਨੂੰ ਉਪਰ ਚੁੱਕਣ ਲਈ ਕਿੰਨੇ ਯਤਨ ਕੀਤੇ ਪਰ ਉਹਨਾਂ ਨੂੰ ਅਸੀਂ ਮੰਨਦੇ ਜਰੂਰ ਹਾਂ, ਉਹਨਾਂ ਨੂੰ ਪੂਜਣ ਤਕ ਵੀ ਅਸੀਂ ਜਾਂਦੇ ਹਾਂ ਪਰ ਮੰਨਦੇ ਕਿਸੇ ਦੀ ਨਹੀਂ। ਤਥਾਗਤ ਬੁੱਧ ਤੋਂ ਲੈ ਕੇ ਕਿੰਨੇ ਹੀ ਸੰਤ, ਗੁਰੂ ਤੇ ਮਹਾਂਪੁਰਸ਼ ਹੋਏ ਜਿੰਨ੍ਹਾਂ ਤੋਂ ਅਸੀਂ ਹੱਥ ਬੰਨ੍ਹ ਬੰਨ੍ਹ ਅਰਦਾਸਾਂ ਕਰਕੇ, ਧੂਫ਼ ਬੱਤੀਆਂ ਜਗਾਕੇ, ਪਾਠ-ਪੂਜਾ ਕਰਕੇ ਆਪਣੇ 'ਤੇ ਆਪਣੇ ਪਰਿਵਾਰ ਲਈ ਲੱਖ ਖੁਸ਼ੀਆਂ ਤੇ ਨਿਆਮਤਾਂ ਮੰਗਦੇ ਹਾਂ ਪਰ ਉਹਨਾਂ ਦੇ ਦੱਸੇ ਮਾਰਗ ਤੇ ਚਲਣਾ ਸਾਨੂੰ ਗੁਆਰਾ ਨਹੀਂ। ਬਾਬਾ ਸਾਹਬ ਮੈਨੂੰ ਜਾਪਦਾ ਹੈ ਥੋੜਾ ਚਿਰ ਹੋਰ ਇੰਤਜ਼ਾਰ, ਬੱਸ ਤੁਹਾਡੇ ਵੀ ਮੰਦਰ ਬਣਨ ਵਾਲੇ ਹਨ ਤੇ ਫਿਰ ਅਸੀਂ ਖੂਬ ਢੋਲਕੀਆਂ ਛੈਣੇ ਵਜਾਕੇ ਤੁਹਾਡੇ ਗੁਣ ਗਾਇਨ ਕਰਿਆ ਕਰਾਂਗੇ ਕਿ ਇਕ ਵਾਰੀ ਤੁਸੀਂ ਹੀ ਫਿਰ ਆ ਜਾਓ ਤੇ ਸਾਡੇ ਦੁਖ ਦਰਦ ਕੱਟ ਜਓ। ਜੇ ਬਹੁਤਾ ਨਹੀਂ ਤਾਂ ਇਹਨਾ ਮਹਾਂਪੁਰਸ਼ਾਂ ਦੀ ਇਕ ਗੱਲ ਵੀ ਮੰਨ ਲਈਏ ਤਾਂ ਸਾਡਾ ਕਲਿਆਣ ਹੋ ਜਾਵੇ। ਤਥਾਗਤ ਬੁੱਧ ਦੀ ਭਾਈਚਾਰੇ ਦੀ ਗੱਲ, ਰਵਿਦਾਸ ਜੀ ਦੀ ਬੇਗ਼ਮਪੁਰੇ ਦੀ ਗੱਲ, ਨਾਨਕ ਜੀ ਦੀ ਸਾਂਝੀਵਾਲਤਾ ਦੀ ਗੱਲ ਤੇ ਸੋਚੀਏ ਤਾਂ ਸਹੀ। ਇਹ ਸਾਧਾਰਣ ਹੁੰਦਿਆਂ ਵੀ ਅਸਾਧਾਰਣ ਗੱਲਾਂ ਹਨ। ਬਾਬਾ ਸਾਹਬ, ਤੁਹਾਡੀ ਵੀ ਇਕ ਸਾਧਾਰਣ ਜਿਹੀ ਗੱਲ ਦੀ ਉਦਾਹਰਣ ਦੇ ਕੇ ਦੱਸਦਾ ਹਾਂ ਕਿ ਕਿਵੇਂ ਉਹ ਅਸਾਧਾਰਣ ਬਣ ਸਕਦੀ ਹੈ। ਬਾਬਾ ਸਾਹਬ ਤੁਸੀਂ ਛੇ ਹਜ਼ਾਰ ਤੋਂ ਵੱਧ ਜਾਤੀਆਂ ਲੱਭੀਆਂ ਸਨ ਜਿੰਨਾਂ ਨਾਲ ਇਤਿਹਾਸ ਨੇ ਨਰਦਈਪੁਣਾ ਕਰਕੇ ਉਨ੍ਹਾਂ ਨਾਲ ਸਦੀਆਂ ਤਕ ਗੈਰ ਮਨੁੱਖੀ ਵਤੀਰਾ ਅਪਣਾਈ ਰਖਿਆ। ਤੁਸੀਂ ਉਹਨਾਂ ਦੀ ਪਛਾਣ ਕਰਕੇ ਉਹਨਾਂ ਨੂੰ ਬਰਾਬਰ ਲਿਆਉਣ ਲਈ ਤਿੰਨ ਸੰਗਛਿਤ ਨਾਵਾਂ ਹੇਠ ਇਕੱਤਰ ਕੀਤਾ- ਐਸ.ਸੀ, ਐਸ.ਟੀ?, ਓ.ਬੀ.ਸੀ. । ਅਸੀਂ ਇੰਜ ਛੇ ਹਜ਼ਾਰ ਟੁਕੜਿਆਂ ਤੋਂ ਇੰਨਾਂ ਤਕ ਆ ਜਾਂਦੇ ਹਾਂ, ਜੇ ਤੁਹਾਡੀ ਮੰਨ ਲਈਏ। ਪਰ ਨਹੀਂ, ਸਾਡਾ ਤਾਂ ਇਤਿਹਾਸ ਦੱਸਦਾ ਹੈ ਕਿ ਚਾਰ ਵਰਣਾਂ ਵਿਚੋਂ ਪਹਿਲੇ ਤਿੰਨੇ ਤਾਂ ਅੱਜ ਵੀ ਨਾ ਇਕਲਿਆਂ ਤੌਰ ਤੇ ਵੰਡੇ ਗਏ ਹਨ ਅਤੇ ਨਾ ਸਮੁਚੇ ਤੌਰ 'ਤੇ ਸਗੋਂ ਆਪਣੇ ਹਿੱਤਾਂ ਲਈ ਤਿੰਨੇ ਹੀ ਇੱਕਠੇ ਹੋ ਕੇ ਚਲ ਰਹੇ ਹਨ। ਪਰ ਅਸੀਂ ਚੌਥੇ ਵਰਣ ਵਾਲੇ ਇਸ ਨੂੰ ਇਕ ਨਾ ਰੱਖ ਸਕੇ ਤੇ ਅਗੇ ਤੋਂ ਅੱਗੇ ਵੰਡਦੇ ਹਜ਼ਾਰਾਂ ਹੀ ਟੁਕੜਿਆਂ ਤਕ ਪਹੁੰਚ ਗਏ ਹਾਂ। ਪਰ ਬਾਬਾ ਸਾਹਿਬ ਹਾਲੇ ਵੀ ਬਸ ਨਹੀਂ ਕਰ ਰਹੇ। ਹਰ ਟੁਕੜਾ ਇਕ ਹੋਣ ਦੀ ਬਜਾਏ ਇਕ ਦੂਜੇ ਦਾ ਦੁਸ਼ਮਣ ਹੀ ਬਣਦਾ ਜਾ ਰਿਹਾ ਹੈ। ਬਾਬਾ ਸਾਹਿਬ ਸਿਤਮ ਹੈ ਅਸੀਂ ਜਾਤਾਂ ਨੂੰ ਵਧਾਉਂਦਿਆਂ ਹੋਇਆ ਅਤੇ ਪੱਕਾ ਕਰਨ ਹਿੱਤ ਜਠੇਰਿਆਂ ਤਕ ਵੀ ਪਹੁੰਚ ਗਏ ਹਾਂ। ਹਰ ਜਠੇਰਾ ਦੂਜੇ ਜਠੇਰੇ ਤੋਂ ਆਪਣੇ ਆਪ ਨੂੰ ਵੱਡਾ, ਸ਼ਕਤੀਸ਼ਾਲੀ, ਪੜ੍ਹਿਆ ਲਿਖਿਆ ਸਾਬਤ ਕਰਨ ਲਈ ਤਾਂ ਲਗਿਆ ਰਹੇਗਾ ਪਰ ਇੱਕਠੇ ਹੋ ਕੇ ਸ਼ਕਤੀ ਇਕੱਤਰ ਕਰਨ ਲਈ ਕਦੇ ਨਹੀਂ ਸੋਚੇਗਾ। ਇਸੇ ਤਰ੍ਹਾਂ ਬਾਬਾ ਸਾਹਿਬ ਇਹ ਤਿੰਨੇ ਵੱਡੇ ਗੱਰੁਪ (ਐਸ.ਸੀ., ਐਸ.ਟੀ., ਓ.ਬੀ.ਸੀ) ਵੀ ਕਦੇ ਇਕ ਬਣਕੇ ਉਪਰਲਿਆ ਤਿੰਨਾਂ (ਵਰਣਾ) ਦੇ ਮੁਕਾਬਲੇ ਲਈ ਨਹੀ ਸੋਚਣਗੇ ਆਪਸ ਵਿਚ ਹੀ ਲੜਨਗੇ, ਮੁਕਾਬਲਾ ਕਰਨਗੇ ਤੇ ਮਾਰ ਖਾ ਕੇ ਰਹਿਣਗੇ, ਜਿਵੇਂ ਇਤਿਹਾਸ ਵਿਚ ਮਾਰ ਖਾਂਦੇ ਰਹੇ ਹਨ। ਬਾਬਾ ਸਾਹਿਬ ਪਤਾ ਨਹੀਂ ਅਸੀਂ ਕਦੋਂ ਤੁਹਾਡੀਆਂ ਸਿਖਿਆਵਾਂ ਅਨੁਸਾਰ ਚੱਲਣ ਜੋਗੇ ਹੋਵਾਂਗੇ, ਆਪਸ ਵਿਚ ਵੰਡਣ ਤੋਂ ਪਾਸਾ ਵੱਟਕੇ ਇੱਕਠੇ ਸੰਗਠਿਤ ਹੋਣ ਵੱਲ ਕਦਮ ਵਧਾਵਾਂਗੇ? ਅਸੀਂ ਕਦੋਂ ਸਮਝਣ ਜੋਗੇ ਹੋਵਾਂਗੇ ਕਿ ਸਾਡੀ ਸਾਰੀਆਂ ਕਮਜ਼ੋਰੀਆਂ ਦਾ ਕਾਰਣ ਸਾਡੀ ਆਪਸੀ ਫੁੱਟ ਹੀ ਹੈ ਜੋ ਸਾਨੂੰ ਨਿਹੱਥੇ, ਨਿਤਾਣੇ ਤੇ ਨਿਮਾਣੇ ਬਣਾ ਰਹੀ ਹੈ।

ਬਾਬਾ ਸਾਹਬ, ਬੱਸ ਕਰਦਾ ਹਾਂ ਫਿਰ ਕਦੇ ਮੌਕਾ ਲੱਗਿਆ ਤਾਂ ਫਿਰ ਚਿੱਠੀ ਲਿਖਾਂਗਾ, ਗੱਲਾਂ ਤਾਂ ਬਹੁਤ ਹਨ ਲਿਖਣ ਵਾਲੀਆਂ, ਅੱਜ ਸਿਰਫ਼ ਇੰਨਾ ਹੀ। ਮਾਫ਼ੀ ਦਾ ਜਾਚਕ ਹਾਂ ਜੇ ਕੁਝ ਘਟ ਵੱਧ ਲਿਖਿਆ ਗਿਆ ਹੋਵੇ।

# ਐਸ ਐਸ ਐਮ ਗਰੁੱਪ ਆਫ ਸਕੂਲ ਕੱਸੋਆਣਾ ਵਿਖੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 23 ਅਪ੍ਰੈਲ (ਅੰਗਰੇਜ਼ ਬਰਾੜ)- ਫਿਰੋਜ਼ਪੁਰ ਜਿਲੇ ਦੀ ਨਾਮਵਰ ਵਿੱਦਿਅਕ ਸੰਸਥਾ ਐਸ ਐੱਮ ਗਰੁੱਪ ਆੱਫ ਸਕੂਲਜ਼, ਕੱਸੋਆਣਾ ਵਿਖੇ 'ਵਿਸ਼ਵ ਧਰਤ ਦਿਵਸ' ਦੇ ਮੌਕੇ ਤੇ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਫੈਂਸੀ ਡਰੈਸ ਮੁਕਾਬਲਾ, ਕੋਰੀਓਗ੍ਰਾਫੀ, ਭਾਸ਼ਣ ਅਤੇ ਪੌਦੇ ਲਗਾਉਣ ਆਦਿ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਗਿਆ। ਇਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਮੌਕੇ ਸੰਸਥਾ ਦੇ ਮੁਖੀ ਸਰਦਾਰ ਕੰਵਲਜੀਤ ਸਿੰਘ ਗਿੱਲ, ਪ੍ਰਿੰਸੀਪਲ ਰਵਿੰਦਰ ਸਿੰਘ ( ਐਸ ਐਸ ਐੱਮ ਪਬਲਿਕ ), ਪ੍ਰਿੰਸੀਪਲ ਮੈਡਮ ਸਿਮਰਨਜੀਤ ਕੌਰ( ਐਸ ਐਸ ਐੱਮ ਗਲੋਬਲ) , ਮੈਡਮ ਸੰਗੀਤਾ ਕੋਹਲੀ( ਐਸ.ਐਸ.ਐੱਮ ਪਲੇਅ ਵੇ ) ਅਤੇ ਹਰਸ਼ਵਿੰਦਰ ਸਿੰਘ




ਨੇ ਮੁੱਖ ਤੌਰ ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦੇ ਵਿੱਚ ਸਕੂਲ ਦੇ ਅਧਿਆਪਕਾਂ ਨੇ ਭਰਪੂਰ ਯੋਗਦਾਨ ਪਾਇਆ। ਪ੍ਰੋਗਰਾਮ ਦੇ ਅਖੀਰ ਵਿੱਚ ਸੰਸਥਾ ਦੇ ਮੁਖੀ ਸਰਦਾਰ ਕੰਵਲਜੀਤ ਸਿੰਘ ਗਿੱਲ ਜੀ ਨੇ ਵਿਦਿਆਰਥੀਆਂ ਨੂੰ ਰੂਬਰੂ ਹੁੰਦੇ ਹੋਏ ਉਹਨਾਂ ਨੂੰ ਧਰਤੀ ਨੂੰ ਹਰਿਆ ਭਰਿਆ ਬਣਾਉਣ, ਪੌਦੇ ਲਗਾਉਣ ਤੇ ਪ੍ਰਦੂਸ਼ਣ ਨੂੰ ਘਟਾਉਣ ਦੀ ਅਪੀਲ ਕੀਤੀ।

ਐਸ ਐਸ ਐਮ ਗਰੁੱਪ ਆਫ ਸਕੂਲ ਕਸੋਆਣਾ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਚੇਅਰਮੈਨ ਕੰਵਲਜੀਤ ਸਿੰਘ ਗਿੱਲ ਸਟਾਫ ਅਤੇ ਵਿਦਿਆਰਥੀਆਂ ਦੇ ਨਾਲ

# ਔਰਤ ਆਗੂਆਂ ਉਪਰ ਜਬਰ ਦਾ ਮਾਮਲਾ : 700 ਤੋਂ ਵੱਧ ਬੁੱਧੀਜੀਵੀਆਂ ਲਿਖੀ ਮੁੱਖ ਮੰਤਰੀ ਨੂੰ ਚਿੱਠੀ

- 700 ਤੋਂ ਵੱਧ ਕਾਰਕੁਨ ਅਤੇ ਚਿੰਤਤ ਨਾਗਰਿਕਾਂ ਨੇ ਪੰਜਾਬ ਪੁਲਿਸ ਵੱਲੋਂ ਔਰਤ ਆਗੂਆਂ ਉੱਪਰ ਤਸ਼ੱਦਦ ਕਰਨ ਦਾ ਲਿਆ ਨੋਟਿਸ
- ਪੰਜਾਬ ਦੇ ਮੁੱਖ ਮੰਤਰੀ ਨੂੰ ਚਿੱਠੀ ਲਿਖਕੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 9463601616 hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨੂੰ ਲਿਖੀ ਗਈ ਇੱਕ ਸਖ਼ਤ ਚਿੱਠੀ ਵਿੱਚ, ਪੂਰੇ ਭਾਰਤ ਦੇ 700 ਤੋਂ ਵੱਧ ਕਾਰਕੁਨਾਂ, ਅਕਾਦਮਿਕ ਸ਼ਖ਼ਸੀਅਤਾਂ, ਕਲਾਕਾਰਾਂ, ਵਕੀਲਾਂ, ਲੇਖਕਾਂ ਅਤੇ ਦਰਜਨਾਂ ਲੋਕ ਸੰਸਥਾਵਾਂ ਨੇ ਪੰਜਾਬ ਦੀਆਂ ਔਰਤ ਕਿਸਾਨ ਆਗੂਆਂ — ਹਰਿੰਦਰ ਬਿੰਦੂ ਅਤੇ ਪਰਮਜੀਤ ਕੌਰ ਪਿੱਥੋ — ਨਾਲ ਕੀਤੇ ਗਏ ਅਪਮਾਨਜਨਕ ਵਤੀਰੇ, ਪੁਲਿਸ ਹਿੰਸਾ ਅਤੇ ਹਿਰਾਸਤ ਵਿੱਚ ਤਸ਼ੱਦਦ ਉੱਪਰ ਭਾਰੀ ਰੋਹ ਅਤੇ ਗੁੱਸੇ ਦਾ ਇਜ਼ਹਾਰ ਕੀਤਾ ਹੈ।

ਇਹ ਚਿੱਠੀ, ਪੰਜਾਬ ਵਿੱਚ ਸਕੂਲ ਅਧਿਆਪਕਾਂ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਹਮਾਇਤ ਕਰਨ ਕਰਕੇ ਇਨ੍ਹਾਂ ਕਿਸਾਨ ਆਗੂਆਂ 'ਤੇ ਹੋਈ ਪੁਲਿਸ ਹਿੰਸਾ ਦੇ ਸੰਦਰਭ ਵਿੱਚ ਲਿਖੀ ਗਈ ਹੈ। ਚਿੱਠੀ ਦੇ ਨਾਲ ਸਾਰੇ ਹਸਤਾਖ਼ਰੀਆਂ ਦੀ ਪੂਰੀ ਸੂਚੀ ਵੀ ਲਗਾਈ ਗਈ ਹੈ।

ਜ਼ਖ਼ਮੀ ਔਰਤਾਂ ਨਾਲ ਇਕਜੁੱਟਤਾ ਵਿਖਾਉਂਦਿਆਂ, ਚਿੱਠੀ ਲਿਖਣ ਵਾਲਿਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ, ਜਿਸਦੇ ਸੱਤਾ 'ਚ ਆਉਣ ਦੇ ਪਿਛੋਕੜ 'ਚ ਇਤਿਹਾਸਕ ਕਿਸਾਨ ਅੰਦੋਲਨ ਦੀ ਪ੍ਰੇਰਣਾ ਰਹੀ ਹੈ, ਇਸ ਘਟਨਾਕ੍ਰਮ ਦਾ ਨੋਟਿਸ ਲੈਂਦਿਆਂ ਤੁਰੰਤ ਅਤੇ ਸਖ਼ਤ ਕਾਨੂੰਨੀ ਕਦਮ ਚੁੱਕੇ। ਇਸ ਵਿੱਚ ਜਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਐਫ.ਆਈ.ਆਰ./ਫੌਜਦਾਰੀ ਕੇਸ ਦਰਜ ਕਰਨਾ, ਜਿਸ ਤਰ੍ਹਾਂ ਦੇ ਮਾਨਸਿਕ ਤੇ ਹੋਰ ਸੰਤਾਪ 'ਚੋਂ ਤਮਾਮ ਪੀੜਤ ਔਰਤਾਂ ਨੂੰ ਗੁਜ਼ਰਨਾ ਪਿਆ, ਉਨ੍ਹਾਂ ਸਭ ਦੀ ਢੁੱਕਵੀਂ ਮੈਡੀਕਲ, ਮਾਨਸਿਕ, ਕਾਨੂੰਨੀ ਅਤੇ ਵਿੱਤੀ ਮੱਦਦ ਕਰਨਾ ਸ਼ਾਮਲ ਹੈ।


ਤੀਸਤਾ ਸੀਤਲਵਾੜ, ਡਾ. ਨਵਸ਼ਰਨ, ਅਰੁੰਧਤੀ ਰਾਏ, ਐਡਵੋਕੇਟ ਵਰਿੰਦਾ ਗਰੋਵਰ

ਇਸ ਦੇ ਨਾਲ ਹੀ, ਚਿੱਠੀ ਵਿੱਚ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੇ ਅਧਿਆਪਕਾਂ ਦੀਆਂ ਮੰਗਾਂ ਨੂੰ ਤੁਰੰਤ ਮੰਨਣ ਅਤੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ 'ਤੇ ਕਾਰਵਾਈ ਕਰਨ, ਅਤੇ ਇਸ ਰਿਪੋਰਟ ਦੇ ਨਤੀਜੇ ਜਨਤਕ ਕਰਨ ਦੀ ਮੰਗ ਕੀਤੀ ਗਈ ਹੈ।

ਚਿੱਠੀ ਵਿੱਚ ਕਿਸਾਨਾਂ, ਅਧਿਆਪਕਾਂ ਅਤੇ ਮਜ਼ਦੂਰ ਯੂਨੀਅਨਾਂ ਦੇ ਹੱਕਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨਾਲ ਇਮਾਨਦਾਰੀ ਨਾਲ ਗੱਲਬਾਤ ਕਰਨ ਦੀ ਮੰਗ ਕੀਤੀ ਗਈ ਹੈ।

ਪ੍ਰਮੁੱਖ ਹਸਤਾਖ਼ਰੀਆਂ ਵਿੱਚ ਸ਼ਾਮਲ ਹਨ: ਲੇਖਿਕਾ ਅਰੁੰਧਤੀ ਰਾਏ; ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਇੰਦਿਰਾ ਜੈਸਿੰਘ; ਕਾਨੂੰਨੀ, ਮਾਨਵ ਅਧਿਕਾਰਾਂ ਅਤੇ ਔਰਤਾਂ ਦੇ ਹੱਕਾਂ ਦੀ ਸਰਗਰਮ ਆਵਾਜ਼ ਵਰਿੰਦਾ ਗ੍ਰੋਵਰ; ਪੀ.ਯੂ. ਸੀ.ਐਲ. ਦੀ ਪ੍ਰਧਾਨ ਕਵਿਤਾ ਸ਼੍ਰੀਵਾਸਤਵ; ਮਾਨਵ ਅਧਿਕਾਰ ਅਤੇ ਨਾਗਰਿਕ ਹੱਕਾਂ ਦੀ ਕਾਰਕੁਨ ਤੀਸਤਾ ਸੀਤਲਵਾੜ, ਹਰਸ਼ ਮੰਦਰ, ਐਨੀ ਰਾਜਾ, ਪਰਮਿੰਦਰ ਸਿੰਘ, ਅਰੀਤ ਕੌਰ, ਅੰਜਲੀ ਭਾਰਦਵਾਜ, ਰੂਪ ਰੇਖਾ ਵਰਮਾ, ਜਗਮੋਹਨ ਸਿੰਘ; ਲੇਖਕ ਅਤੇ ਨਾਟਕਕਾਰ ਡਾ. ਸਵਰਾਜਬੀਰ ਸਿੰਘ; ਨਾਟਕਕਾਰ ਅਤੇ ਕਲਾ ਨਿਰਦੇਸ਼ਕ ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਡਾ. ਆਤਮਜੀਤ; ਥੀਏਟਰ ਕਲਾਕਾਰ ਮਾਇਆ ਕ੍ਰਿਸ਼ਨਾ ਰਾਓ; ਫਿਲਮਕਾਰ ਨਕੁਲ ਸਿੰਘ ਸਾਹਨੀ; ਆਲ ਇੰਡੀਆ ਪ੍ਰੋਗਰੇਸਿਵ ਰਾਈਟਰਜ਼ ਐਸੋਸੀਏਸ਼ਨ ਦੇ ਆਗੂ ਸੁਖਦੇਵ ਸਿੰਘ ਸਿਰਸਾ; ਆਲ ਇੰਡੀਆ ਕਿਸਾਨ ਸਭਾ ਦੇ ਆਗੂ ਹਨਨ ਮੁੱਲਾ; ਸੁਤੰਤਰ ਅਕਾਦਮਿਕ ਸ਼ਖ਼ਸੀਅਤਾਂ ਪ੍ਰੋ. ਉਮਾ ਚੱਕਰਵਰਤੀ, ਏ.ਆਰ. ਵਸਾਵੀ, ਜੈਯਤੀ ਘੋਸ਼; ਨੰਦਿਤਾ ਨਰਾਇਣ, ਕਲਪਨਾ ਕੰਨਾਬੀਰਨ; ਜੋਇਆ ਹਸਨ; ਜੇ. ਦੇਵਿਕਾ, ਰਿਤੂ ਦੇਵਾਨ, ਮੈਰੀ ਜੌਨ, ਵੀ. ਗੀਤਾ, ਤਾਨਿਕਾ ਸਰਕਾਰ, ਸਾਗਰੀ ਆਰ. ਰਾਮਦਾਸ, ਨਿਵੇਦਿਤਾ ਮੈਨਨ; ਅਦਿਤਿਆ ਮੁਖਰਜੀ; ਮ੍ਰਿਦੁਲਾ ਮੁਖਰਜੀ; ਅਨੀਤਾ ਰਾਮਪਾਲ, ਆਇਸ਼ਾ ਕਿਦਵਾਈ, ਅਤੁਲ ਸੂਦ, ਚਮਨ ਲਾਲ, ਇਮਰਾਨਾ ਕਦੀਰ; ਸੀਨੀਅਰ ਪੱਤਰਕਾਰ ਪੈਮੇਲਾ ਫਿਲਿਪੋਜ਼, ਭਾਸ਼ਾ ਸਿੰਘ, ਨੇਹਾ ਦੀਕਸ਼ਤ; ਪ੍ਰਮੁੱਖ ਕਾਰਕੁਨ ਮੇਧਾ ਪਾਟੇਕਰ, ਰੰਜਨਾ ਪਾਢੀ, ਮੀਰਾ ਸੰਘਮਿਤਰਾ, ਰਾਖੀ ਸਹਿਗਲ, ਨਵਸ਼ਰਨ ਸਿੰਘ, ਅਮੋਲਕ ਸਿੰਘ, ਮਾਇਆ ਜੌਨ, ਚਯਨਿਕਾ ਸ਼ਾਹ, ਸ਼ਬਨਮ ਹਾਸ਼ਮੀ, ਹਸੀਨਾ ਖਾਨ, ਅੰਮ੍ਰਿਤਾ ਜੋਹਰੀ, ਕਿਰਣ ਕੁਮਾਰ ਵਿਸਾ, ਸੀਮਾ ਅਜ਼ਾਦ, ਦਿਨੇਸ਼ ਅਬਰੋਲ ਅਤੇ ਕੰਵਲਜੀਤ ਢਿੱਲੋਂ।

ਹਸਤਾਖ਼ਰੀਆਂ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਇਨ੍ਹਾਂ ਸਾਰੀਆਂ ਮੰਗਾਂ ਨੂੰ ਇਮਾਨਦਾਰੀ ਅਤੇ ਗੰਭੀਰਤਾ ਨਾਲ ਲਏਗੀ ਅਤੇ ਤੁਰੰਤ ਕਾਨੂੰਨੀ ਕਾਰਵਾਈ ਕਰੇਗੀ। ਨਾਲ ਹੀ ਕਾਨੂੰਨ ਦੇ ਰਾਜ ਵਿਚ ਲੋਕਾਂ ਦਾ ਭਰੋਸਾ ਮੁੜ ਬਹਾਲ ਕਰਨ ਲਈ ਗੰਭੀਰ ਅਤੇ ਹਕੀਕੀ ਕੋਸ਼ਿਸ਼ਾਂ ਜੁਟਾਏਗੀ।

ਸੰਪਰਕ ਲਈ: ਨਵਸ਼ਰਨ (9910171808), ਮੀਰਾ (7337478993)

# ਐਮ.ਆਰ.ਐਸ.ਪੀ.ਟੀ.ਯੂ.ਵੱਲੋਂ ਵਿਦਿਆਰਥੀਆਂ ਦੀ ਨਵਚੇਤਨਾ ਨੂੰ ਮਿਲ ਰਿਹਾ ਉਤਸ਼ਾਹ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 9463601616 hardipchumber57@gmail.com



ਬਠਿੰਡਾ, 23 ਅਪ੍ਰੈਲ (ਅੰਗਰੇਜ਼ ਸਿੰਘ ਵਿੱਕੀ ਕੋਟਗੁਰੂ) - ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (MRSPTU) ਆਪਣੇ 2020-2024 ਬੈਚ ਦੇ ਬੀ.ਟੈਕ (ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ) ਵਿਦਿਆਰਥੀ ਰੋਹਿਤ ਕੁਮਾਰ ਦੀ ਕਾਬਿਲ-ਏ-ਤਾਰੀਫ਼ ਉਦਯਮਤਾ ਦੀ ਪ੍ਰਾਪਤੀ ਦਾ ਜਸ਼ਨ ਮਨਾ ਰਹੀ ਹੈ, ਜਿਸਦਾ ਸਟਾਰਟਅੱਪ ScrollA-R4U Technologies Private Limited ਹੁਣ 2.5 ਕਰੋੜ ਰੁਪਏ ਦੀ ਵੈਲੂਏਸ਼ਨ ਤੱਕ ਪਹੁੰਚ ਚੁੱਕਾ ਹੈ।ਤਲਵੰਡੀ ਸਾਬੋ ਦੇ ਪਿੰਡ ਸ਼ੇਖਪੁਰਾ ਨਾਲ ਸੰਬੰਧਤ ਰੋਹਿਤ ਦੀ ਕਹਾਣੀ ਹੌਂਸਲੇ, ਦ੍ਰਿਸ਼ਟੀਕੋਣ ਅਤੇ ਖੁਦ 'ਤੇ ਵਿਸ਼ਵਾਸ ਦੀ ਅਦਭੁਤ ਮਿਸਾਲ ਹੈ। ਸਿਰਫ 8 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਨੂੰ ਖੋਹ ਬੈਠਣ ਤੋਂ ਬਾਅਦ ਜੋ ਇੱਕ ਦਿਲ ਅਤੇ ਛਾਤੀ ਦੇ ਮਾਹਿਰ ਡਾਕਟਰ ਸਨ । ਰੋਹਿਤ ਦੀ ਪਰਵਰਿਸ਼ ਉਸਦੀ ਮਜ਼ਬੂਤ-ਇੱਛਾਵਾਨ ਮਾਂ ਨੇ ਕੀਤੀ, ਜਿਸ ਨੇ ਹਮੇਸ਼ਾ ਉਸ ਨੂੰ ਹੌਸਲਾ ਦਿੱਤਾ। ਤਕਨੀਕ ਪ੍ਰਤੀ ਗਹਿਰੀ ਦਿਲਚਸਪੀ ਰੱਖਦਿਆਂ ਰੋਹਿਤ ਨੇ 15 ਸਾਲ ਦੀ ਉਮਰ ਵਿੱਚ ਹੀ ਡਿਜੀਟਲ ਟੂਲਜ਼, ਕਨਟੈਂਟ ਕ੍ਰੀਏਸ਼ਨ ਅਤੇ ਔਨਲਾਈਨ ਲਰਨਿੰਗ ਪਲੇਟਫਾਰਮਾਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ ਸੀ, ਜਿਸ ਨਾਲ ਉਸ ਨੇ ਕਲਾਸਰੂਮ ਦੀ ਸਿੱਖਿਆ ਤੋਂ ਪਰੇ ਅਮਲੀ ਕਾਬਲੀਆਂ ਹਾਸਲ ਕਰ ਲਈਆਂ।ਡਾ.ਗੁਰਿੰਦਰਪਾਲ ਸਿੰਘ ਬਰਾੜ , ਰਜਿਸਟਰਾਰ ਐਮ.ਆਰ.ਐਸ.ਪੀ.ਟੀ.ਯੂ. ਅਤੇ ਹਰਜੋਤ ਸਿੰਘ ਸਿੱਧੂ, ਡਾਇਰੈਕਟਰ, ਸਿਖਲਾਈ ਅਤੇ ਪਲੇਸਮੈਂਟ ਵਿਭਾਗ, ਸ਼੍ਰੀ ਹਰਜਿੰਦਰ ਸਿੱਧੂ ਡਾਇਰੈਕਟਰ ਲੋਕ ਸੰਪਰਕ ਨੇ ਰੋਹਿਤ ਦੀ ਯਾਤਰਾ ਬਾਰੇ ਦਿਲੋਂ ਭਰਕੇ ਸ਼ਬਦ ਕਹੇ:"ਰੋਹਿਤ ਕੁਮਾਰ ਦੀ ਕਾਮਯਾਬੀ ਜਜ਼ਬੇ ਅਤੇ ਉਦੇਸ਼ ਦਾ ਸੰਪੂਰਨ ਮਿਸ਼ਰਣ ਹੈ। ਉਹ ਨੇ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਬਚਪਨ ਤੋਂ ਹੀ ਸਾਹਮਣਾ ਕੀਤਾ, ਪਰ ਕਦੇ ਵੀ ਆਪਣਾ ਧਿਆਨ ਨਾ ਡੋਲਣ ਦਿੱਤਾ। ਉਸ ਦੀ ਲਗਨ, ਆਤਮ ਅਨੁਸ਼ਾਸਨ ਅਤੇ ਨਵਾਂ ਸਿੱਖਣ ਦੀ ਭੁੱਖ ਪਹਿਲੇ ਦਿਨ ਤੋਂ ਹੀ ਦਿਖਾਈ ਦਿੱਤੀ। ਅਜਿਹੇ ਵਿਦਿਆਰਥੀ ਸਾਨੂੰ ਦੱਸਦੇ ਹਨ ਕਿ ਸਹੀ ਸੋਚ ਅਤੇ ਮਾਰਗਦਰਸ਼ਨ ਨਾਲ ਹਰ ਸਪਨਾ ਸੰਭਵ ਬਣ ਸਕਦਾ ਹੈ। ਐਮ.ਆਰ.ਐਸ.ਪੀ. ਟੀ.ਯੂ. ਨੂੰ ਮਾਣ ਹੈ ਕਿ ਅਸੀਂ ਰੋਹਿਤ ਦੀ ਯਾਤਰਾ ਵਿੱਚ ਇਕ ਅਹੰਕਾਰਯੋਗ ਭੂਮਿਕਾ ਨਿਭਾਈ। "ਰੋਹਿਤ ਦਾ ਸਟਾਰਟਅੱਪ ScrollA-R4U ਭਾਰਤੀ ਸਿੱਖਿਆ ਪ੍ਰਣਾਲੀ ਨੂੰ Augmented Reality ਅਧਾਰਤ ਲਰਨਿੰਗ ਬੁੱਕਸ ਅਤੇ ਐਪਸ ਰਾਹੀਂ ਨਵੀਂ ਦਿਸ਼ਾ ਦੇ ਰਿਹਾ ਹੈ। ਇਹ ਏ.ਆਰ. ਕਿਤਾਬਾਂ 3D ਵਿਜ਼ੁਅਲਜ਼ ਅਤੇ ਕਹਾਣੀਬੰਦੀ ਰਾਹੀਂ ਪਾਠਾਂ ਨੂੰ ਇੰਟਰਐਕਟਿਵ ਅਨੁਭਵਾਂ ਵਿੱਚ ਬਦਲਦੀਆਂ ਹਨ।ਜਿਸ ਨਾਲ ਬੱਚਿਆਂ ਲਈ ਪੜ੍ਹਾਈ ਮਜ਼ੇਦਾਰ ਅਤੇ ਦਿਲਚਸਪ ਬਣ ਜਾਂਦੀ ਹੈ। ਇਹ ਪੇਟੈਂਟ ਕੀਤੇ ਹੋਏ ਮਾਡਲ ਨਾਲ ਕੰਪਨੀ ਨਰਸਰੀ ਤੋਂ ਪੰਜਵੀ ਤੱਕ ਦੇ ਬੱਚਿਆਂ ਲਈ ਕਿਤਾਬਾਂ ਤਿਆਰ ਕਰਦੀ ਹੈ। ਜੋ ਕੰਮ ਇਕੱਲੇ ਤੋਂ ਸ਼ੁਰੂ ਹੋਇਆ ਸੀ, ਉਹ ਅੱਜ ਸਹਿ-ਸੰਸਥਾਪਕ, ਨਿਰਦੇਸ਼ਕ, ਇੰਟਰਨ, ਪ੍ਰਮੋਟਰ ਅਤੇ ਫੁਲ-ਟਾਈਮ ਕਰਮਚਾਰੀਆਂ ਸਮੇਤ 14 ਮੈਂਬਰਾਂ ਦੀ ਟੀਮ ਬਣ ਚੁੱਕਾ ਹੈ।"ਅਸੀਂ ਸਿਰਫ ਇਕ ਕੰਪਨੀ ਨਹੀਂ, ਇੱਕ ਈਕੋਸਿਸਟਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿੱਥੇ ਸਿੱਖਿਆ ਅਤੇ ਕਲਪਨਾ ਮਿਲਦੀਆਂ ਹਨ," ਰੋਹਿਤ ਨੇ ਕਿਹਾ। "ਸਾਡੀਆਂ ਕਿਤਾਬਾਂ ਅਤੇ ਮੋਬਾਈਲ ਐਪਸ ਰਾਹੀਂ, ਸਾਡਾ ਉਦੇਸ਼ ਮਾਪਿਆਂ ਅਤੇ ਅਧਿਆਪਕਾਂ ਦੇਵਾਂ ਨੂੰ ਇੱਕ ਸੰਪੂਰਨ ਸਿੱਖਣ ਦਾ ਅਨੁਭਵ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨਾ ਹੈ। ਅੱਜ ਸਾਡੇ ਕੋਲ ਇੰਟਰਨਸ਼ਿਪ ਅਤੇ ਪਲੇਸਮੈਂਟ ਦੇ ਮੌਕੇ ਵੀ ਹਨ, ਤਾਂ ਜੋ ਹੋਰ ਵਿਦਿਆਰਥੀ ਵੀ ਸਾਡੀ ਟੀਮ ਦਾ ਹਿੱਸਾ ਬਣ ਕੇ ਨਵੀਆਂ ਤਕਨੀਕਾਂ ਸਿੱਖਣ ਅਤੇ ਸਟਾਰਟਅੱਪ ਸੱਭਿਆਚਾਰ ਨੂੰ ਅਨੁਭਵ ਕਰਨ। "ਰੋਹਿਤ ਦੇ ਸਫ਼ਰ ਵਿੱਚ ਮੋੜ ਅਪ੍ਰੈਲ 2022 ਵਿੱਚ ਸਿਖਲਾਈ ਅਤੇ ਪਲੇਸਮੈਂਟ ਵਿਭਾਗ, ਐਮ.ਆਰ.ਐਸ.ਪੂ.ਟੀ.ਯੂ ਦੁਆਰਾ ਆਯੋਜਿਤ ਇੱਕ ਸਟਾਰਟਅੱਪ ਆਈਡੀਆ ਪਿੱਚਿੰਗ ਮੁਕਾਬਲੇ ਦੌਰਾਨ ਆਇਆ, ਉਸਦੇ ਦੂਜੇ ਸਾਲ ਦੌਰਾਨ। ਉਸਦੇ ਸੰਕਲਪ ਨੇ ਪੋਟੈਂਸ਼ੀਆ ਅਕੈਡਮੀ ਦੇ ਸੰਸਥਾਪਕ ਦਯਾਮ ਨਵੀਨ ਕੁਮਾਰ ਦਾ ਧਿਆਨ ਖਿੱਚਿਆ, ਜਿਨ੍ਹਾਂ ਨੇ ਪਹਿਲੇ ਐਂਜਲ ਇਨਵੈਸਟਰ ਅਤੇ ਸਲਾਹਕਾਰ ਵਜੋਂ ਰੋਹਿਤ ਦੇ ਸਟਾਰਟਅੱਪ ਵਿੱਚ ਭਰੋਸਾ ਜਤਾਇਆ ਅਤੇ ਉਨ੍ਹਾਂ ਦੀ ਮਦਦ ਨਾਲ ਇਹ ਇਕ ਵਿਚਾਰ ਤੋਂ ਕੰਪਨੀ ਬਣ ਗਈ।ਰੋਹਿਤ ਐਮ.ਆਰ. ਐਸ.ਪੀ.ਟੀ.ਯੂ. ਨੂੰ ਆਪਣੀ ਉਦਯਮਤਾ ਦੀ ਸੋਚ ਦੇ ਵਿਕਾਸ ਲਈ ਸ੍ਰੇਯ ਦਿੰਦਾ ਹੈ। " ਇੱਥੇ ਦੇ ਮਾਹੌਲ ਨੇ ਮੈਨੂੰ ਕਿਤਾਬਾਂ ਤੋਂ ਬਾਹਰ ਸੋਚਣ ਲਈ ਪ੍ਰੇਰਿਤ ਕੀਤਾ। ਸਿਖਲਾਈ ਅਤੇ ਪਲੇਸਮੈਂਟ ਵਿਭਾਗ ਅਤੇ ਕੰਪਿਊਟਰ ਇੰਜੀਨੀਅਰਿੰਗ ਡਿਪਾਰਟਮੈਂਟ ਵੱਲੋਂ ਮਿਲੀ ਸਹਾਇਤਾ ਅਤੇ ਡਾਇਰੈਕਟਰ, ਹਰਜੋਤ ਸਿੱਧੂ ਵੱਲੋਂ ਮਿਲਦੀ ਰਹੀ ਮਾਰਗਦਰਸ਼ਨ ਨੇ ਮੈਨੂੰ ਮਾਰਗਦਰਸ਼ਨ ਮੁਹੱਈਆ ਕਰਵਾਈ। ਮੇਰੀ ਕਹਾਣੀ ਇੱਥੋਂ ਸ਼ੁਰੂ ਹੋਈ, ਅਤੇ ਮੈਂ ਹਮੇਸ਼ਾ ਯੂਨੀਵਰਸਿਟੀ ਦਾ ਧੰਨਵਾਦੀ ਰਹਾਂਗਾ ਜਿਸਨੇ ਦੁਨੀਆਂ ਤੋਂ ਪਹਿਲਾਂ ਮੇਰੇ ਵਿੱਚ ਵਿਸ਼ਵਾਸ ਕੀਤਾ।"ਐਮ.ਆਰ.ਐਸ. ਪੀ.ਟੀ.ਯੂ. ਲਗਾਤਾਰ ਇੱਕ ਅਜਿਹੇ ਉੱਦਮੀ ਈਕੋਸਿਸਟਮ ਨੂੰ ਵਿਕਸਿਤ ਕਰਨ ਲਈ ਵਚਨਬੱਧ ਹੈ, ਜੋ ਵਿਦਿਆਰਥੀਆਂ ਨੂੰ ਸਿਰਫ਼ ਸਫਲ ਪੇਸ਼ੇਵਰ ਨਹੀਂ, ਸਗੋਂ ਭਵਿੱਖ ਦੇ ਪ੍ਰਭਾਵਸ਼ਾਲੀ ਆਗੂ ਬਣਣ ਲਈ ਤਿਆਰ ਕਰਦਾ ਹੈ।ਇਸ ਮੌਕੇ ਪ੍ਰੋ.(ਡਾ.) ਅਸ਼ੀਸ਼ ਬਾਲਦੀ ਡਾਇਰੈਕਟਰ, ਆਈ.ਕਿਉ.ਏ.ਸੀ. ਅਤੇ ਡਾ. ਜੋਤੀ ਰਾਣੀ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੀ ਹਾਜਰ ਸਨ।

# ਪਿਛਲੇ ਸਾਲ ਨਾਲੋਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਦੁਗਣੀ : ਡਿਪਟੀ ਕਮਿਸ਼ਨਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 9463601616 hardipchumber57@gmail.com

ਬਠਿੰਡਾ, 23 ਅਪ੍ਰੈਲ (ਅੰਗਰੇਜ਼ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਦੇ 189 ਖਰੀਦ ਕੇਂਦਰਾਂ ਤੇ 78 ਆਰਜੀ ਖਰੀਦ ਕੇਂਦਰਾਂ ਤੇ ਕਣਕ ਦੀ ਆਮਦ ਅਤੇ ਖਰੀਦ ਸ਼ੁਰੂ ਹੋ ਚੁੱਕੀ ਹੈ। 22 ਅਪ੍ਰੈਲ 2025 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 4 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਦੋਂ ਕਿ ਪਿਛਲੇ ਸਾਲ ਮਿਤੀ 22 ਅਪ੍ਰੈਲ 2024 ਤੱਕ ਕਣਕ ਦੀ ਆਮਦ 2.15 ਲੱਖ ਮੀਟ੍ਰਿਕ ਟਨ ਸੀ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਵਧੀ ਆਮਦ ਦੇ ਬਾਵਜੂਦ ਜ਼ਿਲ੍ਹੇ ਵਿਚ ਲਿਫਟਿੰਗ ਦਾ ਕੰਮ ਤਸਲੀਬਖਸ਼ ਚੱਲ ਰਿਹਾ ਹੈ, 72 ਘੰਟਿਆਂ ਦੀ ਖਰੀਦ ਦੀ ਲਿਫਟਿੰਗ 103 ਫੀਸਦੀ, 48 ਘੰਟਿਆਂ ਦੀ ਖਰੀਦ ਦੀ ਲਿਫਟਿੰਗ 77 ਫੀਸਦੀ ਅਤੇ 24 ਘੰਟਿਆਂ ਦੀ ਖਰੀਦ ਦੀ ਲਿਫਟਿੰਗ 59 ਫੀਸਦੀ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 48 ਘੰਟਿਆਂ ਦੌਰਾਨ ਖਰੀਦ ਕੀਤੀ ਕਣਕ ਦੀ ਅਦਾਇਗੀ 135 ਫੀਸਦੀ ਹੈ ਅਤੇ ਜ਼ਿਲ੍ਹੇ ਵਿੱਚ 602 ਕਰੋੜ ਰੁਪਏ ਦੀ ਕੁੱਲ ਅਦਾਇਗੀ ਕਿਸਾਨਾਂ ਨੂੰ ਹੋ ਚੁੱਕੀ ਹੈ।ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਲਾਇਟਾਂ, ਪੀਣ ਵਾਲੇ ਪਾਣੀ,ਪਖਾਨਿਆਂ ਅਤੇ ਚੌਕੀਦਾਰਾਂ ਦਾ ਪ੍ਰਬੰਧ



ਮੁਕੰਮਲ ਪ੍ਰਬੰਧ ਕੀਤਾ ਜਾ ਚੁੱਕਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਾ ਆਵੇ। ਇਸ ਤੋਂ ਇਲਾਵਾ ਖਰੀਦ ਲਈ ਲੋੜੀਂਦਾ ਬਾਰਦਾਨਾ ਅਤੇ ਸਟੋਰ ਕਰਨ ਲਈ ਕਰੇਟਾਂ ਦਾ ਵੀ ਪੂਰਾ ਪ੍ਰਬੰਧ ਹੈ।

# ਖ੍ਰੀਦ ਕੇਂਦਰ ਵਿਖੇ ਕਿਸਾਨਾਂ ਨੂੰ ਨਹੀਂ ਆ ਰਹੀ ਕੋਈ ਸਮੱਸਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 9463601616 hardipchumber57@gmail.com

ਬਠਿੰਡਾ, 23 ਅਪ੍ਰੈਲ (ਅੰਗਰੇਜ਼ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਸਕੱਤਰ ਮਾਰਕਿਟ ਕਮੇਟੀ ਭੁੱਚੋ ਮੰਡੀ ਰਜਿੰਦਰ ਨੇ ਦੱਸਿਆ ਕਿ ਖ੍ਰੀਦ ਕੇਂਦਰ ਲਹਿਰਾ ਮੁਹੱਬਤ ਵਿਖੇ ਕਣਕ ਦੀ ਖ੍ਰੀਦ ਵਧੀਆ ਤਰੀਕੇ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾ ਰਹੀ। ਸਕੱਤਰ ਸ਼੍ਰੀ ਰਜਿੰਦਰ ਨੇ ਅੱਗੇ ਦੱਸਿਆ ਕਿ ਖ੍ਰੀਦ ਕੇਂਦਰ ਵਿਖੇ ਕਿਸਾਨਾਂ ਆਦਿ ਲਈ ਵੱਖ-ਵੱਖ ਸਹੂਲਤਾਂ ਉਪਲੱਬਧ ਕਰਵਾਉਣ ਤੋਂ ਇਲਾਵਾ ਦੇ ਬਾਥਰੂਮਾਂ ਤੋਂ ਇਲਾਵਾ ਦੇ ਆਰਜੀ ਬਾਥਰੂਮ, ਪੀਣ ਵਾਲੇ ਪਾਣੀ ਦੇ ਪ੍ਰਬੰਧ ਲਈ ਕੈਂਪਰ, ਘੜੇ ਅਤੇ ਦੋ ਚੌਕੀਦਾਰਾਂ ਵੀ ਤਾਇਨਾਤ ਕੀਤੇ ਹੋਏ ਹਨ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਡੀਆਂ ਵਿੱਚ ਆ ਰਹੀ ਕਣਕ ਦੀ ਖ੍ਰੀਦ ਸਮੇਂ ਸਿਰ ਕਰਨ ਦੇ ਨਾਲ-ਨਾਲ ਕਣਕ ਦੀ ਚੁਕਾਈ ਅਤੇ ਅਦਾਇਗੀ ਵੀ ਸਮੇਂ-ਸਿਰ ਕੀਤੀ ਜਾ ਰਹੀ ਹੈ।

# ਸੂਬਾ ਸਰਕਾਰ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਵਚਨਵੱਧ ਤੇ ਯਤਨਸ਼ੀਲ : ਮਾਸਟਰ ਜਗਸੀਰ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ ਕੋਟਗੁਰੂ/ ਬਲਜੀਤ ਸਿੰਘ ਕੁਲਾਰ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਵਚਨਵੱਧ ਤੇ ਯਤਨਸ਼ੀਲ ਹੈ। ਉਹ ਦਿਨ ਦੂਰ ਨਹੀਂ ਜਦੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਆਪਣੀ ਕਾਬਲੀਅਤ ਤੇ ਮਿਹਨਤ ਸਦਕਾ ਹਰ ਖੇਤਰ ਵਿੱਚ ਮੋਹਰੀ ਸਥਾਨ ਹਾਸਿਲ ਕਰਨਗੇ। ਇਨ੍ਹਾਂ ਗੱਲਾਂ ਦਾ




ਪ੍ਰਗਟਾਵਾਂ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਨੇ ਚੱਕ ਫਤਿਹ ਸਿੰਘ ਦੇ ਪ੍ਰਾਇਮਰੀ ਸਕੂਲ 'ਚ ਸਕੂਲ ਦੇ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੀ ਮਜਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੀਆਂ ਚਾਰਦੀਵਾਰੀਆਂ, ਸਾਇੰਸ ਲੈਬ, ਲੋੜ ਮੁਤਾਬਕ ਨਵੇਂ ਕਮਰਿਆਂ ਦੀ ਉਸਾਰੀ ਸਮੇਤ ਹੋਰ ਸੁਵਿਧਾਵਾਂ ਸ਼ਾਮਿਲ ਹਨ, ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਜਾ ਰਹੇ ਹਨ।ਇਸ ਦੌਰਾਨ ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਉਹੀ ਦੇਸ਼ ਤਰੱਕੀਆਂ ਕਰਦੇ ਹਨ, ਜੋ ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪੁਰਜੋਰ ਯਤਨ ਕਰਦੇ ਰਹਿੰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਯੋਜਨਾਬੱਧ ਤਰੀਕੇ ਨਾਲ ਚਲਾਈ ਜਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਅਜਿਹਾ ਉਸਾਰੂ ਮਾਹੌਲ ਸਿਰਜਿਆ ਜਾ ਸਕੇ।ਇਸ ਉਪਰੰਤ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਪਿੰਡ ਤੁੰਗਵਾਲੀ ਦੇ ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ 'ਚ ਹੋਇਆ ਭਾਰੀ ਵਾਧਾ : ਬਲਕਾਰ ਸਿੰਘ ਸਿੱਧੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ। ਇਸੇ ਲੜੀ ਦੇ ਤਹਿਤ ਅਜੌਕੇ ਸਮੇਂ ਦੌਰਾਨ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਨੂੰ ਲੈ ਕੇ ਭਾਰੀ ਵਾਧਾ ਹੋਇਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਰਾਮਪੁਰਾ ਫੂਲ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਭਾਈਰੂਪਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਿੱਖਿਆ ਕ੍ਰਾਂਤੀ ਸਮਾਗਮ ਦੇ ਮੱਦੇਨਜ਼ਰ



ਕਰਵਾਏ ਗਏ ਪ੍ਰੋਗਰਾਮ ਮੌਕੇ ਕੀਤਾ।ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੱਚਿਆਂ ਦੇ ਭਵਿੱਖ ਲਈ ਲਗਾਤਾਰ ਕੰਮ ਕਰਦੀ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਰਾਜ ਦੀ ਕਮਾਨ ਸੰਭਾਲਣ ਉਪਰੰਤ ਹੀ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲ ਦੇ ਕਾਰਜ ਕਾਲ ਦੌਰਾਨ ਸਰਕਾਰੀ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਸੁਧਾਰ ਹੋਏ ਹਨ। ਸਰਕਾਰ ਨੇ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿਚ 12 ਫੀਸਦੀ ਬਜਟ ਦਾ ਵਾਧਾ ਕਰ ਕੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਕਰੀਬ 20 ਹਜ਼ਾਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ।ਇਸ ਮੌਕੇ ਬਲਕਾਰ ਸਿੰਘ ਸਿੱਧੂ ਨੇ ਭਾਈਰੂਪਾ ਸਕੂਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ 1,50,2000 ਲੱਖ ਰੁਪਏ ਦੀ ਲਾਗਤ ਨਾਲ 2 ਕਮਰਿਆਂ, ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ ਅਤੇ ਲੜਕੀਆਂ) ਲਈ 7,51,000-7,51,000 ਲੱਖ ਰੁਪਏ ਦੇ ਕਮਰਿਆਂ, 8 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਚਾਰਦੀਵਾਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦਾ 3,27,200 ਲੱਖ ਰੁਪਏ ਦੀ ਲਾਗਤ ਨਾਲ ਹੋਏ ਨਵੀਨੀਕਰਨ ਦਾ ਉਦਘਾਟਨ ਕੀਤਾ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਪਹਿਲਗਾਮ ਵਿਖੇ ਅੱਤਵਾਦੀਆਂ ਵਲੋਂ ਨਿਹੱਥੇ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰਨਾ ਕਿੱਥੇ ਦੀ ਸੂਰਮਗਤੀ ਹੈ : ਭੁਪਿੰਦਰ ਸਿੰਘ ਪਿੰਕੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 23 ਅਪ੍ਰੈਲ ( ਤਰਸੇਮ ਦੀਵਾਨਾ ) ਬੀਤੇ ਦਿਨੀ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆਂ ਵਲੋਂ ਸੈਲਾਨੀਆਂ ਨੂੰ ਬੇਰਹਿਮੀ ਨਾਲ ਬੇਤਹਾਸ਼ਾ ਗੋਲੀਆਂ ਚਲਾ ਕੇ ਨਿਹੱਥੇ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰਨ ਦੀ ਨਿੰਦਿਆ ਕਰਦਿਆ ਉੱਘੇ ਸਮਾਜ ਸੇਵਕ ਅਤੇ ਬੁੱਧੀਜੀਵੀ ਸ਼ਖਸ਼ੀਅਤ ਭੁਪਿੰਦਰ ਸਿੰਘ ਪਿੰਕੀ ਨੇ ਇੱਕ ਪ੍ਰੈੱਸ ਵਾਰਤਾ ਦੌਰਾਨ ਕਿਹਾ ਕਿ ਪਾਕਿਸਤਾਨ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਹੀ ਆ ਰਿਹਾ ਜਿਸ ਦਾ ਜਵਾਬ ਭਾਰਤ ਸਰਕਾਰ ਨੂੰ ਮੂੰਹ ਤੋੜਵਾ ਜਵਾਬ ਦੇਣਾ ਚਾਹੀਦਾ ਹੈ ਜਿਸ ਨਾਲ ਪਾਕਿਸਤਾਨ ਦੀਆਂ ਨੀਹਾਂ ਹਿੱਲ ਜਾਣ ਤਾਂ ਕਿ ਪਾਕਿਸਤਾਨ ਦੇ ਪਾਲਤੂ ਕੁੱਤੇ ਇਹੋ ਜਿਹੇ ਘਨਾਉਣੀ ਹਰਕਤ ਕਰਨ ਤੋਂ ਪਹਿਲਾਂ 100 ਵਾਰੀ ਸੋਚਣ ਅਤੇ ਅੱਗੇ ਤੋਂ ਇਸ ਤਰ੍ਹਾਂ ਦੀ ਕੰਮ ਕਰਨ ਪਹਿਲਾ ਅੱਤਵਾਦੀਆਂ ਦੀ ਰੂਹ ਕੰਬ ਜਾਵੇ । ਪਿੰਕੀ ਹੁਰਾਂ ਨੇ ਕਿਹਾ ਕਿ ਲੱਗਭਗ 28 ਵਿਅਕਤੀਆਂ ਦੀ ਮੋਤ ਹੋ ਜਾਣਾ ਤੇ ਦਰਜਨਾ ਦੇ ਲੱਗਭਗ ਯਾਤਰੀਆਂ ਦਾ ਜ਼ਖਮੀ ਹੋਣਾ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਹ ਹਮਲਾ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਵਾਲਾ ਹਮਲਾ ਹੈ ਉਹਨਾਂ ਕਿਹਾ ਕਿ ਇਸ ਵਕਤ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਜੁੱਟ ਹੋਣ ਦੀ ਜਰੂਰਤ ਹੈ । ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਤਰੁੰਤ ਹਮਲੇ ਦੇ ਜੁੰਮੇਵਾਰ ਅੱਤਵਾਦੀਆਂ ਨੂੰ ਸਜ਼ਾ ਦੇਣੀ ਰਾਹੀਦੀ ਹੈ। ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਜੰਮੂ ਕਸ਼ਮੀਰ ਦਾ ਪਹਿਲਗਾਮ ਯਾਤਰੀਆਂ ਲਈ ਘੁੰਮਣ ਫਿਰਨ ਤੇ ਸੈਰ - ਸਪਾਟਾ ਕਰਨ ਵਾਸਤੇ ਬਹੁਤ ਵਧੀਆਂ ਇਲਾਕਾ ਹੈ ਤੇ ਇਸ ਤਰ੍ਹਾਂ ਯਾਤਰੀਆਂ ਦੇ ਮਨਾ ਵਿੱਚ ਡਰ ਪੈਦਾ ਹੋ ਜਾਵੇਗਾ ਤੇ ਪਹਿਲਗਾਮ ਦੇ ਸੁੰਦਰ ਨਜ਼ਾਰੇ ਨੂੰ ਨਜ਼ਰ ਲੱਗ ਜਾਵੇਗੀ, ਜਿਸ ਤੇ ਭਾਰਤ ਪਾਕਿਸਤਾਨ



ਨੂੰ ਸਬਕ ਸਿਖਾਉਣ ਲਈ ਤਿਆਰ ਹੋ ਜਾਵੇ ਤੇ ਸਰਕਾਰਾਂ ਇਸ ਸਥਿਤੀ ਨੂੰ ਆਮ ਤੇ ਖੋਖਲੇ ਦਾਅਵਿਆਂ ਦੀ ਬਜਾਏ ਅਸਲ ਰੂਪੀ ਹੱਥ ਕੰਢੇ ਅਪਣਾਉਂਦੇ ਤਰੁੰਤ ਜਵਾਬੀ ਕਾਰਵਾਈ ਕਰੇਂ ਕਿਉਕਿ ਦੁਸ਼ਮਣ ਦਾ ਘਰ ਵਿੱਚ ਆਕੇ ਅਟੈਕ ਕਰਨਾ ਤੇ ਉਸਨੂੰ ਨਜ਼ਰ ਅੰਦਾਜ਼ ਕਰਨਾ ਬਹੁਤ ਵੱਡੀ ਬੇਵਕੂਫੀ ਹੋਵੇਗੀ ।

# ਯੁੱਧ ਨਸ਼ਿਆਂ ਵਿਰੁੱਧ' ਤਹਿਤ ਬਲਵੰਤ ਗਾਰਗੀ ਆਡੋਟੋਰੀਅਮ ਵਿਖੇ ਸਮਾਗਮ 25 ਅਪ੍ਰੈਲ ਨੂੰ : ਪੂਨਮ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ 25 ਅਪ੍ਰੈਲ 2025 ਨੂੰ ਸਥਾਨਕ ਬਲਵੰਤ ਗਾਰਗੀ ਆਡੋਟੋਰੀਅਮ ਵਿਖੇ ਸਮਾਗਮ ਕਰਵਾਇਆ ਜਾਵੇਗਾ। ਇਹ ਜਾਣਕਾਰੀ ਵਧੀਕ ਡਿਪਟੀ



ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਸਮਾਗਮ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕਰ ਲਈਆਂ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਮੌਕੇ ਨਿਰਦੇਸ਼ਕ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਚੰਦਰ ਸ਼ੇਖਰ ਦਾ ਲਿਖਿਆ ਨਾਟਕ "ਆਓ ਕੋਸ਼ਿਸ਼ ਕਰੀਏ" ਨਾਟਕ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਨਸ਼ਿਆਂ ਦਾ ਮਾਰੂ ਪ੍ਰਭਾਵਾਂ ਨੂੰ ਦਰਸਾਉਂਦੇ ਹੋਏ ਨੁਕੜ ਨਾਟਕ, ਭਾਸ਼ਣ ਆਦਿ ਦਿੱਤੇ ਜਾਣਗੇ।ਸਮਾਗਮ ਮੌਕੇ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਪੰਚਾਂ/ਸਰਪੰਚਾਂ ਅਤੇ ਨਹਿਰੂ ਯੁਵਾ ਕੇਂਦਰ ਦੇ ਕਲੱਬਾਂ ਵਲੋਂ ਸ਼ਿਰਕਤ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਫੀਲਰ ਅਫਸਰ ਰਮਨਜੀਤ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਗੁਰਪ੍ਰਤਾਪ ਸਿੰਘ, ਜ਼ਿਲ੍ਹਾ ਭਾਸ਼ਾ ਅਫਸਰ ਕਿਰਪਾਲ ਸਿੰਘ, ਸਿੱਖਿਆ ਵਿਭਾਗ ਤੋਂ ਮਨਦੀਪ ਕੌਰ ਆਦਿ ਹਾਜ਼ਰ ਸਨ।

# ਆਸ਼ਾ ਵਰਕਰਾਂ ਦੇ ਕੰਮ ਦੀ ਹੋਈ ਸਰਾਹਣਾ, ਨਵੇਂ ਸੁਝਾਅ ਨਾਲ ਆਯੁਸ਼ਮਾਨ ਕੇਂਦਰ ਲਈ ਰਣਨੀਤੀ ਤੈਅ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com

ਰੂਪਨਗਰ, ਗਰਦਲੇ, 22 ਅਪ੍ਰੈਲ 2025 – ਆਯੁਸ਼ਮਾਨ ਅਰੋਗਿਆ ਕੇਂਦਰ ਗਰਦਲੇ ਵਿਖੇ ਅੱਜ ਜਨ ਅਰੋਗਿਆ ਸਮਿਤੀ ਦੀ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਪਿੰਡ ਗਰਦਲੇ ਦੀ ਸਰਪੰਚ ਸ੍ਰੀਮਤੀ ਜਸਵੀਰ ਕੌਰ ਦੀ ਅਗਵਾਈ




ਹੇਠ ਹੋਈ। ਇਹ ਮੀਟਿੰਗ ਕਮਿਊਨਿਟੀ ਹੈਲਥ ਅਫਸਰ ਕਿਰਨਜੇਤ ਕੌਰ, ਹੈਲਥ ਵਰਕਰ ਮੰਜੇਤ ਸਿੰਘ ਅਤੇ ਹੈਲਥ ਵਰਕਰ ਜਸਵਿੰਦਰ ਕੌਰ ਵੱਲੋਂ ਸੰਯੁਕਤ ਤੌਰ 'ਤੇ ਆਯੋਜਿਤ ਕੀਤੀ ਗਈ।

ਚਰਚਾ ਦੌਰਾਨ ਆਯੁਸ਼ਮਾਨ ਭਾਰਤ ਯੋਜਨਾ ਅਧੀਨ ਚੱਲ ਰਹੀਆਂ ਸਿਹਤ ਸੇਵਾਵਾਂ ਦੀ ਸਮੀਖਿਆ ਕੀਤੀ ਗਈ। ਲੋਕਾਂ ਦੀ ਪਹੁੰਚ ਵਧਾਉਣ, ਸੇਵਾਵਾਂ ਵਿੱਚ ਗੁਣਵੱਤਾ ਲਿਆਉਣ ਅਤੇ ਲੋੜਵੰਦ ਵਰਗ ਲਈ ਹੋਰ ਬਿਹਤਰ ਵਿਵਸਥਾਵਾਂ ਕਰਨ ਉੱਤੇ ਜ਼ੋਰ ਦਿੱਤਾ ਗਿਆ।

ਮੀਟਿੰਗ ਦੌਰਾਨ, ਸਭ ਮੈਂਬਰਾਂ ਵੱਲੋਂ ਆਯੁਸ਼ਮਾਨ ਅਰੋਗਿਆ ਕੇਂਦਰ ਗਰਦਲੇ ਦੀਆਂ ਆਸ਼ਾ ਵਰਕਰਾਂ ਦੀ ਮਿਹਨਤ ਅਤੇ ਉਤਸ਼ਾਹ ਨੂੰ ਸਰਾਹਿਆ ਗਿਆ। ਉਨ੍ਹਾਂ ਦੀ ਸਮਰਪਿਤ ਸੇਵਾ ਨੇ ਪਿੰਡ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਰਪੰਚ ਸ੍ਰੀਮਤੀ ਜਸਵੀਰ ਕੌਰ ਨੇ ਕਿਹਾ ਕਿ ਸਿਹਤ ਇੱਕ ਮੁੱਢਲਾ ਅਧਿਕਾਰ ਹੈ, ਅਤੇ ਸਾਨੂੰ ਖ਼ੁਸ਼ੀ ਹੈ ਕਿ ਆਯੁਸ਼ਮਾਨ ਅਰੋਗਿਆ ਕੇਂਦਰ ਗਰਦਲੇ ਦੇ ਸਾਰੇ ਸਟਾਫ਼ ਨੇ ਲੋਕਾਂ ਦੀ ਸੇਵਾ ਵਿੱਚ ਵਧੀਆ ਕੰਮ ਕੀਤਾ ਹੈ। ਪਿੰਡ ਦੀ ਜਨਤਾ ਨੂੰ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮਿਲਣੀ ਚਾਹੀਦੀ ਹੈ ਅਤੇ ਪੰਚਾਇਤ ਹਮੇਸ਼ਾਂ ਇਸ ਲਈ ਕੰਮ ਕਰਦੀ ਰਹੇਗੀ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਇਸ ਮੀਟਿੰਗ ਬਾਰੇ ਕਿਹਾ ਕਿ ਸਿਹਤ ਕੇਂਦਰ ਦੀ ਕਾਰਗੁਜ਼ਾਰੀ ਤਦ ਹੀ ਵਧੀਆ ਹੋ ਸਕਦੀ ਹੈ ਜਦੋਂ ਸਾਰੀਆਂ ਲੜੀਆਂ ਜਿਵੇ ਕਿ ਡਾਕਟਰ, ਹੈਲਥ ਵਰਕਰ, ਆਸ਼ਾ ਅਤੇ ਪੰਚਾਇਤ ਇਕੱਠੇ ਕੰਮ ਕਰਦੀਆਂ ਹਨ।

ਮੀਟਿੰਗ ਦੇ ਅੰਤ ਵਿੱਚ, ਸਭ ਮੈਂਬਰਾਂ ਨੇ ਆਯੁਸ਼ਮਾਨ ਅਰੋਗਿਆ ਕੇਂਦਰ ਗਰਦਲੇ ਦੀ ਅਪਗ੍ਰੇਡੇਸ਼ਨ ਅਤੇ ਹੋਰ ਬਿਹਤਰ ਸਹੂਲਤਾਂ ਦੀ ਉਪਲਬਧਤਾ ਲਈ ਲਗਾਤਾਰ ਕੰਮ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਸਿਹਤ ਕੇਂਦਰ ਦੀ ਸਫ਼ਾਈ, ਦਵਾਈਆਂ ਦੀ ਉਪਲਬਧਤਾ, ਸਟਾਫ਼ ਦੀ ਹਾਜ਼ਰੀ ਅਤੇ ਢਾਂਚਾਗਤ ਸੁਧਾਰਾਂ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ। ਅੰਤ ਵਿੱਚ ਸਰਪੰਚ ਸ੍ਰੀਮਤੀ ਜਸਵੀਰ ਕੌਰ ਨੇ ਮੀਟਿੰਗ ਵਿੱਚ ਹਾਜ਼ਰੀ ਭਰਨ ਵਾਲੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਪਿੰਡ ਦੀ ਸਿਹਤ ਸੇਵਾਵਾਂ ਵਿੱਚ ਹੋਰ ਨਿਖਾਰ ਆਵੇਗਾ।

# ਪਹਿਲਗਾਮ ਘਟਨਾ ਮਨੁੱਖਤਾ ਦਾ ਘਾਣ ਕਰਨ ਵਾਲੀ ਕਾਇਰਤਾ ਭਰੀ ਕਾਰਵਾਈ-ਕਾਮਰੇਡ ਸੇਖੋਂ


“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਜਲੰਧਰ, 23 ਅਪਰੈਲ( ਜੇ.ਐਸ. ਸੋਢੀ )

ਪਹਿਲਗਾਮ ਦੇ ਨਜਦੀਕ ਮਿੰਨੀ ਸਵਿਟਜਰਲੈਂਡ ਵਜੋਂ ਜਾਣੇ ਜਾਂਦੇ ਸਥਾਨ ਤੇ ਸੈਲਾਨੀਆਂ ਤੇ ਹਮਲਾ ਕਰਕੇ ਖੁਸ਼ੀਆਂ ਮਨਾ ਰਹੇ ਦੇ ਦਰਜਨ ਤੋਂ ਵੱਧ ਬੇਕਸੂਰ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣ ਦੀ ਘਟਨਾ ਅਤੀ ਨਿੰਦਨਯੋਗ ਹੈ। ਇਸ ਘਟਨਾ ਤੇ ਦੁੱਖ ਪ੍ਰਗਟ ਕਰਦਿਆਂ ਸੀ ਪੀ ਆਈ( ਐਮ) ਪੰਜਾਬ ਦੇ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਹ ਘਟਨਾ ਕੋਈ ਬਹਾਦਰੀ ਵਾਲੀ ਕਾਰਵਾਈ ਨਹੀਂ, ਬਲਕਿ ਮਨੁੱਖਤਾ ਦਾ ਘਾਣ ਕਰਨ ਵਾਲੀ ਕਾਇਰਤਾ ਭਰੀ ਕਾਰਵਾਈ ਹੈ।ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਜੰਮੂ ਕਸਮੀਰ ਦੇ ਜਿਲ੍ਹਾ ਅਨੰਤਨਾਗ ਦੇ ਸ਼ਹਿਰ ਪਹਿਲਗਾਮ ਦੇ ਨਜਦੀਕ ਬਾਇਸਰਨ ਨਾਂ ਦਾ ਇਹ ਸਥਾਨ ਬਹੁਤ ਖੂਬਸੂਰਤ ਹੈ, ਜਿੱਥੇ ਲੋਕ ਖੁਸ਼ੀਆਂ ਮਨਾਉਣ ਜਾਂਦੇ ਹਨ। ਇਸ ਸਥਾਨ ਦੀ ਤੁਲਨਾ ਸੁੰਦਰ ਦੇਸ਼ ਸਵਿਟਜ਼ਰਲੈਂਡ ਨਾਲ ਕਰਦਿਆਂ ਇਸਨੂੰ ਮਿੰਨੀ ਸਵਿਟਜ਼ਰਲੈਂਡ ਵੀ ਕਿਹਾ ਜਾਂਦਾ ਹੈ। ਜਿੱਥੇ ਬੀਤੀ ਕੱਲ੍ਹ ਆਏ ਕੁੱਝ ਅੱਤਵਾਦੀਆਂ ਨੇ ਹਮਲਾ ਕਰਕੇ 26 ਬੇਕਸੂਰ ਘੁੰਮਣ ਆਏ ਸੈਲਾਨੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਜਦ ਕਿ 20 ਦੇ ਕਰੀਬ ਜ਼ਖ਼ਮੀ ਹੋਏ।

ਕਾਮਰੇਡ ਸੇਖੋਂ ਨੇ ਕਿਹਾ ਕਿ ਪਿਛਲੇ ਦੇ ਕੁ ਸਾਲਾਂ ਤੋਂ ਦੇਸ਼ ਵਿਦੇਸ਼ ਦੇ ਸੈਲਾਨੀਆਂ ਦੀ ਕਸ਼ਮੀਰ ਵੱਲ ਆਮਦ ਵਿੱਚ ਵਾਧਾ ਹੋਇਆ ਸੀ, ਜਿਸ ਨਾਲ ਭਾਈਚਾਰਕ ਸਾਂਝ ਮਜਬੂਤ ਹੋਈ ਅਤੇ ਉਸ ਰਾਜ ਦੀ ਆਮਦਨ ਵਿੱਚ ਵੀ ਵਾਧਾ ਹੋਇਆ। ਪਰ ਇਹ ਮਹੌਲ ਦੇਸ਼ ਵਿੱਚ ਗੜਬੜ ਪੈਦਾ ਕਰਨ ਵਾਲੇ ਅੱਤਵਾਦੀਆਂ ਨੂੰ ਹਜ਼ਮ ਨਹੀਂ ਆਈ, ਉਹਨਾਂ ਗੋਲੀਆਂ ਚਲਾਉਣ ਸਮੇਂ ਔਰਤਾਂ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ। ਉਹਨਾਂ ਕਿਹਾ ਕਿ ਇਹ ਘਟਨਾ ਜਿੱਥੇ ਦੁਖਦਾਈ ਹੈ ਉੱਥੇ ਵੱਡੀ ਚਿੰਤਾ ਵੀ ਪ੍ਰਗਟ ਕਰਦੀ ਹੈ। ਉਹਨਾਂ ਕਿਹਾ ਕਿ ਇਸ ਘਟਨਾ ਮੌਕੇ ਆਮ ਲੋਕਾਂ ਦਾ ਇੱਕ ਦੂਜੇ ਪ੍ਰਤੀ ਹਮਦਰਦੀ ਅਤੇ ਬਚਾਅ ਕਰਨ ਵਾਲਾ ਮਾਹੌਲ ਤਸੱਲੀ ਵੀ ਦਿੰਦਾ ਹੈ।

ਸੂਬਾ ਸਕੱਤਰ ਨੇ ਕਿਹਾ ਕਿ ਦਹਾਕਿਆਂ ਤੋਂ ਕਸ਼ਮੀਰ ਵਿੱਚ ਚੱਲ ਰਿਹਾ ਇਹ




ਅੱਤਵਾਦੀ ਦੌਰ ਖਤਮ ਕਰਨ ਵਿੱਚ ਕੇਂਦਰ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਪਹਿਲਗਾਮ ਦੁਰਘਟਨਾ ਵਿੱਚ ਫਿਰਕਾਪ੍ਰਸਤੀ ਦੀ ਸਪਸ਼ਟ ਬੋਅ ਆਉਂਦੀ ਹੈ, ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਨੁਕਸਾਨਦੇਹ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਮੋਦੀ ਵੱਲੋਂ ਪੀੜ੍ਹਤਾਂ ਕੋਲ ਪਹੁੰਚ ਕਰਕੇ ਉਹਨਾਂ ਦੀ ਸਾਰ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅੱਗੇ ਲਈ ਅਜਿਹੀ ਕਿਸੇ ਘਟਨਾ ਨੂੰ ਰੋਕਣ ਲਈ ਸਰਕਾਰ ਨੂੰ ਸਖ਼ਤ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਪੰਜਾਬ ਕੇਂਦਰੀ ਯੂਨੀਵਰਸਿਟੀ ਅਤੇ ਪੰਜ ਹੋਰ ਭਾਈਵਾਲ ਸੰਸਥਾਵਾਂ ਦੀ ਟੀਮ ਨੂੰ ਜੇ.ਐਨ.ਯੂ. ਦੀ ਅਗਵਾਈ ਹੇਠ ਵੱਕਾਰੀ ਏ.ਐਨ.ਆਰ.ਐਫ.-ਪੀ.ਏ.ਆਈ.ਆਰ. ਗ੍ਰਾਂਟ ਪ੍ਰਾਪਤ ਹੋਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਬਠਿੰਡਾ/ਨਵੀਂ ਦਿੱਲੀ 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ)- ਉੱਚ ਗੁਣਵੱਤਾ ਵਾਲੀ ਖੋਜ ਅਤੇ ਨਵੀਨਤਾ ਰਾਹੀਂ ਦੇਸ਼ ਦੇ ਖੋਜ ਵਾਤਾਵਰਣ ਨੂੰ ਮਜ਼ਬੂਤ ਕਰਨ ਅਤੇ ਮਹੱਤਵਪੂਰਨ ਵਿਸ਼ਿਆਂ 'ਤੇ ਸਹਿਯੋਗੀ ਖੋਜ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਨਿਰੰਤਰ ਯਤਨਾਂ ਦੇ ਤਹਿਤ ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ), ਨਵੀਂ ਦਿੱਲੀ ਦੀ ਅਗਵਾਈ ਹੇਠ ਪੰਜ ਹੋਰ ਭਾਈਵਾਲ ਸੰਸਥਾਵਾਂ ਦੀ ਟੀਮ ਨੂੰ ਅਨੁਸੰਧਾਨ ਨੈਸ਼ਨਲ ਰਿਸਰਚ ਫਾਊਂਡੇਸ਼ਨ (ਏਐਨਆਰਐਫ) ਦੁਆਰਾ ਪੀ.ਏ.ਆਈ.ਆਰ. (ਪ੍ਰਵੇਗਿਤ ਨਵੀਨਤਾ ਅਤੇ ਖੋਜ ਲਈ ਭਾਈਵਾਲੀ) ਗ੍ਰਾਂਟ ਲਈ ਚੁਣਿਆ ਗਿਆ ਹੈ। ਇਸ ਪ੍ਰੋਜੈਕਟ ਦੇ ਤਹਿਤ ਜੇ.ਐਨ.ਯੂ. ਦੀ ਅਗਵਾਈ ਵਾਲੀ ਟੀਮ ਨੂੰ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਵੱਲੋਂ ਕੁੱਲ ₹100 ਕਰੋੜ ਦੀ ਗ੍ਰਾਂਟ ਪ੍ਰਦਾਨ ਕੀਤੀ ਜਾਵੇਗੀ, ਜਿਸ ਵਿੱਚੋਂ ਪੰਜਾਬ ਕੇਂਦਰੀ ਯੂਨੀਵਰਸਿਟੀ ਨੂੰ ਲਗਭਗ ₹14 ਕਰੋੜ ਦੀ ਗ੍ਰਾਂਟ ਮਿਲਣ ਦੀ ਸੰਭਾਵਨਾ ਹੈ।ਏ.ਐਨ.ਆਰ. ਐਫ.-ਪੀ.ਏ.ਆਈ.ਆਰ. ਪਹਿਲਕਦਮੀ ਭਾਰਤ ਦੀ ਉੱਚ ਸਿੱਖਿਆ ਅਤੇ ਖੋਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਗਈ ਹੈ। ਇਸਦਾ ਉਦੇਸ਼ ਨਵੀਨਤਾ ਨੂੰ ਉਤਸ਼ਾਹਿਤ ਕਰਨਾ, ਖੋਜ ਸਮਰੱਥਾਵਾਂ ਦਾ ਨਿਰਮਾਣ ਕਰਨਾ ਅਤੇ ਖੇਤਰੀ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ।ਇਸ ਪ੍ਰੋਜੈਕਟ ਦੇ ਤਹਿਤ, ਜੇ.ਐਨ.ਯੂ. ਹੱਬ ਸੰਸਥਾ ਵਜੋਂ ਕੰਮ ਕਰੇਗਾ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ ਸਮੇਤ ਹੋਰ ਅਕਾਦਮਿਕ ਸੰਸਥਾਵਾਂ ਦੀ ਅਗਵਾਈ ਕਰੇਗਾ। ਸੀਯੂ ਪੰਜਾਬ ਨੂੰ ਪੰਜ ਸਪੋਕ ਸੰਸਥਾਵਾਂ ਵਿੱਚੋਂ ਇੱਕ ਵਜੋਂ ਚੁਣਿਆ ਗਿਆ ਹੈ। ਹੋਰ ਸੰਸਥਾਵਾਂ ਵਿੱਚ ਦਿੱਲੀ ਫਾਰਮਾਸਿਊਟੀਕਲ ਸਾਇੰਸਜ਼ ਐਂਡ ਰਿਸਰਚ ਯੂਨੀਵਰਸਿਟੀ, ਤੇਜਪੁਰ ਯੂਨੀਵਰਸਿਟੀ, ਕਾਟਨ ਯੂਨੀਵਰਸਿਟੀ ਅਤੇ ਬਰਹਮਪੁਰ ਯੂਨੀਵਰਸਿਟੀ ਸ਼ਾਮਲ ਹਨ।ਇਸ ਗ੍ਰਾਂਟ ਲਈ ਪ੍ਰਸਤਾਵ ਜਮ੍ਹਾਂ ਕਰਾਉਣ ਲਈ ਐਨ.ਆਈ.ਆਰ.ਐਫ. ਰੈਂਕਿੰਗ ਦੇ ਆਧਾਰ 'ਤੇ ਕੁੱਲ 30 ਖੋਜ ਕੇਂਦਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਸੀ, ਹਰੇਕ ਨਾਲ ਕਈ ਸਪੋਕ ਇੰਸਟੀਚਿਊਟ ਜੁੜੀਆਂ ਹੋਈਆਂ ਸਨ। ਜੇ.ਐਨ.ਯੂ. ਦੀ ਅਗਵਾਈ ਵਾਲੀ ਟੀਮ ਦੁਆਰਾ ਪੇਸ਼ ਕੀਤਾ ਗਿਆ ਪ੍ਰਸਤਾਵ ਸਾਰਿਆਂ ਵਿੱਚੋਂ ਸਭ ਤੋਂ ਵਧੀਆ ਪਾਇਆ ਗਿਆ ਅਤੇ ਇਸਨੂੰ ਬੰਗਲੁਰੂ ਵਿੱਚ ਹੋਈਆਂ ਲਾਈਵ ਪੇਸ਼ਕਾਰੀਆਂ ਦੇ ਆਧਾਰ 'ਤੇ ਚੁਣਿਆ ਗਿਆ। ਇਸ ਪ੍ਰਸਤਾਵ ਨੂੰ ਵਿਕਸਤ ਕਰਨ ਵਿੱਚ ਸਾਰੀਆਂ ਭਾਈਵਾਲ ਸੰਸਥਾਵਾਂ ਦੇ ਅਧਿਆਪਕਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ।ਇਹ ਜਿਕਰਯੋਗ ਹੈ ਕਿ ਸ਼੍ਰੇਣੀ-ਏ ਦੀ ਫੰਡਿੰਗ ਲਈ ਸਿਰਫ਼ ਸੱਤ ਹੱਬ ਸੰਸਥਾਵਾਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਵਿੱਚ ਤਿੰਨ ਆਈਆਈਟੀ, ਇੱਕ ਐਨਆਈਟੀ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ (ਆਈਆਈਐਸਸੀ) ਅਤੇ ਦੋ ਕੇਂਦਰੀ ਯੂਨੀਵਰਸਿਟੀਆਂ - ਜੇਐਨਯੂ ਅਤੇ ਹੈਦਰਾਬਾਦ ਯੂਨੀਵਰਸਿਟੀ (ਐਚਸੀਯੂ) ਸ਼ਾਮਲ ਹਨ।ਇਸ ਪ੍ਰਾਪਤੀ 'ਤੇ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇਹ ਉਪਲਬਧੀ ਸਾਡੀ ਯੂਨੀਵਰਸਿਟੀ ਦੀਆਂ ਅਕਾਦਮਿਕ ਅਤੇ ਖੋਜ ਸਮਰੱਥਾਵਾਂ ਵਿੱਚ ਨਿਰੰਤਰ ਪ੍ਰਗਤੀ ਦਾ ਪ੍ਰਮਾਣ ਹੈ। ਦੇਸ਼ ਦੇ ਕੁਝ ਸਭ ਤੋਂ ਵਧੀਆ ਸੰਸਥਾਵਾਂ ਦੇ ਨਾਲ ਇਸ ਵੱਕਾਰੀ ਸਮੂਹ ਦਾ ਹਿੱਸਾ ਹੋਣਾ ਸਾਡੇ ਰਾਸ਼ਟਰੀ ਖੋਜ ਦ੍ਰਿਸ਼ ਵਿੱਚ ਅਰਥਪੂਰਨ ਯੋਗਦਾਨ ਪਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇੱਕ ਸਪੋਕ ਇੰਸਟੀਚਿਊਟ ਵਜੋਂ ਸੀਯੂ ਪੰਜਾਬ ਉੱਚ ਪ੍ਰਭਾਵ ਵਾਲੇ ਖੋਜ ਪ੍ਰੋਜੈਕਟਾਂ ਵਿੱਚ ਸਰਗਰਮੀ ਨਾਲ ਹਿੱਸਾ ਲਵੇਗਾ ਅਤੇ ਜੇਐਨਯੂ ਦੇ ਮਾਰਗਦਰਸ਼ਨ ਹੇਠ ਆਪਣੇ ਖੋਜ ਵਾਤਾਵਰਣ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੀਯੂ ਪੰਜਾਬ ਪ੍ਰੋਜੈਕਟ ਦੇ ਤਿੰਨੋਂ ਪ੍ਰਮੁੱਖ



ਖੋਜ ਖੇਤਰਾਂ - ਐਡਵਾਂਸਡ ਮਟੀਰੀਅਲਜ਼, ਵਾਤਾਵਰਣ ਸਥਿਰਤਾ, ਅਤੇ ਅਣੂ ਤੇ ਸਿੰਥੈਟਿਕ ਬਾਇਓਲੋਜੀ ਵਿੱਚ ਸਰਗਰਮ ਭੂਮਿਕਾ ਨਿਭਾਏਗਾ। ਇਸ ਪ੍ਰੋਜੈਕਟ ਵਿੱਚ ਡੀਨ ਇੰਚਾਰਜ ਅਕਾਦਮਿਕ ਪ੍ਰੋ. ਆਰ.ਕੇ. ਵੁਸੁਰਿਕਾ ਸੀਯੂ ਪੰਜਾਬ ਦੇ ਪ੍ਰੋਜੈਕਟ ਇਨਵੇਸਟੀਗੇਟਰ ਵਜੋਂ ਕੰਮ ਕਰ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਤਿਵਾਰੀ ਨੇ ਉਹਨਾਂ ਫੈਕਲਟੀ ਮੈਂਬਰਾਂ ਅਤੇ ਖੋਜਕਰਤਾਵਾਂ ਨੂੰ ਵਧਾਈ ਦਿੱਤੀ, ਜਿਨ੍ਹਾਂ ਦੇ ਅਣਥੱਕ ਯਤਨਾਂ ਨੇ ਇਸ ਪ੍ਰਾਪਤੀ ਨੂੰ ਸੰਭਵ ਬਣਾਇਆ।ਇਸ ਮੌਕੇ ਡੀਨ ਇੰਚਾਰਜ ਅਕਾਦਮਿਕ ਪ੍ਰੋ. ਆਰ.ਕੇ. ਵੁਸੀਰਿਕਾ ਨੇ ਕਿਹਾ ਕਿ ਇਹ ਗ੍ਰਾਂਟ ਯੂਨੀਵਰਸਿਟੀ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ, ਨਾਲ ਹੀ ਸਥਾਨਕ, ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਬਹੁ-ਅਨੁਸ਼ਾਸਨੀ ਖੋਜ ਲਈ ਰਾਹ ਪੱਧਰਾ ਕਰੇਗੀ। ਇਸ ਰਾਸ਼ਟਰੀ ਪੱਧਰ ਦੇ ਖੋਜ ਨੈੱਟਵਰਕ ਵਿੱਚ ਸੀਯੂ ਪੰਜਾਬ ਦੀ ਸ਼ਮੂਲੀਅਤ ਇਸਦੀ ਵਧਦੀ ਅਕਾਦਮਿਕ ਸਾਖ ਤੇ ਖੋਜ ਅਤੇ ਨਵੀਨਤਾ ਵਿੱਚ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਪੰਜਾਬੀ ਯੂਨੀਵਰਸਿਟੀ ਵਿਖੇ ਡਾ.ਦਮਨਜੀਤ ਸੰਧੂ ਨੇ ਡਾਇਰੈਕਟੋਰੇਟ ਆਫ਼ ਇੰਟਰਨੈਸ਼ਨਲ ਅਫੇਅਰਜ਼ ਦੇ ਡੀਨ ਵਜੋਂ ਅਹੁਦਾ ਸੰਭਾਲਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਪਟਿਆਲਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਡਾ.ਦਮਨਜੀਤ ਸੰਧੂ ਨੇ ਅੱਜ ਯੂਨੀਵਰਸਿਟੀ ਵਿਖੇ ਡਾਇਰੈਕਟੋਰੇਟ ਆਫ਼ ਇੰਟਰਨੈਸ਼ਨਲ ਅਫੇਅਰਜ਼ ਦੇ ਡੀਨ ਵਜੋਂ ਅਹੁਦਾ ਸੰਭਾਲ ਲਿਆ ਹੈ। ਬੀਤੇ ਕੱਲ੍ਹ ਉਨ੍ਹਾਂ ਨੂੰ ਇਸ ਅਹੁਦੇ ਉੱਤੇ ਤਾਇਨਾਤ ਕੀਤੇ ਜਾਣ ਸਬੰਧੀ ਆਦੇਸ਼ ਹੋਏ ਸਨ।ਉਨ੍ਹਾਂ ਦੇ ਅਹੁਦਾ ਸੰਭਾਲਣ ਮੌਕੇ ਰਜਿਸਟਰਾਰ ਪ੍ਰੋ.ਸੰਜੀਵ ਪੁਰੀ, ਡਾਇਰੈਕਟਰ, ਕਾਂਸਟੀਚੂਐਂਟ ਕਾਲਜ ਡਾ.ਜਸਵਿੰਦਰ ਸਿੰਘ ਬਰਾੜ, ਵਿੱਤ ਅਫ਼ਸਰ ਪ੍ਰਮੋਦ



ਅੱਗਰਵਾਲ ਅਤੇ ਹੋਰ ਅਧਿਕਾਰੀ ਅਤੇ ਅਧਿਆਪਕ ਸੰਘ ਦੇ ਮੈਂਬਰ ਹਾਜ਼ਰ ਰਹੇ।ਜ਼ਿਕਰਯੋਗ ਹੈ ਕਿ ਪ੍ਰੋ. ਸੰਧੂ ਪਹਿਲਾਂ ਹੀ ਅੰਤਰਰਾਸ਼ਟਰੀ ਮਾਮਲਿਆਂ ਦੇ ਡਾਇਰੈਕਟੋਰੇਟ ਵਿੱਚ ਕੋਆਰਡੀਨੇਟਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਦੁਨੀਆ ਭਰ ਦੇ ਵੱਖ-ਵੱਖ ਸੰਗਠਨਾਂ ਨਾਲ ਯੂਨੀਵਰਸਿਟੀ ਦੀ ਸਾਂਝੇਦਾਰੀ ਕਾਇਮ ਕਰਨ ਹਿਤ ਮਹੱਤਵਪੂਰਨ ਭੂਮਿਕਾ ਨਿਭਾ ਚੁੱਕੇ ਹਨ। ਅਹੁਦਾ ਸੰਭਾਲਣ ਸਮੇਂ ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਦਿਵਾਉਣ ਲਈ ਯਤਨਸ਼ੀਲ ਰਹਿਣਗੇ।ਜ਼ਿਕਰਯੋਗ ਹੈ ਕਿ ਪ੍ਰੋ. ਸੰਧੂ ਮਨੋਵਿਗਿਆਨ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਅਕਾਦਮੀਸ਼ਨ ਹਨ ਅਤੇ ਯੂਰਪ, ਆਸਟ੍ਰੇਲੀਆ, ਉੱਤਰੀ ਅਮਰੀਕਾ ਅਤੇ ਥਾਈਲੈਂਡ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਖੋਜਕਰਤਾਵਾਂ ਦੇ ਸਹਿਯੋਗ ਨਾਲ ਵਿਆਪਕ ਤੌਰ ਪ੍ਰਕਾਸ਼ਿਤ ਹੋ ਚੁੱਕੇ ਹਨ। ਪ੍ਰੋ.ਸੰਧੂ ਨੇ 15 ਤੋਂ ਵੱਧ ਦੇਸ਼ਾਂ ਵਿੱਚ ਬਾਲ ਅਤੇ ਕਿਸ਼ੋਰ ਮਾਨਸਿਕ ਸਿਹਤ ਅਤੇ ਸਾਈਬਰ ਮਨੋਵਿਗਿਆਨ ਦੇ ਖੇਤਰ ਵਿੱਚ ਆਪਣਾ ਖੋਜ ਕਾਰਜ ਪੇਸ਼ ਕਰ ਚੁੱਕੇ ਹਨ ਅਤੇ ਬੱਚਿਆਂ ਦੀ ਭਲਾਈ ਅਤੇ ਮਾਨਸਿਕ ਸਿਹਤ ਦੇ ਖੇਤਰ ਵਿੱਚ ਉੱਘੇ ਖੋਜ ਸੰਘਾਂ ਦਾ ਹਿੱਸਾ ਹਨ। ਉਹ ਮਾਨਸਿਕ ਸਿਹਤ ਅਤੇ ਔਨਲਾਈਨ ਸੁਰੱਖਿਆ ਬਾਰੇ ਜਾਣਕਾਰੀ ਅਤੇ ਜਾਗਰੂਕਤਾ ਦੇ ਪ੍ਰਸਾਰ ਲਈ ਅਕਸਰ ਵੱਖ-ਵੱਖ ਮੀਡੀਆ ਪਲੇਟਫਾਰਮਾਂ 'ਤੇ ਦਿਖਾਈ ਦਿੰਦੇ ਹਨ। ਉਨ੍ਹਾਂ ਨੂੰ ਮਾਨਸਿਕ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਵਿਲੱਖਣ ਸੇਵਾਵਾਂ ਲਈ ਕਈ ਵਾਰ ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ਵੱਲੋਂ ਸਨਮਾਨਿਤ ਕੀਤਾ ਗਿਆ ਹੈ।

# ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫਰੰਸ ਦਾ 55ਵਾਂ ਸੈਸ਼ਨ 25 ਅਪ੍ਰੈਲ ਤੋਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਪਟਿਆਲਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਗੁਰੂ)- ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫਰੰਸ ਦਾ 55ਵਾਂ ਸੈਸ਼ਨ 25 ਤੋਂ 27 ਅਪ੍ਰੈਲ 2025 ਤੱਕ ਵਿਖੇ ਹੋਵੇਗਾ। ਇਹ ਕਾਨਫਰੰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਕਰਵਾਈ ਜਾ ਰਹੀ ਹੈ। ਪੰਜਾਬ ਹਿਸਟਰੀ ਕਾਨਫਰੰਸ ਦੀ ਡਾਇਰੈਕਟਰ ਡਾ.ਸੰਦੀਪ ਕੌਰ ਨੇ ਦੱਸਿਆ ਕਿ ਇਹ ਭਾਰਤ ਦੀ ਸਭ ਤੋਂ ਪੁਰਾਣੀ ਖੇਤਰੀ ਇਤਿਹਾਸ ਕਾਨਫਰੰਸ ਹੈ। ਕਾਨਫਰੰਸ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰਾਂ ਸਮੇਤ ਵੱਖ-ਵੱਖ ਰਾਜਾਂ ਤੋਂ ਸੈਂਕੜੇ ਡੈਲੀਗੇਟ ਭਾਗ ਲੈਂਦੇ ਹਨ।ਇਸ ਕਾਨਫਰੰਸ ਦੀ ਸ਼ੁਰੂਆਤ 1965 ਵਿੱਚ ਪ੍ਰਸਿੱਧ ਇਤਿਹਾਸਕਾਰ ਡਾ.ਗੰਡਾ ਸਿੰਘ ਨੇ ਕੀਤੀ ਸੀ। ਉਦੋਂ ਤੋਂ ਇਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਲਗਾਤਾਰ ਕਰਵਾਈ ਜਾ ਰਹੀ ਹੈ।

ਇਸ ਸਾਲ ਇਹ ਕਾਨਫਰੰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ.ਕਰਮਜੀਤ ਸਿੰਘ ਦੀ ਸਰਪ੍ਰਸਤੀ ਹੇਠ ਕਰਵਾਈ ਜਾ ਰਹੀ ਹੈ। ਤਿੰਨ ਦਿਨ ਚੱਲਣ ਵਾਲੇ ਇਸ ਸਮਾਗਮ ਵਿੱਚ ਭਾਰਤ ਦੇ ਇਤਿਹਾਸ ਦੇ ਚਾਰ ਭਾਗਾਂ ਵਿੱਚ ਖੋਜ ਪੱਤਰ ਪੇਸ਼ ਕੀਤੇ ਜਾਣਗੇ: ਪ੍ਰਾਚੀਨ, ਮੱਧਕਾਲੀ, ਆਧੁਨਿਕ ਅਤੇ ਪੰਜਾਬੀ ਸੈਕਸ਼ਨ 55ਵੇਂ ਸੈਸ਼ਨ ਲਈ ਡਾ.ਕੇ.ਟੀ.ਐਸ. ਸਰਾਓ, ਨਲੰਦਾ ਯੂਨੀਵਰਸਿਟੀ ਦੇ ਵਿਜ਼ਿਟਿੰਗ ਪ੍ਰੋਫੈਸਰ, ਜਨਰਲ ਪ੍ਰਧਾਨ ਹੋਣਗੇ।ਕਾਨਫਰੰਸ ਦੌਰਾਨ 'ਪ੍ਰੋਫੈਸਰ ਸੀਤਾ ਰਾਮ ਮੈਮੋਰੀਅਲ ਲੈਕਚਰ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਜੋਗਿੰਦਰ ਸਿੰਘ ਵੱਲੋਂ ਦਿੱਤਾ ਜਾਵੇਗਾ। ਪ੍ਰਾਚੀਨ ਸੈਕਸ਼ਨ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ, ਦੇ ਇਤਿਹਾਸ ਵਿਭਾਗ ਦੀ ਪ੍ਰੋਫੈਸਰ ਸੀਮਾ ਬਾਵਾ ਕਰਨਗੇ, ਜਦਕਿ ਮੱਧਕਾਲੀ ਭਾਗ ਦੀ ਪ੍ਰਧਾਨਗੀ ਇਤਿਹਾਸ ਵਿਭਾਗ, ਜੀ.ਐਨ.ਡੀ.ਯੂ., ਅੰਮ੍ਰਿਤਸਰ ਦੇ ਪ੍ਰੋਫੈਸਰ ਰਾਧਾ ਸ਼ਰਮਾ ਕਰਨਗੇ। ਮਾਡਰਨ ਸੈਸ਼ਨ ਦੀ ਪ੍ਰਧਾਨਗੀ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ ਦੇ ਵਾਈਸ ਚਾਂਸਲਰ ਪ੍ਰੋਫੈਸਰ ਧਰਮਜੀਤ ਸਿੰਘ ਕਰਨਗੇ ਅਤੇ ਪੰਜਾਬੀ ਸੈਕਸ਼ਨ ਦੀ ਪ੍ਰਧਾਨਗੀ ਸੈਂਟਰ ਫਾਰ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ਜੀਐਨਡੀਯੂ, ਅੰਮ੍ਰਿਤਸਰ ਦੇ ਪ੍ਰੋਫੈਸਰ ਅਮਰਜੀਤ ਸਿੰਘ ਕਰਨਗੇ। ਕੈਬਨਿਟ ਮੰਤਰੀ ਡਾ.ਬਲਜੀਤ ਕੌਰ (ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ) ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ

# ਮੈਡਮ ਕੁਸਮ ਲਤਾ ਵਾਸੀ ਲੁਧਿਆਣਾ ਵੱਲੋਂ ਸਰਕਾਰੀ ਹਾਈ ਸਕੂਲ ਮਾਓ ਸਾਹਿਬ ਨੂੰ ਵਾਟਰ ਕੂਲਰ ਤੇ ਆਰ. ਓ ਭੇਂਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com

ਫਿਲੌਰ,ਅੱਪਰਾ (ਦੀਪ)- ਮੈਡਮ ਕੁਸਮ ਲਤਾ ਸੁਪਤਨੀ ਸ੍ਰੀ ਦੇਸ ਰਾਜ ਵਾਸੀ ਲੁਧਿਆਣਾ ਵੱਲੋਂ ਆਪਣੇ ਬੱਚਿਆਂ ਦੇ ਆਸਟ੍ਰੇਲੀਆ ਵਿੱਚ ਪੱਕੇ ਹੋਣ ਦੀ ਖੁਸ਼ੀ ਵਿੱਚ ਸਰਕਾਰੀ ਹਾਈ ਸਕੂਲ ਮਾਓ ਸਾਹਿਬ ਨੂੰ 50000 ਦੀ ਲਾਗਤ ਮੁੱਲ ਦਾ ਵਾਟਰ ਕੂਲਰ ਤੇ ਆਰ ਓ ਭੇਂਟ ਕੀਤਾ ਗਿਆ। ਓਹਨਾਂ ਨਾਲ ਖਾਸ ਤੌਰ ਤੇ ਇਸ ਸਕੂਲ ਤੋਂ ਬਦਲੀ ਕਰਵਾ ਚੁੱਕੇ ਸਾਇੰਸ ਅਧਿਆਪਕਾ ਜਸਮੀਤ ਕੌਰ ਹਾਜ਼ਰ ਸਨ। ਇਸ ਮੌਕੇ ਸਰਕਾਰੀ ਹਾਈ ਸਕੂਲ ਮਾਓ ਸਾਹਿਬ ਦੇ ਸਮੂਹ ਸਟਾਫ, ਸਕੂਲ ਮੈਨੇਜਮੈਂਟ ਕਮੇਟੀ ਤੇ ਪਿੰਡ ਦੀ ਸਮੁੱਚੀ ਪੰਚਾਇਤ ਵਲੋਂ ਮੈਡਮ ਕੁਸਮ ਲਤਾ ਲੁਧਿਆਣਾ ਦੇ ਪਰਿਵਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਇਨਚਾਰਜ ਕਰਨੈਲ ਫਿਲੌਰ, ਸਰਪੰਚ ਪਰਮਿੰਦਰ ਕੌਰ, ਚੇਅਰਮੈਨ ਲਖਵਿੰਦਰ ਸਿੰਘ ਮਿੰਟਾ, ਸਾਬਕਾ ਸਰਪੰਚ ਪ੍ਰੇਮ ਸਿੰਘ, ਸਟਾਫ਼ ਮੈਂਬਰਾਂ ਵਿੱਚ ਜਗਜੀਵਨ ਸਿੰਘ, ਲੇਖ ਰਾਜ ਪੰਜਾਬੀ, ਅਮਨਦੀਪ, ਰੋਹਿਤ ਸੋਬਤੀ, ਪੁਸ਼ਪਿੰਦਰ ਕੌਰ, ਰੀਨਾ ਰਾਣੀ, ਰਾਜਦੀਪ ਕੌਰ, ਸਰੋਜ




ਰਾਣੀ, ਹਰਵਿੰਦਰ ਕੌਰ, ਆਰਤੀ, ਸਵਰਨਜੀਤ ਕੌਰ, ਪਰਵੀਨ ਕੌਰ, ਆਦਿ ਹਾਜ਼ਰ ਸਨ।

# 'ਭਾਰਤੀ ਸੈਨਾਵਾਂ ਨੂੰ ਪੰਜਾਬ ਦੀ ਦੇਣ' ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਇਆ ਭਾਸ਼ਣ

## ਕੁਰਬਾਨੀ ਦੇਣ ਅਤੇ ਬਹਾਦਰੀ ਵਿੱਚ ਪੰਜਾਬ ਸੂਬਾ ਭਾਰਤੀ ਸੈਨਾਵਾਂ ਵਿੱਚ ਪਹਿਲੇ ਨੰਬਰ 'ਤੇ ਹੈ: ਡਾ.ਜਗਬੀਰ ਸਿੰਘ ਚੀਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਪਟਿਆਲਾ, 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਸਿੱਖ ਵਿਸ਼ਵਕੋਸ਼ ਵਿਭਾਗ ਵੱਲੋਂ 'ਸ਼ਹੀਦ ਕਰਨਲ ਹਰਪ੍ਰਤਾਪ ਸਿੰਘ ਢਿੱਲੋਂ ਯਾਦਗਾਰੀ ਭਾਸ਼ਣ' ਕਰਵਾਇਆ ਗਿਆ। 'ਭਾਰਤੀ ਸੈਨਾਵਾਂ ਨੂੰ ਪੰਜਾਬ ਦੀ ਦੇਣ ਵਿਸ਼ੇ' ਉੱਤੇ ਇਹ ਭਾਸ਼ਣ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ, ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ.ਜਗਬੀਰ ਸਿੰਘ ਚੀਮਾ ਵੱਲੋਂ ਦਿੱਤਾ ਗਿਆ।ਡਾ. ਜਗਬੀਰ ਸਿੰਘ ਚੀਮਾ ਨੇ ਆਪਣੇ ਭਾਸ਼ਣ ਵਿੱਚ ਭਾਰਤੀ ਫੌਜ ਅਤੇ ਉਸ ਨਾਲ ਪੰਜਾਬ ਦੇ ਸੰਬੰਧਾਂ ਬਾਰੇ ਬਹੁਤ ਸਾਰੇ ਪੱਖਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਫੌਜ ਨਾਲ ਸਬੰਧਤ ਵਿਰਸਾ ਬਹੁਤ ਹੀ ਮਾਣਯੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਬਾਦੀ ਭਾਰਤ ਦੀ ਆਬਾਦੀ ਦਾ ਸਿਰਫ਼ ਦੋ ਪ੍ਰਤੀਸ਼ਤ ਹੈ ਜਦੋਂ ਕਿ ਪੰਜਾਬੀਆਂ ਦੀ ਸੈਨਾਵਾਂ ਵਿੱਚ ਭਾਗੀਦਾਰੀ 7 ਪ੍ਰਤੀਸ਼ਤ ਤੱਕ ਹੁੰਦੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਫੌਜ ਵਿੱਚ ਬਹਾਦਰੀ ਦੇ ਮਿਲਣ ਵਾਲੇ ਸਨਮਾਨ ਪੰਜਾਬੀਆਂ ਨੂੰ ਤਕਰੀਬਨ 17 ਪ੍ਰਤੀਸ਼ਤ ਤੱਕ ਮਿਲੇ ਹਨ। ਪੰਜਾਬ ਵਿੱਚੋਂ ਹੋਏ ਫੌਜ ਦੇ ਸ਼ਹੀਦਾਂ ਦੀ ਕੁਰਬਾਨੀ ਦਾ ਇਥੋਂ ਵੀ ਪਤਾ ਲੱਗਦਾ ਹੈ ਕਿ ਭਾਰਤ ਦੇ ਹੋਰ ਕਿਸੇ ਵੀ ਸੂਬੇ ਨਾਲੋਂ ਜਿਆਦਾ ਸ਼ਹੀਦਾਂ ਦੀਆਂ ਵਿਧਵਾਵਾਂ ਪੰਜਾਬ ਵਿੱਚ ਹਨ। ਉਨ੍ਹਾਂ ਕਿਹਾ ਕਿ ਅੱਜ ਹਾਲਾਤ ਇਹ ਹਨ ਕਿ ਜਿੰਨਾ ਭਾਰਤੀ ਫੌਜ ਵਿੱਚ ਪੰਜਾਬੀਆਂ ਲਈ ਭਰਤੀ ਦਾ ਕੋਟਾ ਰੱਖਿਆ ਜਾਂਦਾ ਹੈ ਉਸ ਦੀ ਪੂਰਨ ਭਰਪਾਈ ਵੀ ਪੰਜਾਬ ਵਿੱਚੋਂ ਨਹੀਂ ਹੋ ਰਹੀ ਹੈ। ਪੰਜਾਬ ਵਿੱਚ ਨਸ਼ਿਆਂ ਦੇ ਹਾਲਾਤ ਜਾਂ ਪੰਜਾਬੀ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ ਇਸ ਦੇ ਮੁੱਖ ਕਾਰਨਾਂ ਵਜੋਂ ਵੇਖੇ ਜਾ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਵਾਰ ਐੱਨ. ਡੀ.ਏ ਵਿੱਚ ਪੰਜਾਬੀ ਨੌਜਵਾਨਾਂ ਦੀ ਗਿਣਤੀ ਦਾ ਵਧਣਾ ਇੱਕ ਵਾਰ ਫਿਰ ਪੰਜਾਬ ਨੂੰ ਭਾਰਤੀ ਫੌਜ ਵਿੱਚ ਅੱਗੇ ਲਿਜਾਣ ਵਿੱਚ ਸਹਾਇਤਾ ਕਰੇਗਾ।ਡੀਨ ਸੋਸ਼ਲ ਸਾਇੰਸ ਡਾ.ਧਰਮਪਾਲ ਸਿੰਘ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਜਿੱਥੇ ਸੈਨਿਕ ਸਕੂਲ ਵਿੱਚ ਉਹਨਾਂ ਦੇ ਨਾਲ ਪੜ੍ਹੇ ਹੋਏ ਵਿਅਕਤੀਆਂ ਦਾ ਜ਼ਿਕਰ ਕੀਤਾ ਉੱਥੇ ਹੀ ਉਨ੍ਹਾਂ ਕਿਹਾ ਕਿ ਸਾਡੇ ਮੁਲਕ ਦੀ ਸੁਰੱਖਿਆ ਲਈ ਅਤੇ ਸਾਡੀ ਅਮਨ ਸ਼ਾਂਤੀ ਲਈ ਫੌਜੀਆਂ ਵੱਲੋਂ ਕੀਤੀਆਂ ਜਾਂਦੀਆਂ ਕੁਰਬਾਨੀਆਂ ਤੇ ਸਮੁੱਚੇ ਸਮਾਜ ਨੂੰ ਵੱਡੇ ਪੱਧਰ ਤੇ ਮਾਣ ਹੈ।ਸਿੱਖ ਵਿਸ਼ਵਕੋਸ਼ ਵਿਭਾਗ ਦੇ ਮੁਖੀ ਡਾ.ਜਸਪ੍ਰੀਤ ਕੌਰ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਮਹਿਮਾਨਾਂ ਵਿੱਚ ਸ਼ਹੀਦ ਕਰਨਲ ਹਰਪ੍ਰਤਾਪ ਸਿੰਘ ਢਿੱਲੋਂ ਦੇ ਪਰਿਵਾਰ ਵਿੱਚੋਂ ਉਹਨਾਂ ਦੇ ਦੋ ਭਰਾ ਵੀ ਸ਼ਾਮਿਲ ਸਨ। ਸਿੱਖ ਵਿਸ਼ਵਕੋਸ਼ ਵਿਭਾਗ ਵੱਲੋਂ ਡਾ. ਜਸਪ੍ਰੀਤ ਕੌਰ ਸੰਧੂ ਨੇ ਆਏ ਹੋਏ ਮਹਿਮਾਨ ਦਾ ਸਨਮਾਨ ਕੀਤਾ ਅਤੇ ਇੱਕ ਨਵੀਂ ਪਰੰਪਰਾ ਵਜੋਂ ਆਪਣੇ ਵਿਭਾਗ ਦੇ ਕਰਮਚਾਰੀਆਂ ਨੂੰ ਵੀ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਅਖੀਰ ਵਿੱਚ ਡਾ.ਪਰਮਵੀਰ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਮੁੱਚੇ ਸਮਾਗਮ ਬਾਰੇ ਆਪਣੇ ਵੱਲੋਂ ਟਿੱਪਣੀਆਂ ਵੀ ਕੀਤੀਆਂ। ਇਸ ਸਮਾਗਮ ਵਿੱਚ ਕੈਪਟਨ ਕੇਸਰ ਸਿੰਘ, ਡਾਕਟਰ ਰਣਵਿੰਦਰ ਸਿੰਘ ਸੰਧੂ, ਡਾਕਟਰ ਕਮਲ ਕਿੰਗਰ, ਡਾਕਟਰ ਹਰੀਸ਼ ਕੁਮਾਰ, ਡਾਕਟਰ ਸਤਿਨਾਮ ਸਿੰਘ ਸੰਧੂ ਅਤੇ ਹੋਰ ਬਹੁਤ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਫੌਜ ਦੇ ਬਹੁਤ ਸਾਰੇ ਸੇਵਾ ਮੁਕਤ ਅਫਸਰ, ਵੱਖ-ਵੱਖ ਵਿਭਾਗਾਂ ਦੇ ਮੁਖੀ ਅਤੇ ਫੈਕਲਟੀ ਮੈਂਬਰ ਅਤੇ ਵਿਦਿਆਰਥੀਆਂ ਨੇ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

# ਪੰਜਾਬੀ ਯੂਨੀਵਰਸਿਟੀ ਦੀ ਵਾਤਾਵਰਣ ਸੋਸਾਇਟੀ ਵੱਲੋਂ ਵੱਖ-ਵੱਖ ਥਾਵਾਂ 'ਤੇ ਨੁੱਕੜ ਨਾਟਕ ਪੇਸ਼ਕਾਰੀਆਂ ਕਰਵਾਈਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com




ਪਟਿਆਲਾ, 23 ਅਪ੍ਰੈਲ ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੀ ਵਾਤਾਵਰਣ ਸੋਸਾਇਟੀ ਵੱਲੋਂ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਦੇ ਸਹਿਯੋਗ ਨਾਲ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਨੁੱਕੜ ਨਾਟਕ ਪੇਸ਼ਕਾਰੀਆਂ ਕਰਵਾਈਆਂ ਜਾ ਰਹੀਆਂ ਹਨ। ਯੂਨੀਵਰਸਿਟੀ ਦੇ ਪ੍ਰਾਣੀ ਵਿਗਿਆਨ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਮੁਖੀ ਅਤੇ ਵਾਤਾਵਰਣ ਸੋਸਾਇਟੀ ਦੇ ਇੰਚਾਰਜ ਡਾ ਉਂਕਾਰ ਸਿੰਘ ਨੇ ਇਸ ਬਾਰੇ ਜਣਕਾਰੀ ਦਿੰਦਿਆਂ ਦੱਸਿਆ ਕਿ ਇਹ ਨੁੱਕੜ ਨਾਟਕ ਪੇਸ਼ਕਾਰੀਆਂ 'ਮਿਸ਼ਨ ਲਾਈਫ਼' ਦੇ ਸੱਤ ਵਿਸ਼ਿਆਂ ਉੱਤੇ ਕਰਵਾਈਆਂ ਗਈਆਂ। ਇਨ੍ਹਾਂ ਵਿਸ਼ਿਆਂ ਵਿੱਚ ਵਿੱਚ ਊਰਜਾ ਬੱਚਤ, ਪਾਣੀ ਬੱਚਤ, ਪਲਾਸਟਿਕ ਵਰਤੋਂ ਦੀ ਰੋਕਥਾਮ, ਈ-ਵੇਸਟ ਰੋਕਥਾਮ, ਟਿਕਾਊ ਭੋਜਨ ਪ੍ਰਣਾਲੀਆਂ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਸਿਹਤਮੰਦ ਜੀਵਨ ਸ਼ੈਲੀ ਆਦਿ ਸ਼ਾਮਿਲ ਸਨ ਜਿਨ੍ਹਾਂ ਬਾਰੇ ਕਾਲਜਾਂ, ਸਕੂਲਾਂ ਅਤੇ ਪਿੰਡਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਪਹਿਲੇ ਦਿਨ ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਹਿੱਸਿਆਂ ਵਿੱਚ ਇਹ ਪੇਸ਼ਕਾਰੀਆਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਸਰਕਾਰੀ ਹਾਈ ਸਕੂਲ, ਸਤੌਜ, ਸਕੂਲ ਆਫ਼ ਐਮੀਨੈਂਸ, ਛਾਜਲੀ ਅਤੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਸਮੇਤ ਵੱਖ-ਵੱਖ ਥਾਵਾਂ ਸ਼ਾਮਿਲ ਸਨ। ਇਸੇ ਲੜੀ ਵਿੱਚ ਅਗਲੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿਰਾਜ, ਡੀ. ਏ. ਵੀ. ਕਾਲਜ ਬਠਿੰਡਾ ਅਤੇ ਬਾਬਾ ਫ਼ਰੀਦ ਗਰੁੱਪ ਆਫ਼ ਕਾਲਜਿਜ਼, ਦਿਉਣ ਸਮੇਤ ਵੱਖ-ਵੱਖ ਥਾਵਾਂ ਉੱਤੇ ਪੇਸ਼ਕਾਰੀਆਂ ਕੀਤੀਆਂ ਗਈਆਂ ਉਨ੍ਹਾਂ ਦੱਸਿਆ ਕਿ ਇਹ ਨੁੱਕੜ ਨਾਟਕ ਤਲਵਿੰਦਰ ਸਿੰਘ ਭੁੱਲਰ ਦੀ ਟੀਮ 'ਤਾਲਗੁਰੂ ਆਰਟ ਐਂਡ ਕਲਚਰ ਵੈਲਫ਼ੇਅਰ ਸੋਸਾਇਟੀ' ਵੱਲੋਂ ਖੇਡੇ ਗਏ। ਪੰਜਾਬੀ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਵਿਭਾਗ ਤੋਂ ਡਾ.ਜਤਿੰਦਰ ਸਿੰਘ ਵੱਲੋਂ ਇਨ੍ਹਾਂ ਪੇਸ਼ਕਾਰੀਆਂ ਦੌਰਾਨ ਕੋਆਰਡੀਨੇਟਰ ਵਜੋਂ ਭੂਮਿਕਾ ਨਿਭਾਈ।

# 'ਪੰਜਾਬ ਸਿੱਖਿਆ ਕ੍ਰਾਂਤੀ' 68 ਲੱਖ ਰੁਪਏ ਦੀ ਲਾਗਤ ਨਾਲ 7 ਸਰਕਾਰੀ ਸਕੂਲਾਂ ਦੇ ਵਿਕਾਸ ਕੰਮਾਂ ਦਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਫਗਵਾੜਾ 23 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਸੁਧਾਰ ਲਈ ਸ਼ੁਰੂ ਕੀਤੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਪੂਰਥਲਾ ਜ਼ਿਲ੍ਹੇ ਵਿਚ 7 ਸਰਕਾਰੀ ਸਕੂਲਾਂ ਅੰਦਰ 68 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਵਲੋਂ 33 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਮਿਡਲ ਸਕੂਲ ਖੈੜਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮਹਿਲੀ ਗੇਟ ਵਿਖੇ ਅਡੀਸ਼ਨਲ ਕਲਾਸ ਰੂਮਾਂ,ਚਾਰਦੀਵਾਰੀ ਆਦਿ ਦੇ ਉਦਘਾਟਨ ਕੀਤੇ ਗਏ ਸੁਲਤਾਨਪੁਰ ਲੋਧੀ ਬਲਾਕ ਵਿਚ ਚੇਅਰਮੈਨ ਨਗਰ ਸੁਧਾਰ ਟਰੱਸਟ ਕਪੂਰਥਲਾ ਸੱਜਣ ਸਿੰਘ ਚੀਮਾ ਵਲੋਂ 18.51 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਖੀਰਾਂਵਾਲੀ ਵਿਖੇ ਲਾਈਬ੍ਰੇਰੀ,ਅਡੀਸ਼ਨਲ ਕਲਾਸ ਰੂਮ ਤੇ ਚਾਰਦੀਵਾਰੀ ਦਾ ਉਦਘਾਟਨ ਕੀਤਾ ਗਿਆ ਇਸ ਤੋਂ ਇਲਾਵਾ ਸਰਕਾਰੀ ਸਕੂਲ ਛਪੱਈ, ਸਰਕਾਰੀ ਹਾਈ ਸਕੂਲ ਤੇ ਪ੍ਰਾਇਮਰੀ ਸਕੂਲ ਅਹਿਮਦਪੁਰ ਵਿਖੇ ਸੰਦੀਪ ਸੈਣੀ ਚੇਅਰਮੈਨ ਪੰਜਾਬ ਬੀ.ਸੀ.ਲੈਂਡ ਅਤੇ ਡਿਵੈਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਵਲੋਂ 16 ਲੱਖ ਰੁਪਏ ਦੀ ਲਾਗਤ ਨਾਲ ਸਾਇੰਸ ਲੈਬ ਚਾਰਦੀਵਾਰੀ ਦੇ ਉਦਘਾਟਨ ਕੀਤੇ ਗਏ ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਲਲਿਤ ਸਕਲਾਨੀ,ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ ਤੇ ਹੋਰ ਹਾਜ਼ਰ ਸਨ

# ਬੀ.ਡੀ.ਪੀ.ਓ. ਦਫਤਰ ਫਗਵਾੜਾ ਵਿਖੇ ਸ਼ਰਧਾ ਨਾਲ ਮਨਾਇਆ ਡਾ. ਅੰਬੇਡਕਰ ਦਾ ਜਨਮ ਦਿਹਾੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਫਗਵਾੜਾ 23 ਅਪ੍ਰੈਲ (ਸ਼ਿਵ ਕੌੜਾ) ਬੀ.ਡੀ.ਪੀ.ਓ. ਦਫਤਰ ਫਗਵਾੜਾ ਵਿਖੇ ਸਮੂਹ ਸਟਾਫ ਵਲੋਂ ਸਰਪੰਚਾਂ ਤੇ ਪੰਚਾਂ ਦੇ ਸਹਿਯੋਗ ਨਾਲ ਭਾਰਤ ਰਤਨ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ 134ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ਪੰਚਾਇਤ ਅਫਸਰ ਜਗਜੀਤ ਸਿੰਘ ਪਰਮਾਰ ਅਤੇ ਮਲਕੀਤ ਚੰਦ ਕੰਗ ਪੰਚਾਇਤ ਸਕੱਤਰ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਸਵੀਰ ਤੇ ਫੁੱਲ ਅਰਪਣ ਕਰਨ ਉਪਰੰਤ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦਾ ਜੀਵਨ ਬਹੁਤ ਸੰਘਰਸ਼ ਪੂਰਣ ਸੀ। ਪਰ ਉਹਨਾਂ ਨੇ ਸੰਘਰਸ਼ਾਂ ਅੱਗੇ ਹਾਰ ਨਾ ਮੰਨਦੇ ਹੋਏ ਸੰਘਰਸ਼ ਦਾ ਮੁਕਾਬਲਾ ਕਰਦਿਆਂ ਉੱਚਾ ਮੁਕਾਮ ਹਾਸਲ ਕੀਤਾ। ਉਹਨਾਂ ਦੀ ਸਫਲਤਾ 'ਚ ਪੜ੍ਹਾਈ ਦਾ ਅਹਿਮ ਯੋਗਦਾਨ ਸੀ। ਡਾ. ਅੰਬੇਡਕਰ ਨੇ ਸਮਾਜ ਦੇ ਸਾਰੇ ਵਰਗਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦਿਆਂ ਸੰਵਿਧਾਨ ਦਾ ਖਰੜਾ ਤਿਆਰ ਕੀਤਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਦਾ ਹੀ ਕਮਾਲ ਹੈ ਕਿ ਅੱਜ ਭਾਰਤੀ ਔਰਤਾਂ ਪਿੰਡਾਂ 'ਚ ਸਰਪੰਚ ਦੀ ਜਿੰਮੇਵਾਰੀ ਤੋਂ ਲੈ ਕੇ ਅੰਤਰਿਕਸ਼ ਦੀਆਂ ਉਡਾਨਾਂ ਭਰ ਰਹੀਆਂ ਹਨ। ਏ.ਪੀ.ਓ. ਨਰੇਗਾ ਸਰਿੰਦਰ ਪਾਲ ਸਿੰਘ ਬਘਾਣਾ, ਬਲਵਿੰਦਰ ਸਿੰਘ ਪੰਚਾਇਤ ਸਕੱਤਰ, ਜੇ.ਈ. ਅਨਿਲ ਕੁਮਾਰ ਤੇ ਅਮਨਦੀਪ, ਜਸਕਰਨ ਵਰਮਾ ਟੀ.ਏ., ਬੀਬੀ ਕੁਲਵੰਤ ਕੌਰ ਸਰਪੰਚ ਢੰਡੋਲੀ, ਸੁਨੀਤਾ ਦੁੱਗਾਂ, ਸੁਖਵਿੰਦਰ ਕੌਰ ਰਣਧੀਰ ਗੜ੍ਹ ਆਦਿ ਨੇ ਕਿਹਾ ਕਿ ਬਾਬਾ ਸਾਹਿਬ ਦੇ ਜੀਵਨ ਤੋਂ ਸੇਧ ਲੈ ਕੇ ਉੱਚ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ। ਉਹਨਾਂ ਨੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਬਾਬਾ ਸਾਹਿਬ ਦੇ ਜੀਵਨ ਨਾਲ ਸਬੰਧਤ ਸਾਹਿਤ ਦਾ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਦੇਸ਼ ਅਤੇ ਸਮਾਜ ਦੀ ਬਿਹਤਰੀ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ। ਬਾਬਾ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੱਡੂ ਵੀ ਵੰਡੇ ਗਏ। ਇਸ ਮੌਕੇ ਰੇਸ਼ਮ ਸਿੰਘ ਲੱਖਪੁਰ, ਚਰਨਜੀਤ ਸਿੰਘ ਚਾਨਾ ਸਾਬਕਾ ਸਰਪੰਚ ਬਰਨ, ਸਾਬਕਾ ਸਰਪੰਚ ਹਰਮੇਸ਼ ਲਾਲ, ਸਾਬਕਾ ਸਰਪੰਚ ਕਮਲੇਸ਼ ਰਾਣੀ, ਤਜਿੰਦਰ ਪਾਲ ਸਿੰਘ ਸਰਪੰਚ ਸੰਗਤਪੁਰ, ਮਨਜੀਤ ਮਾਨ ਸਰਪੰਚ ਗੰਢਵਾ, ਦਵਿੰਦਰ ਸਿੰਘ ਸਰਪੰਚ ਸਪਰੋੜ, ਉਮੇਸ਼, ਆਸ਼ਾ, ਪ੍ਰਿਅੰਕਾ ਈ. ਪੰਚਾਇਤ, ਕੁਲਜੀਤ ਸਿੰਘ, ਨਿਰਮਲ ਸਿੰਘ ਨਰੂੜ, ਕ੍ਰਿਪਾਲ ਸਿੰਘ, ਨਛੱਤਰ ਸਿੰਘ, ਸਨੀ ਮਹੇੜੂ, ਸਵਰਨਾ ਰਾਮ, ਵਿਜੇ ਕੁਮਾਰ ਬਘਾਣਾ, ਪ੍ਰਕਾਸ਼ ਰਾਮ ਢੰਡੋਲੀ, ਠੇਕੇਦਾਰ ਜੋਗੀ ਰਾਮ, ਨਵਜੋਤ, ਰਵੀ ਕੁਮਾਰ, ਰਵਿੰਦਰ ਕੌਰ, ਬਲਜਿੰਦਰ ਕੌਰ, ਇੰਦਰਪ੍ਰੀਤ ਸਿੰਘ ਭੁੱਲਰਾਈ ਆਦਿ ਹਾਜਰ ਸਨ।

# ਕੈਮਿਸਟਾਂ ਨੇ ਪਹਿਲਗਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com




ਸੁਨਾਮ ਊਧਮ ਸਿੰਘ ਵਾਲਾ,23 ਅਪ੍ਰੈਲ (ਜਗਸੀਰ ਲੌਂਗੋਵਾਲ)- ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੇ ਪੂਰੇ ਦੇਸ਼ ਵਿੱਚ ਗੁੱਸਾ ਪੈਦਾ ਕਰ ਦਿੱਤਾ ਹੈ। ਇਸ ਘਿਨਾਉਣੇ ਕਤਲੇਆਮ ਦੀ ਹਰ ਪਾਸੇ ਨਿੰਦਾ ਹੋ ਰਹੀ ਹੈ ਅਤੇ ਅੱਤਵਾਦੀਆਂ ਨੂੰ ਢੁਕਵਾਂ ਜਵਾਬ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਸੁਨਾਮ ਕੈਮਿਸਟ ਐਸੋਸੀਏਸ਼ਨ ਨੇ ਪ੍ਰਧਾਨ ਨਰੇਸ਼ ਜਿੰਦਲ ਦੀ ਅਗਵਾਈ ਹੇਠ ਪਹਿਲਗਾਮ ਕਤਲੇਆਮ ਵਿੱਚ ਮਾਰੇ ਗਏ ਮਾਸੂਮ ਦੇਸ਼ ਵਾਸੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਮੋਮਬੱਤੀਆਂ ਜਗਾਈਆਂ ਗਈਆਂ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਨਰੇਸ਼ ਜਿੰਦਲ ਨੇ ਕਿਹਾ ਕਿ ਇਸ ਘਿਨਾਉਣੇ ਕਤਲੇਆਮ ਨੇ ਸਬਰ ਦਾ ਬੰਨ੍ਹ ਤੋੜ ਦਿੱਤਾ ਹੈ ਅਤੇ ਹੁਣ ਫੈਸਲਾਕੁੰਨ ਫੈਸਲੇ ਦਾ ਸਮਾਂ ਆ ਗਿਆ ਹੈ। ਤਾਂ ਜੋ ਭਵਿੱਖ ਵਿੱਚ ਕੋਈ ਅਜਿਹਾ ਕੰਮ ਕਰਨ ਦੀ ਕਲਪਨਾ ਵੀ ਨਾ ਕਰ ਸਕੇ। ਪੂਰਾ ਦੇਸ਼ ਇੱਕਜੁੱਟ ਹੈ ਅਤੇ ਇਸ ਕਾਇਰਤਾਪੂਰਨ ਹਮਲੇ ਵਿਰੁੱਧ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ 'ਮਨੁੱਖਤਾ ਦਾ ਕਤਲ' ਹੈ। ਇਹ ਹਮਲਾ ਸਿਰਫ਼ ਕੁਝ ਮਾਸੂਮ ਲੋਕਾਂ ਦਾ ਕਤਲ ਨਹੀਂ ਹੈ, ਸਗੋਂ ਦੇਸ਼ ਦੇ ਸ਼ਾਂਤੀ ਅਤੇ ਨਿਆਂ ਪਸੰਦ ਲੋਕਾਂ 'ਤੇ ਸਿੱਧਾ ਹਮਲਾ ਹੈ ਅਤੇ ਸਭ ਤੋਂ ਮਹੱਤਵਪੂਰਨ ਕਸ਼ਮੀਰ ਨੂੰ ਮਾਰਨ ਦੀ ਕੋਸ਼ਿਸ਼ ਹੈ। ਐਸੋਸੀਏਸ਼ਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਹਮਲੇ ਦੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਅਤੇ ਅਜਿਹੀ ਸਜ਼ਾ ਦਿੱਤੀ ਜਾਵੇ ਕਿ ਇਹ ਇੱਕ ਮਿਸਾਲ ਕਾਇਮ ਕਰੇ। ਇਸ ਮੌਕੇ ਦੀਪਕ ਮਿੱਤਲ, ਯੁਗੇਸ਼ ਚੋਪੜਾ, ਲਖਵਿੰਦਰ ਸਿੰਘ, ਭੂਸ਼ਨ ਕਾਂਸਲ, ਸੰਜੇ ਜੈਨ, ਹਨੀਸ਼ ਸੈਣੀ, ਅਭਿਸ਼ੇਕ ਗਰਗ, ਸੁਭਾਸ਼ ਗੋਇਲ, ਪੁਸ਼ਵਿੰਦਰ ਸਿੰਘ, ਅਜੈਬ ਸਿੰਘ, ਵਿਨੋਦ ਰਿੰਕੂ ਆਦਿ ਹਾਜ਼ਰ ਸਨ।

# ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ

## ਮਜ਼ਦੂਰ ਦਿਵਸ ਮੌਕੇ ਮੋਰਿੰਡਾ ਵਿਖੇ ਸ਼ਰਧਾਂਜਲੀ ਸਮਾਗਮ ਕਰਨ ਦਾ ਫੈਸਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 23 ਅਪ੍ਰੈਲ (ਪਤਰ ਪ੍ਰੇਰਕ ) ਵੱਖ ਵੱਖ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਕਿਸਾਨ ਜਥੇਬੰਦੀਆਂ ਵਲੋਂ ਕੌਮਾਂਤਰੀ ਮਜ਼ਦੂਰ ਦਿਵਸ਼ ਮੌਕੇ ਲੇਬਰ ਚੌਂਕ ਮੋਰਿੰਡਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ। ਇਸ ਸਬੰਧੀ ਵੱਖ ਵੱਖ ਜਥੇਬੰਦੀਆਂ ਦੀ ਮੀਟਿੰਗ ਲੇਬਰ ਚੌਂਕ ਮੋਰਿੰਡਾ ਵਿਖੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਮੋਰਿੰਡਾ ( ਇਫਟੂ) ਦੇ ਸੀਨੀਅਰ ਮੀਤ ਪ੍ਰਧਾਨ ਰਾਮਦਾਸ ਦੀ ਪ੍ਰਧਾਨਗੀ ਹੇਠ ਹੋਈ ,ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਜੋਨ ਪ੍ਰਧਾਨ ਮਲਾਗਰ ਸਿੰਘ ਖਮਾਣੋ ਨੇ ਦੱਸਿਆ ਕਿ 1 ਮਈ ਦਾ ਕੌਮਾਂਤਰੀ ਮਜ਼ਦੂਰ ਦਿਹਾੜਾ ਲੇਬਰ ਚੌਂਕ ਮੋਰਿੰਡਾ ਵਿਖੇ ਸਾਂਝੇ ਤੌਰ ਤੇ ਮਨਾਇਆ ਜਾਵੇਗਾ। ਇਸ ਮੌਕੇ ਮਜ਼ਦੂਰ ਜਮਾਤ ਦੀ ਜਿੱਤ ਦਾ ਪ੍ਰਤੀਕ ਲਾਲ ਝੰਡਾ ਲਹਿਰਾਇਆ ਜਾਵੇਗਾ। ਇਸ ਉਪਰੰਤ ਕੌਮੀ ਤੇ ਕੌਮਾਂਤਰੀ ਪੱਧਰ ਤੇ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਕੀਤੇ ਇਤਿਹਾਸਿਕ ਸੰਘਰਸ਼ ਜੋ ਅੱਜ ਵੀ ਸਰਮਾਏਦਾਰੀ ਪ੍ਰਬੰਧ ਦੀ ਨੀਂਦ ਹਰਾਮ ਕਰਦੇ ਹਨ ,ਕਿਉਂਕਿ ਅੱਜ ਮਿਹਨਤਕਸ਼ ਵਰਗ ਨੂੰ ਜੋ ਸਿੱਖਿਆ, ਸਿਹਤ ,ਕਿਰਤ ਕਾਨੂੰਨ ਬੁਨਿਆਦੀ ਸਹੂਲਤਾਂ, ਸਰਕਾਰੀ ਨੌਂਕਰੀਆਂ, ਪੈਨਸ਼ਨਾਂ, ਭੱਤੇ ਆਂਦੀ ਮਿਲਦੇ ਹਨ ਉਹ ਮਜ਼ਦੂਰ ਜਮਾਤ ਦੀ ਕੁਰਬਾਨੀ ਸਦਕਾ ਪ੍ਰਾਪਤ ਹੋਏ ਹਨ। ਅੱਜ ਦੇਸ਼ ਦੀਆਂ ਹਾਕਮ ਸਰਕਾਰਾਂ ਮਜ਼ਦੂਰਾਂ ਦੀਆਂ ਕੁਰਬਾਨੀਆਂ ਸਦਕਾ ਬਣਾਏ ਕਿਰਤ ਕਾਨੂੰਨਾਂ ਨੂੰ ਕਾਰਪੋਰੇਟਾਂ ਦੇ ਮੁਨਾਫਿਆਂ ਦੀ ਗਰੰਟੀ ਤਹਿਤ ਚਾਰ ਕਿਰਤ ਕਰੋਡਾਂ ਵਿੱਚ ਤਬਦੀਲ ਕਰਨ, ਨਿਜੀਕਰਨ, ਪੰਚਾਇਤੀਕਰਨ, ਠੇਕੇਦਾਰੀ ਪ੍ਰਬੰਧ, ਕੱਚੀ ਭਰਤੀ ,ਬਿਨਾਂ ਭੱਤਿਆਂ, ਪੈਨਸ਼ਰੀ ਲਾਭਾਂ ਤੋਂ ਤਨਖਾਹਾਂ ਦਾ ਪੈਟਰਨ ਲਾਗੂ ਕਰ ਰਹੀਆਂ ਹਨ। ਮਜ਼ਦੂਰਾਂ ,ਮੁਲਾਜ਼ਮਾਂ ਦੀਆਂ ਉਜਰਤਾਂ ਜਾਮ ਕੀਤੀਆਂ ਗਈਆਂ ਹਨ। ਸਮਾਗਮ ਦੌਰਾਨ ਇਹਨਾਂ ਸਮਸਿਆ ਤੇ ਚਰਚਾ ਕੀਤੀ ਜਾਵੇਗੀ। ਇਸ ਮੌਕੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਆਗੂਆਂ ਤੋਂ ਇਲਾਵਾ ਟੈਕਨੀਕਲ ਮਕੈਨਿਕਲ ਯੂਨੀਅਨ ਵੱਲੋਂ ਬਲਜੀਤ ਸਿੰਘ ਹਿੰਦੂਪੁਰ, ਡੀ ਐਮ ਐਫ ਵੱਲੋਂ ਸੁੱਖ ਰਾਮ ਕਾਲੇਵਾਲ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਜ਼ਿਲ੍ਹਾ ਕਨਵੀਨਰ ਬਲਜਿੰਦਰ ਸਿੰਘ ਕਜੌਲੀ, ਆਊਟਸੋਰਸਿੰਗ ਜਲ ਸਪਲਾਈ ਯੂਨੀਅਨ ਦੇ ਵਿਜੇ ਕਜੌਲੀ, ਵਿਦਿਆਰਥੀ ਆਗੂ ਰਾਣਾ ਪ੍ਰਤਾਪ, ਨਿਰਮਲ ਸਿੰਘ ਅਜਮੇਰ ਸਿੰਘ ਅਵਤਾਰ ਸਿੰਘ, ਨੈਬ ਸਿੰਘ, ਜਸਵਿੰਦਰ ਸਿੰਘ, ਜੱਗਾ ਸਿੰਘ , ਸੁਲਖਣ ਸਿੰਘ, ਸੁਖਵਿੰਦਰ ਸਿੰਘ, ਐਡਵੋਕੇਟ ਪਰਮਿੰਦਰ ਸਿੰਘ ਤੁਰ, ਪ੍ਰਿੰਸੀਪਲ ਬਾਵਾ ਸਿੰਘ ਲੱਧੜ, ਅਤੇ ਭਾਗ ਸਿੰਘ ਮਕੜੌਨਾ ਆਦਿ ਆਗੂ ਹਾਜਰ ਸਨ।

# ਪੰਚਾਇਤੀ ਰਾਜ :- ਲੋਕਤੰਤਰ ਦੀ ਜੜ੍ਹਾਂ ਤੱਕ ਪਹੁੰਚ

## 24 ਅਪ੍ਰੈਲ ਰਾਸ਼ਟਰੀ ਪੰਚਾਇਤੀ ਰਾਜ ਦਿਵਸ ਤੇ ਵਿਸ਼ੇਸ਼ :-

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਦਵਿੰਦਰ ਸਿੰਘ
ਸ.ਸ. ਮਾਸਟਰ ਪਿੰਡ ਕੋਟਦੁਨਾਂ (ਬਰਨਾਲਾ ) ਮੋਬਾ.98155-90083

ਭਾਰਤ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਅਪਣਾਈ ਗਈ ਹੈ l ਕੇਂਦਰ ਅਤੇ ਰਾਜਾਂ ਵਿੱਚ ਲੋਕਾਂ ਦੀਆਂ ਪ੍ਰਤਿਨਿਧੀ ਸੰਸਥਾਵਾਂ ਹਨ ਅਤੇ ਲੋਕਾਂ ਦੁਆਰਾ ਚੁਣੀਆਂ ਗਈਆਂ ਸਰਕਾਰਾਂ ਸਾਸ਼ਨ ਦਾ ਕਾਰਜ ਕਰਦੀਆਂ ਹਨ l ਪਰ ਲੋਕਤੰਤਰ ਸਿਰਫ਼ ਕੇਂਦਰ ਅਤੇ ਰਾਜ ਸਰਕਾਰਾਂ ਤੱਕ ਸੀਮਤ ਨਹੀਂ ਹੈ l ਭਾਰਤ ਵਿੱਚ ਪਿੰਡ ਪੱਧਰ ਤੱਕ ਲੋਕਤੰਤਰ ਮੌਜੂਦ ਹੈ l ਅਸਲ ਵਿੱਚ ਅਸਲੀ ਲੋਕਤੰਤਰ ਉਹ ਹੁੰਦਾ ਹੈ ਜਿਸਨੂੰ ਲੋਕ ਸਥਾਨਿਕ ਪੱਧਰ ਤੇ ਮਹਿਸੂਸ ਕਰਨ l ਪੰਚਾਇਤੀ ਰਾਜ ਦੀ ਧਾਰਨਾ ਲੋਕਤੰਤਰੀ ਵਿਕੇਂਦਰੀਕਰਨ ਦੇ ਸਿਧਾਂਤ ਤੇ ਆਧਾਰਿਤ ਹੈ l ਜਿਸਦਾ ਅਰਥ ਹੈ ਕਿ ਪੇਂਡੂ ਖੇਤਰਾਂ ਦੇ ਵਿਕਾਸ ਅਤੇ ਪ੍ਰਸ਼ਾਸ਼ਨ ਲਈ ਸਥਾਨਕ ਲੋਕਾਂ ਦੁਆਰਾ ਚੁਣੀਆਂ ਹੋਈਆਂ ਸਵੈ-ਸ਼ਾਸਨ ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ lਸਾਰੇ ਦੇਸ਼ ਵਿੱਚ ਪੰਚਾਇਤੀ ਰਾਜ ਪ੍ਰਬੰਧ ਲਾਗੂ ਕਰਨ ਦੇ ਉਦੇਸ਼ ਨਾਲ ਭਾਰਤੀ ਸੰਸਦ ਨੇ 1992 ਵਿੱਚ 73ਵਾਂ ਸੰਵਿਧਾਨਿਕ ਸੋਧ ਅਧਿਨਿਯਮ ਪਾਸ ਕੀਤਾ l ਰਾਸ਼ਟਰਪਤੀ ਦੀ ਮੰਨਜ਼ੂਰੀ ਮਿਲਣ ਤੇ 24 ਅਪ੍ਰੈਲ 1993 ਨੂੰ ਲਾਗੂ ਹੋ ਗਿਆ l ਇਸ ਨਾਲ ਸੰਵਿਧਾਨ ਵਿੱਚ ਇਕ ਨਵਾਂ ਭਾਗ -lX ਅਤੇ 11ਵੀਂ ਅਨੁਸੂਚੀ ਸ਼ਾਮਿਲ ਕਰਕੇ ਇਹਨਾਂ ਸੰਸਥਾਵਾਂ ਨੂੰ ਸੰਵਿਧਾਨਿਕ ਮਾਨਤਾ ਪ੍ਰਦਾਨ ਕੀਤੀ ਗਈ lਰਾਜ ਸਰਕਾਰਾਂ ਨੂੰ ਇਹ ਨਿਰਦੇਸ਼ ਦਿੱਤਾ ਗਿਆ ਕਿ ਇਹ ਅਧਿਨਿਯਮ ਲਾਗੂ ਹੋਣ ਦੇ ਇਕ ਸਾਲ ਦੇ ਅੰਦਰ ਅਰਥਾਤ 24 ਅਪ੍ਰੈਲ 1994 ਤੱਕ ਆਪਣੇ ਆਪਣੇ ਪੰਚਾਇਤੀ ਰਾਜ ਕਾਨੂੰਨਾਂ ਵਿੱਚ ਸੋਧ ਕਰਕੇ ਉਹਨਾਂ ਨੂੰ 73ਵੇ ਸੋਧ ਅਧਿਨਿਯਮ ਦੇ ਅਨੁਸਾਰ ਬਣਾਉਣ l ਪੰਚਾਇਤ ਦਾ ਅਰਥ ਹੈ ਪੰਜ ਲੋਕਾਂ ਦੀ ਕੌਂਸਿਲ,ਜੋ ਪਿੰਡ ਦੇ ਲੋੜੀਂਦੇ ਮਾਮਲਿਆਂ ਲਈ ਜਰੂਰੀ ਨਿਰਣੇ ਲੈਂਦੀ ਹੈ l 1956 ਵਿੱਚ ਬਣੀ ਬਲਵੰਤ ਰਾਏ ਮਹਿਤਾ ਕਮੇਟੀ ਦੀਆਂ ਸਿਫਾਰਸ਼ਾ ਤੇ ਪੇਂਡੂ ਖੇਤਰਾਂ ਵਿੱਚ ਸਥਾਨਕ ਸਵੈ-ਸ਼ਾਸਨ ਦਾ ਤਿੰਨ ਪੱਧਰੀ ਢਾਂਚਾ ਦਿੱਤਾ ਗਿਆ ਜਿਸ ਵਿੱਚ ਪਿੰਡ ਪੱਧਰ ਤੇ ਗ੍ਰਾਮ ਪੰਚਾਇਤ, ਪਿੰਡਾਂ ਦੇ ਸਮੂਹ ਲਈ ਵਿਚਲੇ ਪੱਧਰ ਤੇ ਪੰਚਾਇਤ ਸੰਮਤੀ ਅਤੇ ਜਿਲ੍ਹਾ ਪੱਧਰ ਤੇ ਜਿਲ੍ਹਾ ਪਰਿਸ਼ਦ ਦੀ ਸਥਾਪਨਾ ਕੀਤੀ ਗਈ l ਹਰ ਪੱਧਰ ਤੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ ਜੋ ਕਿ ਵਿਕਾਸਕਾਰੀ ਕੰਮਾਂ ਦੀ ਯੋਜਨਾ ਬਣਾਉਂਦੇ ਹਨ ਅਤੇ ਲਾਗੂ ਕਰਦੇ ਹਨ l ਪੰਚਾਇਤੀ ਰਾਜ ਵਿੱਚ ਲੋਕਤੰਤਰ ਜ਼ਮੀਨੀ ਪੱਧਰ ਤੇ ਪਹੁੰਚ ਜਾਂਦਾ ਹੈ l ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਖੁਦ ਹੱਲ ਕਰਨ ਦਾ ਮੌਕਾ ਮਿਲਦਾ ਹੈ ਔਰਤਾਂ ਅਤੇ ਪੱਛੜੀਆਂ ਜਾਤੀਆਂ ਨੂੰ ਰਾਸ਼ਟਰ ਨਿਰਮਾਣ ਚ ਭਾਗੀਦਾਰੀ ਮਿਲਦੀ ਹੈ l ਸਰਕਾਰੀ ਯੋਜਨਾਵਾਂ ਦੀ ਪਹੁੰਚ ਜ਼ਮੀਨੀ ਪੱਧਰ ਤੱਕ ਪਹੁੰਚਦੀ ਹੈ l ਕੁਝ ਚੁਣੌਤੀਆਂ ਜੋ ਅਜੇ ਵੀ ਹਨ :- ਹਾਲਾਂਕਿ ਪੰਚਾਇਤਾਂ ਨੂੰ ਬਹੁਤ ਸਾਰੇ ਅਧਿਕਾਰ ਦਿੱਤੇ ਗਏ ਹਨ ਪਰ ਜ਼ਮੀਨੀ ਪੱਧਰ ਤੇ ਅਜੇ ਵੀ ਕਈ ਰੁਕਾਵਟਾਂ ਹਨ ਜਿਵੇਂ - ਆਰਥਿਕ ਸਰੋਤਾਂ ਦੀ ਘਾਟ, ਸਿਖਲਾਈ ਦੀ ਕਮੀ, ਰੂੜੀਵਾਦੀ ਸੋਚ,ਔਰਤਾਂ ਨੂੰ ਪੂਰੀ ਆਜ਼ਾਦੀ ਨਾਲ ਫੈਸਲੇ ਲੈਣ ਦੀ ਘਾਟ l ਇਹਨਾਂ ਚੁਣੋਤੀਆਂ ਦੇ ਬਾਵਜੂਦ ਪੰਚਾਇਤਾਂ ਨੇ ਪਿੰਡਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ l ਪੰਚਾਇਤੀ ਰਾਜ ਸਿਸਟਮ ਨਾ ਸਿਰਫ ਵਿਕਾਸ ਦੀ ਚਾਬੀ ਹੈ, ਸਗੋਂ ਲੋਕਤੰਤਰ ਦੀ ਸੱਚੀ ਪਹਿਚਾਣ ਵੀ ਹੈ l ਪੰਚਾਇਤੀ ਰਾਜ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਥਾਨਕ ਸਰਕਾਰਾਂ ਨੂੰ ਮਜਬੂਤ ਕਰਕੇ ਹੀ ਅਸੀਂ ਲੋਕਤੰਤਰ ਨੂੰ ਜ਼ਮੀਨੀ ਪੱਧਰ ਤੱਕ ਲੈ ਕੇ ਜਾ ਸਕਦੇ ਹਾਂ l ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀਆਂ ਪੰਚਾਇਤਾਂ ਲਈ ਉਹਨਾਂ ਦੇ ਅਧਿਕਾਰਾਂ ਅਤੇ ਹੱਕਾਂ ਪ੍ਰਤੀ ਜਾਗਰੂਕ ਬਣੀਏ ਅਤੇ ਉਹਨਾਂ ਨੂੰ ਸਵੈ ਨਿਰਭਰ ਬਣਾਈਏ ਅਤੇ ਗ੍ਰਾਮੀਣ ਭਾਰਤ ਨੂੰ ਵਧਿਆ ਭਵਿੱਖ ਵਾਲੀ ਦਿਸ਼ਾ ਦਈਏ

# ਪਹਿਲਗਾਮ ਵਰਗੇ ਅੱਤਵਾਦੀ ਹਮਲਿਆਂ ਨੂੰ ਪਾਕਿਸਤਾਨ ‘ਤੇ ਹਮਲਾ ਕਰਕੇ ਹੀ ਰੋਕਿਆ ਜਾ ਸਕਦਾ ਹੈ: ਡਾ. ਰਮਨ ਘਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 23 ਅਪ੍ਰੈਲ (ਤਰਸੇਮ ਦੀਵਾਨਾ) ਯੂਥ ਸਿਟੀਜ਼ਨ ਕੌਂਸਲ ਪੰਜਾਬ ਨੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਦੀ ਪ੍ਰਧਾਨਗੀ ਹੇਠ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ‘ਤੇ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਇੱਕ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਭਾਜਪਾ ਦੇ ਰਾਸ਼ਟਰੀ ਉਪ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਅਤੇ ਪ੍ਰੀਸ਼ਦ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਵਿਸ਼ੇਸ਼ ਤੌਰ ‘ਤੇ ਪਹੁੰਚੇ ਅਤੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ। ਇਸ ਮੌਕੇ ਖੰਨਾ ਨੇ ਕਿਹਾ ਕਿ ਪਾਕਿਸਤਾਨ ਨੂੰ ਪੁਲਵਾਮਾ ਹਮਲੇ ਵਾਂਗ ਪਹਿਲਗਾਮ ਹਮਲੇ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਤਵਾਦ ਲਈ ਦੁਨੀਆ ਵਿੱਚ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਹਿਲਗਾਮ ਹਮਲੇ ਦੀ ਅੰਤਰਰਾਸ਼ਟਰੀ ਪੱਧਰ ‘ਤੇ ਸਾਰੇ ਦੇਸ਼ਾਂ ਨੇ ਨਿੰਦਾ ਕੀਤੀ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਪਾਕਿਸਤਾਨ ਇੱਕ ਅੱਤਵਾਦੀ ਦੇਸ਼ ਹੈ। ਖੰਨਾ ਨੇ ਕਿਹਾ ਕਿ ਜਿਸ ਤਰੀਕੇ ਨਾਲ ਜੰਮੂ-ਕਸ਼ਮੀਰ ਘੁੰਮਣ ਗਏ ਮਾਸੂਮ ਸੈਲਾਨੀਆਂ ਨੂੰ ਪਹਿਲਗਾਮ ਵਿੱਚ ਮਾਰਿਆ ਗਿਆ, ਉਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਹ ਘੱਟ ਹੈ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਰਕਾਰ ਪਾਕਿਸਤਾਨ ਵਿਰੁੱਧ ਜਵਾਬੀ ਕਾਰਵਾਈ ਕਰੇ ਅਤੇ ਪਾਕਿਸਤਾਨ ਵਿੱਚ ਚਲਾਏ ਜਾ ਰਹੇ ਅੱਤਵਾਦੀ ਸਿਖਲਾਈ ਕੈਂਪਾਂ ਨੂੰ ਖਤਮ ਕਰੇ। ਉਨ੍ਹਾਂ ਨੇ ਪਹਿਲਗਾਮ ਕਤਲੇਆਮ ਵਿੱਚ ਮਾਰੇ ਗਏ ਸੈਲਾਨੀਆਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਹਮਲੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਯੂਥ ਸਿਟੀਜ਼ਨ ਕੌਂਸਲ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੱਤਵਾਦ ਨੂੰ ਖਤਮ ਕਰਨ ਲਈ ਪਾਕਿਸਤਾਨ ਵਿਰੁੱਧ ਤੁਰੰਤ ਫੌਜੀ ਕਾਰਵਾਈ ਕੀਤੀ ਜਾਵੇ। ਡਾ. ਘਈ ਨੇ ਕਿਹਾ ਕਿ ਜਿਸ ਤਰ੍ਹਾਂ ਪਾਕਿਸਤਾਨ ਵਿੱਚ ਅੱਤਵਾਦੀਆਂ ਨੂੰ ਸਿਖਲਾਈ ਦੇਣ ਲਈ ਕੈਂਪ ਚਲਾਏ ਜਾ ਰਹੇ ਹਨ, ਉਸ ਨਾਲ ਪਾਕਿਸਤਾਨ ਅੱਜ ਨਾ ਸਿਰਫ਼ ਭਾਰਤ ਵਿੱਚ ਸਗੋਂ ਪੂਰੀ ਦੁਨੀਆ ਵਿੱਚ ਅੱਤਵਾਦ ਫੈਲਾਉਣ ਵਾਲਾ ਦੇਸ਼ ਬਣ ਗਿਆ ਹੈ ਅਤੇ ਇਹ ਪੂਰੀ ਦੁਨੀਆ ਲਈ ਇੱਕ ਚੇਤਾਵਨੀ ਸੰਕੇਤ ਹੈ। ਡਾ. ਰਮਨ ਘਈ ਨੇ ਕਿਹਾ ਕਿ ਪਹਿਲਗਾਮ ਹਮਲੇ ਵਰਗੀਆਂ ਘਟਨਾਵਾਂ ਦੇਸ਼ ਲਈ ਚਿੰਤਾ ਦਾ ਵਿਸ਼ਾ ਹਨ ਅਤੇ ਪਾਕਿਸਤਾਨ ਅਤੇ ਆਈਐਸਆਈ ਜੰਮੂ-ਕਸ਼ਮੀਰ ਵਿੱਚ ਸਰਕਾਰ ਵੱਲੋਂ ਸਥਾਪਿਤ ਕੀਤੀ ਜਾ ਰਹੀ ਸ਼ਾਂਤੀ ਨੂੰ ਨੁਕਸਾਨ ਪਹੁੰਚਾਉਣ ਲਈ ਭਾਰਤ ਵਿੱਚ ਅਜਿਹੀਆਂ ਅੱਤਵਾਦੀ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਕੇਂਦਰ ਸਰਕਾਰ ਨੂੰ ਅੱਤਵਾਦ ਨੂੰ ਸਖ਼ਤੀ ਨਾਲ ਕੁਚਲਣਾ ਪਵੇਗਾ। ਅੱਜ ਯੂਥ ਸਿਟੀਜ਼ਨ ਕੌਂਸਲ ਨੇ ਪਾਕਿਸਤਾਨ ਅਤੇ ਆਈਐਸਆਈ ਦੁਆਰਾ ਚਲਾਏ ਜਾ ਰਹੇ ਅੱਤਵਾਦ ਦਾ ਪੁਤਲਾ ਸਾੜਿਆ ਅਤੇ ਪਾਕਿਸਤਾਨ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਨੇ ਕਿਹਾ ਕਿ ਅੱਤਵਾਦ ਦੀ ਭਾਰਤ ਦੇ ਨਾਲ-ਨਾਲ ਦੁਨੀਆ ਵਿੱਚ ਕੋਈ ਥਾਂ ਨਹੀਂ ਹੈ ਅਤੇ ਪੂਰੀ ਦੁਨੀਆ ਨੂੰ ਪਹਿਲਗਾਮ ਵਰਗੀਆਂ ਅੱਤਵਾਦੀ ਘਟਨਾਵਾਂ ਦੀ ਸਖ਼ਤ ਨਿੰਦਾ ਕਰਨੀ ਚਾਹੀਦੀ ਹੈ ਅਤੇ ਇਸ ਦਾ ਇੱਕਜੁੱਟ ਹੋ ਕੇ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਢੁਕਵੇਂ ਕਦਮ ਚੁੱਕੇ ਜਾਣ। ਇਸ ਮੌਕੇ ਡਾ: ਪੰਕਜ ਸ਼ਰਮਾ, ਮੋਹਿਤ ਸੰਧੂ, ਮਨੋਜ ਸ਼ਰਮਾ, ਅਸ਼ਵਨੀ ਓਹਰੀ, ਡਾ: ਰਾਜ ਕੁਮਾਰ ਸੈਣੀ, ਨਰੇਸ਼ ਕੋਚ, ਡਾ: ਵਸ਼ਿਸ਼ਟ ਕੁਮਾਰ, ਰਮਨੀਸ਼ ਘਈ, ਮਨਿੰਦਰ ਅਟਵਾਲ, ਦਿਲਜੀਤ ਧੀਮਾਨ, ਵਿੱਕੀ ਚੌਹਾਨ, ਵਿਕਾਸ ਜੌਨੀ, ਵਿੱਕੀ ਪਾਸਟਰ, ਗੁਰਪ੍ਰੀਤ ਧਾਮੀ, ਐਮ.ਐਸ.ਏ., ਸਲੀਮ ਕੁਮਾਰ, ਸਲੀਮ ਕੁਮਾਰ, ਸਲੀਮ ਕੁਮਾਰ ਏ., ਤੋਂ ਇਲਾਵਾ ਡਾ. ਪੁਲਵਾਮਾ ਹਮਲੇ ਦੇ ਵਿਰੋਧ ਵਿੱਚ ਅਨੇਜਾ ਕੁਮਾਰ, ਬਬਲੂ ਕੁਮਾਰ, ਕਰਨ ਕੁਮਾਰ, ਮਯੰਕ ਸ਼ਰਮਾ, ਟਿੰਕੂ ਸ਼ਰਮਾ ਅਤੇ ਹੋਰ ਕਾਰਕੁਨਾਂ ਨੇ ਪਾਕਿਸਤਾਨ ਦਾ ਪੁਤਲਾ ਫੂਕਦੇ ਹੋਏ ਪਾਕਿਸਤਾਨ ਅੱਤਵਾਦ ਵਿਰੁੱਧ ਨਾਅਰੇਬਾਜ਼ੀ ਕੀਤੀ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵਲੋ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨਾਲ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,23 ਅਪ੍ਰੈਲ (ਜਗਸੀਰ ਲੌਂਗੋਵਾਲ) - ਸਥਾਨਕ ਸਰਕਾਰਾਂ ਮੰਤਰੀ ਡਾ.ਰਵਜੋਤ ਸਿੰਘ ਦੇ ਵਲੋ ਮਿਊਸੀਪਲ ਭਵਨ 35 ਏ ਚੰਡੀਗੜ੍ਹ ਵਿਖੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇੰਪਲਾਈਜ ਕੰਟਰੈਕਟ ਵਰਕਰਜ ਯੂਨੀਅਨ ਰਜਿ, ਨੰਬਰ 23 ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਸੀਵਰੇਜ ਬੋਰਡ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣ ਦੇ ਲਈ ਆਪਣੇ ਸਾਥੀਆਂ ਨੂੰ ਨਾਲ ਲੈਕੇ ਵਿਸ਼ੇਸ਼ ਮੀਟਿੰਗ ਗਈ। ਜਿਸ ਵਿੱਚ ਸੀਵਰੇਜ ਬੋਰਡ ਦੇ ਮੁੱਖ ਕਾਰਜਕਾਰੀ ਅਫਸਰ ਮੈਡਮ ਦੀਪਤੀ ਉਪਲ ਆਈ,ਏ,ਐਸ , ਮੈਨੇਜਰ ਪਰਸੋਨਲ ਜਰਨਲ ਐਡਮਨ ਜੀ,ਪੀ, ਸਿੰਘ ਆਦਿ ਉੱਚ ਅਧਿਕਾਰੀ ਮੀਟਿੰਗ ਵਿੱਚ ਹਾਜ਼ਰ ਸਨ lਜਿਸ ਵਿਚ ਮੁੱਖ ਮੰਗ ਤੇ ਜੋਰ ਦਿੱਤਾ ਗਿਆ ਸੀਵਰੇਜ ਬੋਰਡ ਵਿੱਚੋਂ ਠੇਕੇਦਾਰਾਂ, ਕੰਪਨੀਆਂ, ਸੋਸਾਇਟੀਆਂ ਨੂੰ ਬਾਹਰ ਕੱਢ ਕੇ ਸਿੱਧਾ ਸੀਵਰੇਜ ਬੋਰਡ ਵਿੱਚ ਮਰਜ ਕਰ ਕੇ ਰੈਗੂਲਰ ਕੀਤਾ ਜਾਵੇ। ਡਿਵੀਜ਼ਨ ਫਿਰੋਜ਼ਪੁਰ, ਸਰਕਲ ਪਟਿਆਲਾ, ਮੁੱਲਾਂਪੁਰ, ਮਲੋਟ ਬਰੀਵਾਲਾ, ਗਿੱਦੜਵਾਹਾ, ਮੌੜ ਮੰਡੀ,ਪਾਇਲ ਸਬ ਡਵੀਜ਼ਨ ਆਦਿ ਹੋਰ ਕਈ ਡਿਵੀਜ਼ਨਾਂ ਵਿੱਚ ਕਿਰਤ ਕਾਨੂੰਨ ਅਨੁਸਾਰ ਪੂਰੀ ਉਜਰਤ ਨਹੀਂ ਦਿੱਤੀ ਜਾ ਰਹੀ ਉਨਾਂ ਉਪਰ ਕਾਰਵਾਈ ਕਰਨ ਦੇ ਆਦੇਸ਼ ਵੀ ਦਿੱਤੇ ਹਨ। ਉਨਾਂ ਕਿਹਾ ਸਮੇਂ ਸਮੇਂ ਤੇ ਪਰਸੋਨਲ ਵਿਭਾਗ ਵੱਲੋਂ ਮੰਗੀ ਜਾਂਦੀ ਮੁਲਾਜ਼ਮਾ ਦੀ ਜਾਣਕਾਰੀ ਇਸੇ ਹਫਤੇ ਮੁੱਖ ਦਫਤਰ ਚੰਡੀਗੜ੍ਹ ਮੰਗਵਾਈ ਜਾਵੇਗੀ। ਜਿਸ ਵਿੱਚ ਵਰਕਰਾਂ ਦਾ ਨਾਮ, ਕਿੰਨੀ ਤਨਖਾਹ ਮਿਲ ਰਹੀ ਹੈ। ਕਿਸ ਏਜੰਸੀ ਕੋਲ ਕਿੰਨੇ ਸਮੇਂ ਤੋਂ ਮੁਲਾਜ਼ਮ ਕੰਮ ਕਰ ਰਹੇ ਹਨ lਇਸ ਸਾਰਾ ਡਾਟਾ ਇੱਕਠਾ ਕਰਕੇ ਇਕ ਪਾਲਿਸੀ ਬਣਾ ਕੇ ਸਰਕਾਰ ਨੂੰ ਭੇਜੀ ਜਾਵੇਗੀ। ਇਸ ਮੌਕੇ ਸੂਬਾ ਆਗੂ ਗਗਨਦੀਪ ਸਿੰਘ ਸਨਾਮ, ਕਰਮਜੀਤ ਸਿੰਘ ਮਲੋਟ,ਸੰਦੀਪ ਸਿੰਘ ਅਟਵਾਲ, ਪ੍ਰਧਾਨ ਜਸਵੀਰ ਸਿੰਘ ਭੀਖੀ, ਪ੍ਰਦੀਪ ਸਿੰਘ ਚਾਹੜ ਛਾਹੜ, ਪ੍ਰਧਾਨ ਕੁਲਦੀਪ ਸਿੰਘ ਫਤਿਹਗੜ੍ਹ ਸਾਹਿਬ, ਕਰਨੈਲ ਸਿੰਘ ਸਰਹੰਦ, ਇਕਬਾਲ ਸਿੰਘ, ਅਸ਼ੋਕ ਕੁਮਾਰ ਗਿੱਦੜਬਾਹਾ, ਰਾਜੀਵ ਕੁਮਾਰ, ਕੁਲਵਿੰਦਰ ਸਿੰਘ ਗਿੱਦੜਬਾਹਾ,ਮੰਗਲ ਸਿੰਘ ਆਦਿ ਹਾਜ਼ਰ ਸਨ।

# ਧਰਤੀ ਦਿਵਸ ਮੌਕੇ ਅੰਤਰ ਹਾਊਸ ਮੁਕਾਬਲੇ ਕਰਵਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com




ਲੌਂਗੋਵਾਲ,23 ਅਪ੍ਰੈਲ (ਜਗਸੀਰ ਸਿੰਘ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵਿਖੇ ਐਵਰਗਰੀਨ ਈਕੋ ਕਲੱਬ ਵੱਲੋਂ ਵਿਸ਼ਵ ਧਰਤੀ ਦਿਵਸ ਮੌਕੇ ਵਿਦਿਆਰਥੀਆਂ ਨੂੰ ਧਰਤੀ ਦੇ ਬੇਸ਼ੁਮਾਰ ਫਾਇਦਿਆਂ ਪ੍ਰਤੀ ਜਾਗਰੂਕ ਕਰਨ ਲਈ ਅੰਤਰ ਹਾਉਸ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਪਣੇ ਵਾਤਾਵਰਨ ਪ੍ਰਤੀ ਸੰਜੀਦਗੀ ਅਤੇ ਸਾਂਭ ਸੰਭਾਲ ਪ੍ਰਤੀ ਚੇਤਨ ਕਰਨਾ ਸੀ ।ਇਸ ਮੌਕੇ ਸਾਇੰਸ ਮਿਸਟਰੈਸ ਮੈਡਮ ਗਗਨਜੋਤ ਕੌਰ ਨੇ ਚਾਰੇ ਹਾਊਸਾਂ ਦੇ ਵਿਦਿਆਰਥੀਆਂ ਦਾ ਧਰਤੀ, ਪਾਣੀ ਅਤੇ ਵਾਤਾਵਰਨ ਪ੍ਰਤੀ ਕੁਇਜ਼ ਮੁਕਾਬਲਾ ਕਰਵਾਇਆ ਜਿਸ ਵਿੱਚੋਂ ਸ਼ਹੀਦ ਉਧਮ ਸਿੰਘ ਹਾਉਸ ਦੇ ਵਿਦਿਆਰਥੀ ਅੱਵਲ ਰਹੇ ਅਤੇ ਰਵਿੰਦਰ ਨਾਥ ਟੈਗੋਰ ਹਾਉਸ ਦੂਸਰੇ ਸਥਾਨ ਤੇ ਰਿਹਾ ।ਇੰਚਾਰਜ ਪ੍ਰਿੰਸੀਪਲ ਮੈਡਮ ਨਵਰਾਜ ਕੌਰ ਨੇ ਇਹਨਾਂ ਸਾਰੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਵਾਤਾਵਰਨ ਪ੍ਰਤੀ ਚੇਤਨ ਰਹਿਣਾ ਹੋਵੇਗਾ ਕਿਉਂਕਿ ਵਾਤਾਵਰਨ ਦੇ ਨਾਲ ਹੀ ਸਾਡਾ ਜੀਵਨ ਸੰਭਵ ਹੈ। ਇਸ ਮੌਕੇ ਹਾਉਸ ਮਾਸਟਰਾਂ ਮੈਡਮ ਨਵਰਾਜ ਕੌਰ, ਪਰਮਿੰਦਰ ਕੁਮਾਰ ਲੌਂਗੋਵਾਲ, ਮੈਡਮ ਚਰਨਦੀਪ ਸੋਨੀਆ ਤੇ ਲਖਵੀਰ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਪੈਂਦੇ ਦੇ ਕੇ ਸਨਮਾਨਿਤ ਕੀਤਾ ਤਾਂ ਜੋ ਉਹ ਵਾਤਾਵਰਨ ਪ੍ਰਤੀ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਸਕਣ। ਇਸ ਮੌਕੇ ਮੈਡਮ ਹਰਦੇਵ ਕੌਰ ਡਰਾਇੰਗ ਟੀਚਰ ਦੀ ਦੇਖਰੇਖ ਵਿੱਚ ਇੱਕ ਚਾਰਟ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵਾਤਾਵਰਨ ਪ੍ਰਤੀ ਬਹੁਤ ਸੋਹਣੇ ਚਾਰਟ ਬਣਾ ਕੇ ਦੂਸਰੇ ਵਿਦਿਆਰਥੀਆਂ ਨੂੰ ਆਪਣਾ ਆਲਾ ਦੁਆਲਾ ਅਤੇ ਪਾਣੀ, ਭੂਮੀ, ਹਵਾ ਨੂੰ ਸਾਫ ਰੱਖਣ ਅਤੇ ਪਲੀਤ ਹੋਣ ਤੋਂ ਬਚਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸਨ।

# ਬੀ.ਐੱਡ ਦੇ ਵਿਦਿਆਰਥੀਆਂ ਨੇ ਆਸ਼ਾ ਕਿਰਨ ਸਕੂਲ ਦਾ ਦੌਰਾ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ, 23 ਅਪ੍ਰੈਲ (ਤਰਸੇਮ ਦੀਵਾਨਾ) ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਡੱਲੇਵਾਲ ਦੇ ਬੀ.ਐਡ ਅਤੇ ਐਮ.ਐਡ ਵਿਦਿਆਰਥੀਆਂ ਨੇ ਜੇ.ਐਸ. ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕੀਤਾ। ਇਸ ਮੌਕੇ ਡਾ. ਮੋਨਿਕਾ ਮਹਾਜਨ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ ਦੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਗਿਆਨ ਪ੍ਰਾਪਤ ਕਰਨਾ ਇਨ੍ਹਾਂ ਵਿਦਿਆਰਥੀਆਂ ਦੇ ਸਿਲੇਬਸ ਦਾ ਹਿੱਸਾ ਹੈ। ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਸਕੂਲ ਪਹੁੰਚੇ ਇਨ੍ਹਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾਉਣ ਦੇ ਤਰੀਕਿਆਂ ਅਤੇ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਕਾਜ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡੀ.ਐੱਡ ਸਪੈਸ਼ਲ ਐਜੂਕੇਸ਼ਨ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੋ. ਪ੍ਰੇਮ ਕੁਮਾਰ ਨੇ ਦੱਸਿਆ ਕਿ ਇਹ ਦੋ ਸਾਲਾਂ ਦਾ ਕੋਰਸ ਹੈ ਅਤੇ ਇਸਨੂੰ ਕਰਨ ਵਾਲੇ ਵਿਦਿਆਰਥੀ ਆਮ ਅਤੇ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾ ਸਕਦੇ ਹਨ। ਇਸ ਮੌਕੇ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਵੱਲੋਂ 5100 ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਅਤੇ ਮੋਨਿਕਾ ਮਹਾਜਨ ਵੱਲੋਂ ਵਿਸ਼ੇਸ਼ ਸਕੂਲ ਲਈ 2000 ਰੁਪਏ ਦਾਨ ਕੀਤੇ ਗਏ। ਇਸ ਮੌਕੇ ਅਰੁਣ ਕੁਮਾਰ, ਨੀਤੀ ਰਾਣੀ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਰਾਮ ਆਸਰਾ, ਪ੍ਰੇਮ ਕੁਮਾਰ ਆਦਿ ਵੀ ਹਾਜ਼ਰ ਸਨ।

# ਆਕਾ ਨੂੰ ਖੁਸ਼ ਕਰਨ ਲਈ ਨਾਚ ਬੰਦ ਕਰਕੇ ਕਿਸਾਨਾਂ ਦੀ ਸਾਰ ਲੈਣ ਮੁੱਖ ਮੰਤਰੀ: ਦੁੱਲਟ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com



ਸੰਗਰੂਰ,23 ਅਪ੍ਰੈਲ (ਜਗਸੀਰ ਲੌਂਗੋਵਾਲ)- ਮੀਂਹ ਹਨੇਰੀ,ਝੱਖੜ ਅਤੇ ਕਣਕਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਕਾਰਨ ਕਿਸਾਨਾਂ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ ਇਸ ਸਬੰਧੀ ਅੱਜ ਧੂਰੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਭਾਜਪਾ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਦੁੱਲਟ ਨੇ ਪੰਜਾਬ ਸਰਕਾਰ ਦੇ ਕਿਸਾਨਾਂ ਖਿਲਾਫ ਅਪਣਾਏ ਰਵਈਏ ਦੀ ਨਿਖੇਧੀ ਕੀਤੀ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਆਕਾ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਲਈ ਨਾਚ ਕਰਨ ਲੱਗੇ ਹੋਏ ਹਨ ਤੇ ਉਹਨਾਂ ਨੂੰ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਵਪਾਰੀਆਂ ਦੀ ਕੋਈ ਫਿਕਰ ਨਹੀਂ ਉਹ ਸਿਰਫ ਆਪਣੀ ਆਕਾ ਦੀ ਪੁਸਤ ਪਨਾਹੀ 'ਚ ਮਸ਼ਰੂਫ ਹਨ।

ਉਹਨਾਂ ਕਿਹਾ ਮੁੱਖ ਮੰਤਰੀ ਬੱਕਰੀਆਂ ਅਤੇ ਮੁਰਗਿਆਂ ਦੇ ਖੰਭਾਂ ਦੇ ਮੁਆਵਜ਼ੇ ਅਤੇ ਪਹਿਲਾ ਮੁਆਵਜ਼ਾ ਬਾਅਦ 'ਚ ਗਿਰਦਾਵਰੀਆਂ ਵਰਗੀਆਂ ਗੱਲਾਂ ਆਪਣੇ ਭਾਸ਼ਣਾਂ ਵਿੱਚ ਕਰਦੇ ਥੱਕਦੇ ਨਹੀਂ ਸਨ ਪਰ ਅਸਲੀਅਤ ਵਿੱਚ ਕਿਸਾਨਾਂ ਦੀ ਕੋਈ ਸਾਰ ਪੰਜਾਬ ਸਰਕਾਰ ਵੱਲੋਂ ਨਹੀਂ ਲਈ ਜਾ ਰਹੀ, ਮੁੱਖ ਮੰਤਰੀ ਸਮੇਤ ਪੂਰੀ ਵਜ਼ਾਰਤ ਹੀ ਫੋਕੀਆਂ ਫੜਾ ਅਤੇ ਬਿਨਾਂ ਸਿਰ ਪੈਰ ਦੀ ਬਿਆਨਬਾਜੀ ਤੱਕ ਹੀ ਸੀਮਤ ਹੈ।

ਪੰਜਾਬ ਵਿੱਚ ਹੁੰਦੇ ਗ੍ਰਨੇਡ ਹਮਲਿਆਂ ਦੀ ਉਹਨਾਂ ਨੂੰ ਕੋਈ ਫਿਕਰ ਨਹੀਂ। ਕਾਨੂੰਨ ਵਿਵਸਥਾ ਦਾ ਇੰਨਾ ਮਾੜਾ ਹਾਲ ਹੈ ਕਿ ਅੱਜ ਆਮ ਪੰਜਾਬੀ ਘਰੋਂ ਪੈਰ ਬਾਹਰ ਪਾਉਣ ਲੱਗੇ ਵੀ ਡਰਦਾ ਹੈ। ਭੈੜੇ ਅਨਸਰ ਰਾਹ ਤੁਰੇ ਜਾਂਦੇ ਲੋਕਾਂ ਨੂੰ ਆਮ ਹੀ ਲੁੱਟ ਰਹੇ ਹਨ ਤੇ ਕਿਸੇ ਖਿਲਾਫ ਕੋਈ ਕਾਰਵਾਈ ਤੇ ਸੁਣਵਾਈ ਨਹੀਂ ਹੋ ਰਹੀ।

ਆਰਥਿਕਤਾ ਦਾ ਇੰਨਾ ਮਾੜਾ ਹਾਲ ਹੈ ਕਿ ਅੱਜ ਪੰਜਾਬ ਦੇਸ਼ ਵਿੱਚ ਸਭ ਤੋਂ ਅਖੀਰਲੇ ਸਥਾਨ ਉੱਤੇ ਖੜ੍ਹਾ ਹੈ। ਮਾਨ ਸਰਕਾਰ ਨੇ ਕਰਜ਼ਾ ਲੈਣ ਦੇ ਪਿਛਲੀਆਂ ਸਰਕਾਰਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਅਤੇ ਅੱਜ ਹਾਲਾਤ ਇਹ ਹਨ ਕਿ ਕਰਜੇ ਦੀ ਕਿਸਤ ਵਾਪਸ ਕਰਨ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਇਸ ਆਰਥਿਕ ਤਬਾਹੀ ਲਈ ਮਾਨ ਸਰਕਾਰ ਦੀਆਂ ਗਲਤ ਨੀਤੀਆਂ ਜਿੰਮੇਵਾਰ ਹਨ। ਸ.ਦੁੱਲਟ ਨੇ ਕਿਹਾ ਕਿ ਪੰਜਾਬ ਦੇ ਲੋਕ 2027 ਵਿੱਚ ਭਾਜਪਾ ਨੂੰ ਸੱਤਾ ਵਿੱਚ ਲਿਆਉਣ ਲਈ ਵੱਧ ਚੜ੍ਹਕੇ ਭਾਜਪਾ ਦੇ ਹੱਕ ਵਿੱਚ ਭੁਗਤਣਗੇ।

# ਸਕੂਲਾਂ ਵਿੱਚ ਅਧਿਆਪਕਾਂ ਨੂੰ ਡੇਂਗੂ ਮੱਛਰ ਦੇ ਲਾਰਵੇ ਸਬੰਧੀ ਜਾਣਕਾਰੀ ਅਤੇ ਟਰੇਨਿੰਗ ਦਿੱਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com



ਲੌਂਗੋਵਾਲ, 23 ਅਪ੍ਰੈਲ (ਜਗਸੀਰ ਸਿੰਘ) - ਸਿਵਲ ਸਰਜਨ ਸੰਗਰੂਰ ਡਾਕਟਰ ਡਾ ਸੰਜੇ ਕਾਮਰਾ ਦੇ ਹੁਕਮਾਂ ਅਤੇ ਕਾਰਜਕਾਰੀ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਸੁਪਰਵਾਈਜ਼ਰ ਸੁਖਪਾਲ ਸਿੰਘ ਦੀ ਯੋਗ ਅਗਵਾਈ ਹੇਠ ਸਿਹਤ ਕਰਮਚਾਰੀ ਮਨਜੀਤ ਸਿੰਘ, ਹਰਜੀਤ ਸਿੰਘ ਅਤੇ ਜਸਵੀਰ ਸਿੰਘ ਨੇ ਸੈਕਟਰ ਬਡਰੁੱਖਾਂ ਅਧੀਨ ਆਉਂਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਜਿਵੇਂ ਪਿੰਡ ਚੰਗਾਲ, ਲਿੱਦੜਾ, ਅੰਧੇੜੀ, ਖਿਲਰੀਆਂ, ਬੰਗਾਵਾਲੀ, ਅਕੋਈ ਸਾਹਿਬ, ਥਲੇਸਾ, ਬਡਰੁੱਖਾਂ, ਬਹਾਦਰ ਪੁਰ, ਭੰਮਾਬੰਦੀ ਵਿਖੇ ਡੇਂਗੂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਅਧਿਆਪਕ ਸਾਹਿਬਾਨ ਨੂੰ ਡੇਂਗੂ ਬੁਖਾਰ ਅਤੇ ਡੇਂਗੂ ਮੱਛਰ ਦੇ ਲਾਰਵੇ ਸੰਬੰਧੀ ਜਾਣਕਾਰੀ ਅਤੇ ਟਰੇਨਿੰਗ ਦਿੱਤੀ ਤਾਂ ਜੋ ਉਹ ਰੋਜ਼ਾਨਾ ਪ੍ਰਾਰਥਨਾਂ ਸਭਾ ਵਿਚ ਬੱਚਿਆਂ ਨੂੰ ਇਸ ਸਬੰਧੀ ਜਾਗਰੂਕ ਕਰ ਸਕਣ ।ਇਸ ਦੌਰਾਨ ਸਿਹਤ ਕਰਮਚਾਰੀਆਂ ਦੁਆਰਾ ਅਧਿਆਪਕ ਸਾਹਿਬਾਨ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ਼ ਅਜਿਪਟੀ ਨਾ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।ਇਸ ਬੁਖਾਰ ਦੇ ਮੁੱਖ ਲੱਛਣ ਤੇਜ ਸਿਰ ਦਰਦ ਅਤੇ ਬੁਖਾਰ,ਅੱਖਾ ਦੇ ਪਿਛਲੇ ਹਿੱਸੇ ਵਿੱਚ ਅਤੇ ਮਾਸ ਪੇਸ਼ੀਆਂ ਵਿਚ ਦਰਦ,ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ ਅਤੇ ਜ਼ਿਆਦਾ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਦਾ ਵਗਣਾ ਹੈ ।ਇਸ ਦੌਰਾਨ ਲੋਕਾਂ ਨੂੰ ਦੱਸਿਆ ਕਿ ਡੇਂਗੂ ਬੁਖਾਰ ਦੀ ਭਰਮਾਰ ਨੂੰ ਅਸਾਨੀ ਨਾਲ ਜਿੱਤਿਆ ਜਾ ਸਕਦਾ ਹੈ ਜੇਕਰ ਅਸੀਂ ਇਲਾਜ ਨਾਲੋਂ ਪ੍ਰਹੇਜ਼ ਦੀਆਂ ਸੇਵਾਵਾਂ ਤੇ ਪੂਰਾ ਧਿਆਨ ਦਈਏ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਜਾਗਰੂਕ ਕਰੀਏ ਕਿ ਡੇਂਗੂ ਫੈਲਾਉਣ ਵਾਲੇ ਮੱਛਰ ਖੜ੍ਹੇ ਅਤੇ ਸਾਫ ਪਾਣੀ ਵਿੱਚ ਪਲਦੇ ਹਨ ਜਿਵੇਂ ਕੂਲਰਾਂ ਵਿਚ, ਪਾਣੀ ਦੀਆਂ ਟੈਂਕੀਆਂ ਵਿਚ, ਗਮਲਿਆਂ ਵਿਚ, ਕਬਾੜ ਵਿਚ ਪਏ ਟੁੱਟੇ ਭੱਜੇ ਭਾਂਡਿਆਂ ਅਤੇ ਟਾਇਰਾ ਜਿਨਾਂ ਵਿੱਚ ਮੀਂਹ ਦਾ ਪਾਣੀ ਭਰ ਜਾਂਦਾ ਹੈ ਆਦਿ ਵਿੱਚ। ਇਸ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇੱਕਠਾ ਨਾ ਹੋਣ ਦਿਓ।ਪਾਣੀ ਨਾਲ ਭਰੇ ਭਾਂਡਿਆਂ ਅਤੇ ਟੈਕੀਆ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ, ਹਫਤੇ ਵਿਚ ਇਕ ਵਾਰ ਕੂਲਰਾਂ ਦੇ ਪਾਣੀ ਅਤੇ ਫਰਿਜ ਦੇ ਪਿਛਲੇ ਹਿੱਸੇ ਵੇਸਟ ਪਾਣੀ ਵਾਲੀ ਟਰੇਅ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਡੇਂਗੂ ਫੈਲਾਉਣ ਵਾਲਾ ਮੱਛਰ ਦਿਨ ਸਮੇਂ ਕੱਟਦਾ ਹੈ ਇਸ ਲਈ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਾਉ ਤਾ ਜੋ ਮੱਛਰ ਨਾ ਕੱਟ ਸਕੇ। ਰਾਤ ਨੂੰ ਸੌਣ ਸਮੇਂ ਮੱਛਰ ਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ।ਤੇਜ ਬੁਖਾਰ ਹੋਣ ਦੀ ਹਾਲਤ ਵਿੱਚ ਨੇੜੇ ਦੀ ਸਰਕਾਰੀ ਹਸਪਤਾਲ ਵਿੱਚੋ ਖੂਨ ਦੀ ਜਾਂਚ ਯਕੀਨੀ ਕਰਾਉ । ਡੇਂਗੂ ਬੁਖਾਰ ਹੋਣ ਦੀ ਹਾਲਤ ਵਿੱਚ ਪੂਰਾ ਅਰਾਮ ਕਰੋ ਜ਼ਿਆਦਾ ਮਾਤਰਾ ਵਿਚ ਤਰਲ ਪਦਾਰਥ ਲਵੋ ਅਤੇ ਸਿਰਫ ਪੈਰਾਸੀਟਾਮੋਲ ਹੀ ਲਵੋ ਅਤੇ ਜੇਕਰ ਫਿਰ ਵੀ ਬੁਖਾਰ ਨਹੀਂ ਠੀਕ ਹੋ ਰਿਹਾ ਤਾ ਨੇੜੇ ਦੀ ਸਰਕਾਰੀ ਸੰਸਥਾ (ਹਸਪਤਾਲ) ਵਿੱਚੋ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਐਕਟੀਵਿਟੀ ਦੌਰਾਨ ਸਾਰੇ ਅਧਿਆਪਕ ਸਾਹਿਬਾਨ ਨੇ ਪੂਰਨ ਸਹਿਯੋਗ ਦਿੱਤਾ

# ਸਰਵਹਿਤਕਾਰੀ ਵਿੱਦਿਆ ਮੰਦਰ ਪ੍ਰਬੰਧਕ ਸਮਿਤੀ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com



ਜ਼ੀਰਾ 23 ਅਪ੍ਰੈਲ ( ਅੰਗਰੇਜ਼ ਬਰਾੜ ) ਸਵਾਮੀ ਸਵਤੇ ਪ੍ਰਕਾਸ਼ ਸਰਵਹਿੱਤਕਾਰੀ ਵਿੱਦਿਆ ਮੰਦਿਰ ਜ਼ੀਰਾ ਨੇੜੇ ਗੁੱਗਾ ਮੰਦਰ ਵਿਖੇ ਨਵੀਂ ਪ੍ਰਬੰਧ ਸਮਿਤੀ ਦੀ ਮੀਟਿੰਗ ਹੋਈ, ਜਿਸ ਵਿੱਚ ਸਕੂਲ ਨੂੰ ਬੁਲੰਦੀਆਂ ਅਤੇ ਉਚਾਈਆਂ ਤੇ ਪਹੁੰਚਾਉਣ ਸਬੰਧੀ ਵਿਚਾਰ ਵਟਾਂਦਰੇ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਨੇ ਕਿਹਾ ਕਿ ਸਾਡਾ ਮਕਸਦ ਸਕੂਲ ਦੇ ਵਿੱਚ ਪੜ੍ਹਨ ਵਾਲੇ ਹਰ ਬੱਚੇ ਨੂੰ ਵਧੀਆ ਸਿੱਖਿਆ ਦੇ ਨਾਲ ਨਾਲ ਸਾਫ ਸੁਥਰਾ ਅਤੇ ਵਧੀਆ ਪ੍ਰਸ਼ਾਸਨਿਕ ਪ੍ਰਬੰਧ ਦੇਣਾ ਹੈ। ਉਨ੍ਹਾਂ ਨੇ ਦੱਸਿਆ ਕਿ ਪ੍ਰਬੰਧ ਸਮਿਤੀ ਵੱਲੋਂ ਨਵੀਆਂ ਕਮੇਟੀਆਂ ਦਾ ਵੀਂ ਗਠਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪ੍ਰਸਤ ਸੁਭਾਸ਼ ਗੁਪਤਾ , ਵਿਭਾਗ ਸਚਿਵ ਸਤਪਾਲ ਨਰੂਲਾ , ਪ੍ਰਧਾਨ ਸੁਖਦੇਵ ਬਿੱਟੂ ਵਿੱਜ , ਪ੍ਰਬੰਧਕ ਜਨਕ ਰਾਜ ਗੌਤਮ ਅਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਵੀਨ ਬਾਲਾ ਹਾਜ਼ਰ ਸਨ। ਮੀਟਿੰਗ ਦੌਰਾਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਦੇਵ ਬਿੱਟੂ ਵਿਜ, ਸਕੂਲ ਪ੍ਰਿੰਸੀਪਲ ਅਤੇ ਕਮੇਟੀ ਮੈਂਬਰ ਹਾਜਰ ਸਨ

# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਧਰਤੀ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪ੍ਰੈਲ
INTERNATIONAL PAPER, 9463601616
hardipchumber57@gmail.com



ਫਿਲੌਰ/ਅੱਪਰਾ (ਦੀਪਾ)-ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਧਰਤੀ ਦਿਵਸ ਮਨਾਇਆ ਗਿਆ,ਇਸ ਵਿੱਚ ਬੱਚਿਆਂ ਨੂੰ ਧਰਤੀ ਦੀ ਸੰਭਾਲ ਅਤੇ ਉਸਦੀ ਖੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਜਾਣਕਾਰੀ ਦਿੱਤੀ | ਬੱਚਿਆਂ ਨੂੰ ਦੱਸਿਆ ਗਿਆ ਕਿ ਪਲਾਸਟਿਕ ਦੀ ਘੱਟ ਵਰਤੋਂ ਕਰਕੇ ਰੁੱਖਾਂ ਦੀ ਸੰਭਾਲ ਕਰਕੇ ਅਤੇ ਪਾਣੀ ਦੀ ਉਚਿਤ ਵਰਤੋਂ ਕਰਕੇ ਧਰਤੀ ਨੂੰ ਬਚਾਇਆ ਜਾ ਸਕਦਾ ਹੈ ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਤ ਰਹਿਣਗੀਆਂ! ਇਸ ਮੌਕੇ ਬੱਚਿਆਂ ਨੇ ਰੰਗ ਬਰੰਗੇ ਪੋਸਟਰ ਬਣਾ ਕੇ ਧਰਤੀ ਦੀ ਸੰਭਾਲ ਸਬੰਧੀ ਆਪਣਾ ਪੈਗਾਮ ਦਰਸਾਇਆ | ਅੱਜ ਦੇ ਸਮਾਗਮ ਵਿੱਚ ਮਨਦੀਪ ਸਿੰਘ ਮਾਨ, ਸ਼ਰਨਜੀਤ ਸਿੰਘ,ਅਰਵਿੰਦਰ ਸਿੰਘ,ਹਰਜੀਤ ਸਿੰਘ,ਨੈਨਸੀ ਰਾਣੀ,ਰਮਨਦੀਪ ਕੌਰ ਕੈਥ,ਨੀਰੂ ਬਾਲਾ,ਬਲਜੀਤ ਕੌਰ ਅਤੇ ਗੁਰਨਾਮ ਸਿੰਘ ਆਦਿ ਵੀ ਹਾਜ਼ਰ ਸਨ |

# ਲਿਬਰੇਸ਼ਨ ਵੱਲੋਂ ਪਹਿਲਗਾਮ ‘ਚ ਸੈਲਾਨੀਆਂ ਦੇ ਕਤਲੇਆਮ ਦੀ ਸਖ਼ਤ ਨਿਖੇਧੀ ,,,

## ਵਾਰਦਾਤ ਦੀ ਉੱਚ ਪੱਧਰੀ ਅਤੇ ਆਜਾਦਾਨਾ ਜਾਂਚ ਕਰਵਾਉਣ ਦੀ ਮੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com

ਮਾਨਸਾ, 23 ਅਪਰੈਲ (ਆਤਮਾ ਸਿੰਘ ਪਮਾਰ) ਬੀਤੇ ਕੱਲ੍ਹ ਕਸ਼ਮੀਰ ਘਾਟੀ 'ਚ ਪਹਿਲਗਾਮ ਨੇੜੇ 29 ਤੋਂ ਵੱਧ ਸੈਲਾਨੀਆਂ ਦੇ ਅਣਮਨੁੱਖੀ ਕਤਲੇਆਮ ਅਤੇ ਕਈ ਹੋਰਨਾਂ ਨੂੰ ਜ਼ਖਮੀ ਕਰਨ ਦੀ ਹਿਰਦੇਵੇਦਕ ਵਾਰਦਾਤ ਦੀ ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਸਖ਼ਤ ਨਿਖੇਧੀ ਕੀਤੀ ਹੈ ਅਤੇ ਸਾਰੇ ਮ੍ਰਿਤਕਾਂ ਪ੍ਰਤੀ ਸੰਵੇਦਨਾ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਵਾ ਕੀਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਇਸ ਕਤਲੇਆਮ ਖ਼ਿਲਾਫ਼ ਆਮ ਕਸ਼ਮੀਰੀ ਅਵਾਮ ਨੇ ਜਿਵੇਂ ਵਿਆਪਕ ਪੱਧਰ 'ਤੇ ਆਵਾਜ਼ ਉਠਾਈ ਹੈ, ਉਸ ਨਾਲ ਦੇਸ਼ ਦੀਆਂ ਜਮਹੂਰੀ ਤੇ ਇਨਸਾਫ ਪਸੰਦ ਸ਼ਕਤੀਆਂ ਨੂੰ ਵੱਡੀ ਨੈਤਿਕ ਤਾਕਤ ਮਿਲੀ ਹੈ। ਲਿਬਰੇਸ਼ਨ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਘਟਨਾ ਨੇ ਕਸ਼ਮੀਰ ਵਿੱਚ ਹਾਲਾਤ ਆਮ ਵਰਗੇ ਹੋਣ ਦੇ ਮੋਦੀ ਸਰਕਾਰ ਦੇ ਖੋਖਲੇ ਦਾਅਵਿਆਂ ਨੂੰ ਵੀ ਬੇਨਕਾਬ ਕਰ ਦਿੱਤਾ ਹੈ। ਜੇ ਐਂਡ ਕੇ ਨੂੰ ਦੋ ਹਿੱਸਿਆਂ 'ਚ ਵੰਡ, ਸੂਬੇ ਦੀ ਬਜਾਏ ਯੂ ਟੀ ਬਣਾ ਦੇਣ , ਪੂਰੀਆਂ ਸ਼ਕਤੀਆਂ ਚੁਣੀ ਹੋਈ ਸਰਕਾਰ ਦੀ ਬਜਾਏ ਲੈਫਟੀਨੈਂਟ ਗਵਰਨਰ ਦੇ ਹੱਥ ਦੇਣ ਦੇ ਬਾਵਜੂਦ ਵੀ ਕਸ਼ਮੀਰ 'ਚ ਆਮ ਨਾਗਰਿਕਾਂ, ਪ੍ਰਵਾਸੀ ਮਜ਼ਦੂਰਾਂ ਅਤੇ ਹੁਣ ਸੈਲਾਨੀਆਂ ਉਤੇ ਦਹਿਸ਼ਤੀ ਹਮਲੇ ਬਾਦਸਤੂਰ ਜਾਰੀ ਹਨ। ਬੇਸ਼ੱਕ ਬੀਜੇਪੀ ਵਾਰ ਵਾਰ ਉੱਥੇ ਆਮ ਵਰਗੇ ਹਾਲਤ ਬਹਾਲ ਹੋਣ ਦੇ ਦਾਅਵੇ ਕਰਦੀ ਰਹੀ ਹੈ, ਪਰ ਉੱਥੇ ਨਿਰੰਤਰ ਜਾਰੀ ਹਿੰਸਾ ਬੀਜੇਪੀ ਦੇ ਅਜਿਹੇ ਦਾਅਵਿਆਂ ਦੀ ਹਕੀਕਤ ਨੂੰ ਜੱਗ ਜ਼ਾਹਰ ਕਰ ਰਹੀ ਹੈ। ਫੌਜ ਦੀ ਭਾਰੀ ਮੌਜੂਦਗੀ ਦੇ ਬਾਵਜੂਦ ਵੀ ਦਹਿਸ਼ਤਗਰਦੀ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਮੋਦੀ ਸਰਕਾਰ ਵਲੋਂ ਉੱਥੇ ਜਨਤਾ ਦੇ ਲੋਕਤੰਤਰੀ ਫਤਵੇ ਨੂੰ ਦਬਾਉਣ ਅਤੇ ਮਸਲੇ ਨੂੰ ਸਿਆਸੀ ਤੌਰ 'ਤੇ ਹੱਲ ਕਰਨ ਦੀ ਬਜਾਏ ਬੰਦੂਕ ਦੇ ਬਲ 'ਤੇ ਨਜਿੱਠਣ ਦੀ ਨੀਤੀ ਸੂਬੇ ਵਿੱਚ ਸ਼ਾਂਤੀ ਅਤੇ ਸੁਰੱਖਿਆ ਦੀ ਬਹਾਲੀ ਕਰਨ 'ਚ ਬੁਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਇਥੋਂ ਤੱਕ ਕਿ ਦੇਸ਼ ਵਾਸੀਆਂ ਦੇ ਮਨਾਂ ਵਿੱਚ ਇਸ ਘਿਨਾਉਣੇ ਕਤਲੇਆਮ ਦੇ ਸਮੇਂ ਅਤੇ ਪ੍ਰਸੰਗ ਨੂੰ ਲੈ ਕੇ ਗੰਭੀਰ ਖਦਸੇ ਹਨ। ਜਨਤਾ ਇਸ ਨੂੰ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੌਰਾਨ ਹੋਏ ਚਿੱਠੀ ਸਿੰਘਪੁਰਾ ਪਿੰਡ ਵਿੱਚ ਤਿੰਨ ਦਰਜਨ ਕਸ਼ਮੀਰੀ ਸਿੱਖਾਂ ਦੇ ਕਤਲੇਆਮ, ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲਵਾਮਾ ਵਿਖੇ ਹੋਏ ਭਾਰੀ ਵਿਸਫੋਟ ਵਿੱਚ ਸੜੇ 40 ਜਵਾਨਾਂ ਦੀਆਂ ਜਾਨਾਂ ਜਾਣ ਅਤੇ ਹੁਣ ਅਮਰੀਕੀ ਉਪ ਰਾਸ਼ਟਰਪਤੀ ਵਾਂਸ ਦੇ ਭਾਰਤ ਦੌਰੇ ਦੌਰਾਨ ਸੈਲਾਨੀਆਂ ਦੇ ਇਸ ਕਤਲੇਆਮ ਵਰਗੀਆਂ ਸ਼ੱਕੀ ਵਾਰਦਾਤਾਂ ਨੂੰ ਇੱਕੋ ਪ੍ਰਸੰਗ ਨਾਲ ਜੋੜ ਕੇ ਵੇਖ ਰਹੇ ਹਨ। ਇਸ ਲਈ ਪਾਰਟੀ ਵੱਲੋਂ ਵਾਰਦਾਤ ਦੀ ਉੱਚ ਪੱਧਰੀ ਤੇ ਆਜ਼ਾਦਾਨਾ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਗਈ ਹੈ।

ਲਿਬਰੇਸ਼ਨ ਦਾ ਕਹਿਣਾ ਹੈ ਕਿ ਅਸੀਂ ਇਸ ਘਿਨਾਉਣੀ ਵਾਰਦਾਤ ਦੇ ਕਾਤਲਾਂ ਤੇ ਸਾਜ਼ਿਸ਼ਕਾਰਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੇ ਹਾਂ, ਪਰ ਖ਼ਾਨਾਪੂਰਤੀ ਲਈ ਹਰਗਿਜ਼ ਵੀ ਕੁਝ ਬੇਕਸੂਰ ਲੋਕਾਂ ਨੂੰ ਬਲੀ ਨਹੀਂ ਚੜ੍ਹਾਇਆ ਜਾਣਾ ਚਾਹੀਦਾ, ਜਿਵੇਂ ਕਿ ਚਿੱਟੀ ਸਿੰਘਪੁਰਾ ਕਤਲੇਆਮ ਤੋਂ ਬਾਅਦ ਮੁਕਾਬਲੇ ਦੇ ਨਾਂ 'ਤੇ 5 ਨਿਰਦੋਸ਼ ਕਸ਼ਮੀਰੀ ਮਜ਼ਦੂਰਾਂ ਦੀ ਜਾਨ ਲੈ ਲਈ ਗਈ ਸੀ।

ਬਿਆਨ ਵਿੱਚ ਦੇਸ਼ ਦੀ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਸਾਨੂੰ ਇਸ ਦੁੱਖਦਾਈ ਵਾਰਦਾਤ ਦੀ ਆੜ ਵਿੱਚ ਫਿਰਕੂ ਭੜਕਾਹਟ ਫੈਲਾਉਣ ਵਾਲੇ ਫਾਸ਼ੀਵਾਦੀ ਤੱਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ। ਇਸ ਔਖੇ ਸਮੇਂ ਵਿੱਚ ਜ਼ਰੂਰੀ ਹੈ ਕਿ ਸਾਰੇ ਲੋਕ ਅਜਿਹੀਆਂ ਵੰਡੀਆਂ ਪੈਦਾ ਕਰਨ ਵਾਲੀਆਂ ਤਾਕਤਾਂ ਦੀ ਸਾਜ਼ਿਸ਼ ਨੂੰ ਇਕਜੁੱਟ ਹੋ ਕੇ ਨੰਗਾ ਕਰਨ।

# ਸੀਟੂ ਨੇ ਪਹਿਲਗਾਮ ਵਿਖੇ ਹੋਏ ਦਹਿਸ਼ਤਵਾਦੀ ਹਮਲੇ ਦੀ ਕੀਤੀ ਸਖ਼ਤ ਨਿਖੇਧੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com






ਸੰਗਰੂਰ,23 ਅਪ੍ਰੈਲ (ਜਗਸੀਰ ਸਿੰਘ ) - ਕੱਲ ਜੰਮੂ ਕਸ਼ਮੀਰ ਦੇ ਪਹਿਲਗਾਮ ਦੀ ਸੈਲਾਨੀ ਵਾਦੀ ਵਿੱਚ 6 ਦਹਿਸ਼ਤਗਰਦਾਂ ਵੱਲੋਂ ਅੰਨੇਵਾਹ ਗੋਲੀਆਂ ਚਲਾ ਕੇ 28 ਨਿਰਦੋਸ਼ੇ ਅਤੇ ਬੇਕਸੂਰ ਲੋਕਾਂ ਦੀ ਬੇਰਹਿਮੀ ਨਾਲ ਕੀਤੀ ਗਈ ਹੱਤਿਆਵਾਂ ਦੀ ਪੰਜਾਬ ਦੀ ਸੀਟੂ ਦੀ ਸਟੇਟ ਕਮੇਟੀ ਨੇ ਭਰੇ ਮਨ ਨਾਲ, ਸ਼ਖਤ ਨਿੰਦਿਆ ਕੀਤੀ ਹੈ ਅਤੇ ਦਹਿਸ਼ਤਗਰਦੀ ਵੱਲੋਂ ਇਸ ਕਤਲੇਆਮ ਨੂੰ ਗੈਰ ਮਨੁੱਖੀ, ਸ਼ਰਮਨਾਕ ਅਤੇ ਘਿਨੌਣਾ ਕਾਰਾ ਦੱਸਿਆ ਹੈ। ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਸੀਟੂ ਦੀ ਆਲ ਇੰਡਿਆ ਸਕੱਤਰ ਕਾਮਰੇਡ ਊਸ਼ਾ ਰਾਣੀ,ਸੂਬਾਈ ਪ੍ਰਧਾਨ ਮਹਾਂ ਸਿੰਘ ਰੌੜੀ,ਜਨਰਲ ਸਕੱਤਰ ਚੰਦਰ ਸ਼ੇਖਰ, ਖਜਾਨਚੀ ਸੁੱਚਾ ਸਿੰਘ ਅਜਨਾਲਾ,ਸਕੱਤਰ ਅਮਰਨਾਥ ਕੂੰਮਕਲਾਂ ਨੇ ਪਹਿਲਗਾਮ ਦੇ ਆਮ ਲੋਕਾ ਵੱਲੋਂ ਇਸ ਮਾਨਵ ਦੋਖੀ ਕਾਰੇ ਵਿਰੁੱਧ ਕੀਤੇ ਗਏ ਰੋਸ਼ ਪ੍ਰਦਰਸ਼ਨ ਅਤੇ ਕੈਂਡਲ ਮਾਰਚ ਦੀ ਸਰਾਹਨਾ ਕੀਤੀ ਹੈ ਜਿਸ ਦੇ ਆਯੋਜਕਾ ਨੇ ਦਹਿਸ਼ਤਗਰਦੀ ਦੀ ਇਸ ਗਿਰੀ ਹੋਈ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਸੀਟੂ ਨੇ ਮੰਗ ਕੀਤੀ ਹੈ ਕਿ ਸੁਰੱਖਿਆ ਪੱਖੋਂ ਇਸ ਸੰਵੇਦਨਸ਼ੀਲ ਖੇਤਰ ਵਿੱਚ ਸੁਰੱਖਿਆ ਦੀ ਘਾਟ ਦਾ ਗੰਭੀਰ ਨੋਟਿਸ ਲੈਣ ਦੇ ਨਾਲ ਦਹਿਸ਼ਤਗਰਦਾ ਦੀ ਛੇਤੀ ਤੋਂ ਛੇਤੀ ਗ੍ਰਿਫਤਾਰੀ ਕੀਤੀ ਜਾਵੇ ਅਤੇ ਮਾਰੇ ਗਏ ਸੈਲਾਨੀਆਂ ਦੇ ਪਰਿਵਾਰਾ ਨੂੰ ਹਰ ਤਰਾਂ ਦੀ ਤਸੱਲੀ ਬਖਸ਼ ਇਮਦਾਦ ਸੁਨਿਸ਼ਚਿਤ ਕੀਤੀ ਜਾਵੇ।

# ਨਿਰਦੋਸ਼ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣਾ ਕਾਇਰਤਾ ਭਰੀ ਸੋਚ ਦਾ ਨਤੀਜਾ: ਸੁਰਿੰਦਰ ਜੌੜਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਜ਼ੀਰਾ 23 ਅਪ੍ਰੈਲ ( ਅੰਗਰੇਜ਼ ਬਰਾੜ ) - ਜੰਮੂ-ਕਸ਼ਮੀਰ ਦੇ ਤਫਰੀਹੀ ਸਥਾਨ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਇਸ ਹਾਦਸੇ ਨੂੰ ਭਿਆਨਕ, ਕਾਇਰਤਾਪੂਰਨ ਅਤੇ ਮਨੁੱਖਤਾ ਵਿਰੋਧੀ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਸਿੱਧਾ-ਸਿੱਧਾ ਮਨੁੱਖੀ ਮੁੱਲਾਂ ਅਤੇ ਗਣਤੰਤਰਕ ਅਸੂਲਾਂ ਉੱਤੇ ਹਮਲਾ ਹਨ, ਜੋ ਸਾਫ਼ ਕਰਦੇ ਹਨ ਕਿ ਅੱਤਵਾਦੀਆਂ ਦੀ ਕੋਈ ਧਰਮ ਜਾਂ ਜਾਤ ਨਹੀਂ ਹੁੰਦੀ। ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਨਿਰਦੋਸ਼ੇ ਅਤੇ ਨਿਰਦੋਸ਼ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣਾ ਕਦੇ ਵੀ ਕਿਸੇ ਵੀ ਸਿਆਸੀ ਜਾਂ ਧਾਰਮਿਕ ਹਦਫ਼ ਨਾਲ ਨਹੀਂ ਜੁੜਿਆ ਹੋਇਆ ਹੋ ਸਕਦਾ। ਇਹ ਸਿਰਫ਼ ਅਤੇ ਸਿਰਫ਼ ਕਾਇਰਤਾ ਭਰੀ ਸੋਚ ਦਾ ਨਤੀਜਾ ਹੈ ਜੋ ਸਮਾਜ ਵਿੱਚ ਡਰ ਦਾ ਮਾਹੌਲ ਪੈਦਾ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਨੇ ਸਿਰਫ਼ ਜੰਮੂ-ਕਸ਼ਮੀਰ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਮਨੁੱਖਤਾ ਪ੍ਰੇਮੀ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਇਹ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦੁਆਰਾ ਇਸ ਦੀ ਪੂਰੀ ਜਾਂਚ ਕਰਵਾਈ ਜਾਵੇ ਤੇ ਜਿੰਨ੍ਹਾਂ ਲੋਕਾਂ ਨੇ ਇਹ ਨਿੰਦਣਯੋਗ ਘਟਨਾ ਅੰਜਾਮ ਦਿੱਤਾ, ਉਨ੍ਹਾਂ ਨੂੰ ਕਾਨੂੰਨੀ ਜ਼ਰੀਏ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਅੱਤਵਾਦ ਨਾਲ ਨਿਪਟਣ ਲਈ ਸਿਰਫ਼ ਹਥਿਆਰਾਂ ਦੀ ਲੋੜ ਨਹੀਂ, ਸਗੋਂ ਜਨਤਾ ਦੀ ਸਾਂਝੀ ਜ਼ਿੰਮੇਵਾਰੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਵੀ ਅਜਿਹੇ ਅੱਤਵਾਦੀ ਤੱਤਾਂ ਖ਼ਿਲਾਫ਼ ਅੱਗੇ ਆਉਣ ਦੀ ਲੋੜ ਹੈ ਜੋ ਇਲਾਕੇ ਦੀ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਜੌੜਾ ਨੇ ਕਿਹਾ ਕਿ ਅਸੀਂ ਪੀੜਤ ਪਰਿਵਾਰਾਂ ਦੀ ਦੁਖ-ਸਾਂਝ ਬਣਦੇ ਹਾਂ ਅਤੇ ਉਨ੍ਹਾਂ ਦੀ ਅਤਮਾਂ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

# ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਹਿੰਦੂ ਸੰਗਠਨਾਂ ਦਾ ਫੁੱਟਿਆ ਗੁੱਸਾ

## * ਫਗਵਾੜਾ 'ਚ ਫੂਕਿਆ ਪਾਕਿਸਤਾਨ ਦਾ ਝੰਡਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਫਗਵਾੜਾ 23 ਅਪ੍ਰੈਲ (ਸ਼ਿਵ ਕੌੜਾ) ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਵਿਰੁੱਧ ਗੁੱਸਾ ਜ਼ਾਹਰ ਕਰਦਿਆਂ ਫਗਵਾੜਾ 'ਚ ਹਿੰਦੂ ਸੰਗਠਨਾਂ ਨੇ ਮੰਗਲਵਾਰ ਨੂੰ ਪਾਕਿਸਤਾਨੀ ਝੰਡਾ ਸਾੜਿਆ। ਇਸ ਤੋਂ ਪਹਿਲਾਂ ਪ੍ਰਾਚੀਨ ਸ਼੍ਰੀ ਹਨੂੰਮਾਨਗੜ੍ਹੀ ਮੰਦਰ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਪਹਿਲਗਾਮ ਦੇ ਸ਼ਹੀਦ ਸੈਲਾਨੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਸ਼ਿਵ ਸੈਨਾ ਪੰਜਾਬ ਦੇ ਸੀਨੀਅਰ ਸੂਬਾ ਉਪ-ਪ੍ਰਧਾਨ ਇੰਦਰਜੀਤ ਕਰਵਲ, ਰਾਜੇਸ਼ ਪਲਟਾ, ਰਵੀ ਦੱਤ, ਸ਼ਿਵ ਸੈਨਾ (ਯੂਬੀਟੀ) ਦੇ ਸੂਬਾ ਜਨਰਲ ਸਕੱਤਰ ਗੁਰਦੀਪ ਸਿੰਘ ਸੈਣੀ, ਅਖਿਲ ਭਾਰਤੀ ਹਿੰਦੂ ਸੁਰੱਖਿਆ ਸੰਮਤੀ ਦੇ ਪੰਜਾਬ ਪ੍ਰਧਾਨ ਦੀਪਕ ਭਾਰਦਵਾਜ ਦੀ ਅਗਵਾਈ ਹੇਠ ਜੀਟੀ ਰੋਡ ਬੱਸ ਸਟੈਂਡ ਤੱਕ ਰੋਸ ਮਾਰਚ ਕੱਢਿਆ ਗਿਆ। ਪਾਕਿਸਤਾਨੀ ਝੰਡਾ ਅੱਗ ਦੀ ਭੇਟ ਕਰਨ ਉਪਰੰਤ ਤਿੱਖੀ ਨਾਅਰੇਬਾਜ਼ੀ ਦੌਰਾਨ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਕਿਹਾ ਕਿ ਪਹਿਲਗਾਮ ਵਿੱਚ ਪਾਕਿਸਤਾਨ ਸਮਰਥਿਤ ਅੱਤਵਾਦੀਆਂ ਵੱਲੋਂ ਅੰਜਾਮ ਦਿੱਤੀ ਗਈ ਕਾਇਰਤਾਪੂਰਨ ਘਟਨਾ ਦੀ ਜਿੰਨੀ ਨਖੇਦੀ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਨਿਰਦੋਸ਼ੇ ਸੈਲਾਨੀਆਂ ਤੋਂ ਉਨ੍ਹਾਂ ਦੀ ਹਿੰਦੂ ਪਛਾਣ ਬਾਰੇ ਪੁੱਛਣਾ ਅਤੇ ਫਿਰ ਉਨ੍ਹਾਂ ਨੂੰ ਹਿੰਦੂ ਹੋਣ ਦੀ ਵਜ੍ਹਾ ਨਾਲ ਮੌਤ ਦੇ ਘਾਟ ਉਤਾਰਨਾ ਦੁਨੀਆ ਭਰ ਦੇ ਸਮੁੱਚੇ ਹਿੰਦੂ ਭਾਈਚਾਰੇ ਲਈ ਇੱਕ ਖੁੱਲ੍ਹੀ ਚੁਣੌਤੀ ਹੈ। ਅਜਿਹੀ ਨਿੰਦਣਯੋਗ ਘਟਨਾ ਤੋਂ ਬਾਅਦ ਵੀ ਜਿਸ ਹਿੰਦੂ ਦਾ ਖੂਨ ਨਾ ਖੌਲੇ, ਖੂਨ ਨਹੀਂ ਓਹ ਪਾਣੀ ਹੈ। ਇੰਦਰਜੀਤ ਕਰਵਲ ਅਤੇ ਹੋਰਨਾਂ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਸਹਿਣਸ਼ੀਲਤਾ ਦੀ ਵੀ ਇੱਕ ਹੱਦ ਹੁੰਦੀ ਹੈ ਅਤੇ ਹੁਣ ਉਹ ਹੱਦ ਟੁੱਟ ਗਈ ਹੈ। ਇਸ ਲਈ, ਉਹ ਭਾਰਤ ਸਰਕਾਰ ਤੋਂ ਮੰਗ ਕਰਦੇ ਹਨ ਕਿ ਇਸ ਵਾਰ ਨਾ ਸਿਰਫ਼ ਪਾਕਿਸਤਾਨ ਦਾ ਪੱਕਾ ਇਲਾਜ ਕੀਤਾ ਜਾਵੇ, ਸਗੋਂ ਉਨ੍ਹਾਂ ਗੱਦਾਰਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇ ਜੋ ਭਾਰਤ ਦਾ ਖਾਂਦੇ ਹਨ ਪਰ ਪਾਕਿਸਤਾਨ ਦੇ ਗੁਣ ਗਾਉਂਦੇ ਹਨ। ਉਹਨਾਂ ਕਿਹਾ ਕਿ ਅਜਿਹੀਆਂ ਵਾਰਦਾਤਾਂ ਨੂੰ ਸਥਾਨਕ ਸਮਰਥਨ ਤੋਂ ਬਿਨਾਂ ਕਦੇ ਵੀ ਅੰਜਾਮ ਨਹੀਂ ਦਿੱਤਾ ਜਾ ਸਕਦਾ। ਬੁਲਾਰਿਆਂ ਨੇ ਉਨ੍ਹਾਂ ਆਗੂਆਂ 'ਤੇ ਵੀ ਸ਼ਬਦੀ ਹਮਲਾ ਕੀਤਾ ਜਿਨ੍ਹਾਂ ਨੇ ਇਸ ਅਣਮਨੁੱਖੀ ਘਟਨਾ ਦੀ ਨਖੇਦੀ ਕਰਨ ਦੀ ਬਜਾਏ ਚੁੱਪ ਧਾਰ ਲਈ ਹੈ। ਸ਼ਿਵ ਸੈਨਾ ਆਗੂਆਂ ਨੇ 'ਮੋਦੀ ਸਰਕਾਰ ਕਦਮ ਵਧਾਓ, ਪਾਕਿ ਦਾ ਨਾਮੋ ਨਿਸ਼ਾਨ ਮਿਟਾਓ' ਦਾ ਨਾਅਰਾ ਵੀ ਲਗਾਇਆ। ਇਸ ਮੌਕੇ ਇੰਦਰਜੀਤ ਕਾਲੜਾ, ਰਮਨ ਛਾਬੜਾ, ਸਲੋਨੀ ਜੈਨ, ਮਨਦੀਪ ਕੌਰ, ਕੇਮਲ ਕਵਾਤਰਾ, ਪੰਕਜ ਚਾਵਲਾ, ਕੌਂਸਲਰ ਬੀਰਾ ਰਾਮ ਵਲਜੋਤ, ਲਵਨੀਸ਼ ਸ਼ਰਮਾ, ਸੰਜੀਵ ਘਈ, ਅੰਕੁਰ ਬੇਦੀ, ਰਮਨ ਸ਼ਰਮਾ, ਅਸ਼ੋਕ ਆਹੂਜਾ, ਬਾਰ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਰਵਿੰਦਰ ਸ਼ਰਮਾ (ਨੀਟਾ), ਸ਼ਮਸ਼ੇਰ ਬੀ.ਟੀ.ਯੂ., ਸ਼ਮਸ਼ੇਰ ਬੀ.ਟੀ. ਆਈ. ਯੂਨੀਅਨ ਦੇ ਪ੍ਰਧਾਨ ਧਰਮਿੰਦਰ, ਅਮਨ, ਹਰਵਿੰਦਰ, ਬਿੱਲਾ, ਸਤਿੰਦਰ ਸੈਣੀ, ਕਰਨ ਪੰਡਿਤ, ਸੰਜੀਵ ਘਈ, ਚੰਦਰ ਮੋਹਨ ਗੁਲਾਟੀ, ਬਿੱਟੂ ਭਮਰਾ, ਡੈਨੀ ਧੀਰ, ਰੁਪੇਸ਼ ਧੀਰ, ਪੁਨੀਤ, ਹੈਰੀ, ਦੀਪਾ, ਵਿਨੈ ਕੌਸ਼ਲ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਹੈ ਨੁਹਾਰ : ਚੇਅਰਮੈਨ ਰਾਕੇਸ਼ ਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਪਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ 23 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੁਲਾਰ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਕੇ ਸਿੱਖਿਆਂ ਦੇ ਖੇਤਰ ਵਿੱਚ ਕਾਂਤੀਕਾਰੀ ਤਬਦੀਲੀਆਂ ਲਿਆ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਨੇ ਜ਼ਿਲ੍ਹੇ ਦੇ ਪਿੰਡ ਚੁੱਘੇ ਖੁਰਦ ਦੇ ਸਰਕਾਰੀ ਹਾਈ ਸਕੂਲ ਵਿਖੇ “ਪੰਜਾਬ ਸਿੱਖਿਆ ਕ੍ਰਾਂਤੀ” ਦੇ ਮੱਦੇਨਜ਼ਰ ਕਰਵਾਏ ਗਏ ਸਮਾਗਮ ਮੌਕੇ ਸੰਬੋਧਨ ਕਰਦਿਆ ਕੀਤਾ।ਇਸ ਦੌਰਾਨ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਸਿੱਖਿਆ ਦੇ ਨਾਲ-ਨਾਲ ਸਵੈ-ਰੋਜ਼ਗਾਰ ਅਤੇ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ “ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ” ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਦਿੱਖ ਬਦਲਣ ਲਈ ਇਤਿਹਾਸਿਕ ਫ਼ੈਸਲੇ ਲਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ, ਜਿਸ ਦੇ ਅਧੀਨ ਨੌਜਵਾਨਾਂ ਲਈ ਪਿੰਡਾਂ/ਸ਼ਹਿਰਾਂ ਅੰਦਰ ਖੇਡ ਗਰਾਊਂਡ ਬਣਾਏ ਜਾ ਰਹੇ ਹਨ ਤਾਂ ਜੋ ਪੰਜਾਬ ਦੀ ਜਵਾਨੀ ਨਸ਼ੇ ਦੀ ਭੈੜੀ ਅਲਾਮਤ ਤੋਂ ਦੂਰ ਰਹਿ ਸਕੇ। ਇਸ ਦੌਰਾਨ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਵੱਲੋਂ ਜ਼ਿਲ੍ਹੇ ਦੇ ਪਿੰਡ ਚੁੱਘੇ ਖੁਰਦ ਤੋਂ ਇਲਾਵਾ ਚੁੱਘੇ ਕਲਾਂ ਅਤੇ ਸਰਦਾਰਗੜ੍ਹ ਵਿਖੇ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਵੀ ਕੀਤੇ ਗਏ।ਇਸ ਮੌਕੇ ਸਕੂਲਾਂ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੀਆਂ ਪੰਚਾਇਤਾਂ, ਸੀਨੀਅਰ ਆਪ ਆਗੂ ਜਸਵਿੰਦਰ ਸਿੰਘ ਸ਼ਿੰਦਾ ਨੰਦਗੜ੍ਹ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਪਿਛਲੇ ਸਾਲ ਦੇ ਮੁਕਾਬਲੇ ਹੁਣ ਤੱਕ ਕਰੀਬ 60 ਹਜ਼ਾਰ ਮੀਟਰਕ ਟਨ ਕਣਕ ਦੀ ਹੋਈ ਵੱਧ ਆਮਦ – ਡਿਪਟੀ ਕਮਿਸ਼ਨਰ

## *22 ਅਪ੍ਰੈਲ ਤੱਕ 3 ਲੱਖ 48 ਹਜ਼ਾਰ 082 ਮੀਟਰਕ ਟਨ ਕਣਕ ਮੰਡੀਆਂ ਵਿੱਚ ਪੁੱਜੀ ,, ਕਿਸਾਨਾਂ ਨੂੰ ਕੀਤੀ ਕਰੀਬ 646 ਕਰੋੜ ਰੁਪਏ ਦੀ ਅਦਾਇਗੀ ,,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com



ਮਾਨਸਾ, 23 ਅਪ੍ਰੈਲ :( ਆਤਮਾ ਸਿੰਘ ਪਮਾਰ)

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਕਣਕ ਦੀ ਆਮਦ ਵਿੱਚ 60 ਹਜ਼ਾਰ ਮੀਟਰਕ ਟਨ ਦਾ ਵਾਧਾ ਹੋਇਆ ਹੈ। ਮੰਡੀਆਂ ਵਿੱਚ ਜਿੱਥੇ ਕਿਸਾਨਾਂ ਨੂੰ ਸਮੇਂ ਸਿਰ ਲਿਫਟਿੰਗ ਕਰਕੇ ਅਦਾਇਗੀ ਕੀਤੀ ਜਾ ਰਹੀ ਹੈ, ਉੱਥੇ ਅਧਿਕਾਰੀਆਂ ਨੂੰ ਕੰਮ ਦੇ 'ਚ ਹੋਰ ਤੇਜ਼ੀ ਲਿਆਉਣ ਦੇ ਲਈ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮਾਨਸਾ ਕੁਲਵੰਤ ਸਿੰਘ ਆਈ.ਏ.ਐਸ. ਨੇ ਦੱਸਿਆ ਕਿ ਪਿਛਲੇ ਸਾਲ ਮਿਤੀ 22 ਅਪ੍ਰੈਲ 2024 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਅੰਦਰ 2 ਲੱਖ 88 ਹਜ਼ਾਰ 645 ਮੀਟਰਕ ਟਨ ਕਣਕ ਦੀ ਆਮਦ ਹੋਈ ਸੀ, ਉੱਥੇ 22 ਅਪ੍ਰੈਲ 2025 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਅੰਦਰ ਪਿਛਲੇ ਸਾਲ ਨਾਲੋਂ ਵੱਧਕੇ 3 ਲੱਖ 48 ਹਜ਼ਾਰ 082 ਮੀਟਰਕ ਟਨ ਕਣਕ ਮੰਡੀਆਂ ਵਿੱਚ ਪੁੱਜੀ ਹੈ, ਜੋ ਕਿ 60 ਹਜ਼ਾਰ ਮੀਟਰਕ ਟਨ ਵਾਧੂ ਹੈ। ਇਸ ਲਈ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਣਕ ਦੀ ਆਮਦ ਜ਼ਿਆਦਾ ਹੋਣ ਕਰਕੇ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਅੰਦਰ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 3 ਲੱਖ 13 ਹਜ਼ਾਰ 798 ਮੀਟਰਕ ਟਨ ਕਣਕ ਦੀ ਖਰੀਦ ਵੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਗਈ ਫਸਲ ਵਿੱਚੋਂ 1 ਲੱਖ 54 ਹਜ਼ਾਰ 640 ਮੀਟਰਕ ਟਨ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਅਤੇ ਕਿਸਾਨਾਂ ਨੂੰ ਕਰੀਬ 646 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਮੰਡੀਆਂ ਅੰਦਰ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਅਤੇ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਵੱਲੋਂ ਖੁਦ ਖਰੀਦ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲਿਆ ਜਾ ਰਿਹਾ ਹੈ। ਜੇਕਰ ਮੰਡੀਆਂ ਅੰਦਰ ਕਿਸੇ ਵੀ ਵਰਗ ਨੂੰ ਕੋਈ ਸਮੱਸਿਆ ਆਉਂਦੀ ਹੈ, ਤਾਂ ਉਸੇ ਸਮੇਂ ਰਾਬਤਾ ਕਰਕੇ ਸਮੱਸਿਆ ਦਾ ਸਮਾਧਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲਿਫਟਿੰਗ ਅਤੇ ਟਰਾਂਸਪੋਰਟ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਵੱਧ ਤੋਂ ਵੱਧ ਟਰੱਕਾਂ ਨੂੰ ਪਹਿਲ ਦੇ ਅਧਾਰ ਤੇ ਮੰਡੀਆਂ ਵਿੱਚ ਕਣਕ ਨੂੰ ਲਿਜਾਣ ਵਾਸਤੇ ਲਗਾਇਆ ਗਿਆ ਹੈ, ਤਾਂ ਜੋ ਕਿਸੇ ਤਰ੍ਹਾਂ ਨਾਲ ਕੰਮ ਵਿੱਚ ਕੋਈ ਵਿਘਨ ਨਾ ਪਵੇ ਅਤੇ ਨਾਲੋਂ ਨਾਲ ਕਣਕ ਦੀ ਆਮਦ, ਖਰੀਦ ਅਤੇ ਲਿਫਟਿੰਗ ਕਰਵਾਈ ਜਾ ਸਕੇ।

# ਸਿਹਤ ਕਰਮਚਾਰੀਆਂ ਨੇ ਪਿੰਡ ਝਾੜੋਂ ਤੇ ਸ਼ਾਹਪੁਰ ਵਿਖੇ ਅਧਿਆਪਕਾਂ ਨੂੰ ਡੇਂਗੂ ਅਵੇਅਰਨੈਸ ਤਹਿਤ ਟ੍ਰੇਨਿੰਗ ਦਿੱਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com



ਲੌਂਗੋਵਾਲ, 23 ਅਪ੍ਰੈਲ (ਜਗਸੀਰ ਸਿੰਘ)- ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇ ਦਿਸਾ. ਨਿਰਦੇਸ ਅਨੁਸਾਰ ਅਤੇ ਐਸ. ਆਈ.ਚੰਦਰ ਗੋਇਲ ਦੀ ਅਗਵਾਈ ਵਿੱਚ ਝਾੜੋਂ ਅਤੇ ਸਾਹਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਟੀਚਰ ਸਾਹਿਬਾਨ ਨੂੰ ਡੇਂਗੂ ਅਵੇਅਰਨੈਸ ਤਹਿਤ ਟ੍ਰੇਨਿੰਗ ਦਿੱਤੀ ਗਈ।

ਇਸ ਟ੍ਰੇਨਿੰਗ ਵਿੱਚ ਸਿਹਤ ਵਿਭਾਗ ਕਰਮਚਾਰੀ ਬਿਕਰਮਜੀਤ ਸਿੰਘ ਬੀਰ ਕਲਾ ਅਤੇ ਪਰਕਾਸ਼ ਸਿੰਘ ਤੋਲਾਵਾਲ ਵਲੋਂ ਅਧਿਆਪਕ ਸਹਿਬਾਨ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿੱਪਟੀ ਨਾਮੀਂ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਆਮ ਤੌਰ 'ਤੇ ਬਰਸਾਤ ਦੇ ਮੌਸਮ ਦੌਰਾਨ ਅਤੇ ਘਰਾਂ ਵਿੱਚ ਪਾਣੀ ਦੇ ਜਮਾਂ ਹੋਣ ਕਾਰਨ ਮੱਛਰ ਪੈਦਾ ਹੋ ਜਾਂਦੇ ਹਨ, ਜੋ ਸਵੇਰੇ ਅਤੇ ਸ਼ਾਮ ਵੇਲੇ ਕੱਟਦੇ ਹਨ। ਇਨ੍ਹਾਂ ਕਾਰਨ ਹੋਇਆ ਬੁਖਾਰ ਸਰੀਰ ਵਿੱਚ ਪਲੇਟਲੈੱਟ ਸੈਲਾਂ ਨੂੰ ਘਟਾ ਦਿੰਦਾ ਹੈ ਅਤੇ ਇਸ ਵਿੱਚ ਤੇਜ ਬੁਖ਼ਾਰ, ਮਾਸਪੇਸ਼ੀਆਂ ਵਿਚ ਦਰਦ , ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜਿਆਂ ਵਿਚੋਂ ਖ਼ੂਨ ਆਉਣਾ ਇਸ ਦੇ ਲਛੱਣ ਹਨ। ਅਜਿਹੇ ਲੱਛਣ ਦਿਖਣ ਤੇ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸਪੰਰਕ ਕੀਤਾ ਜਾਵੇ।

ਡੇਂਗੂ ਤੋਂ ਬਚਾਅ ਲਈ:- ਕੂਲਰਾਂ, ਗਮਲੇ ਅਤੇ ਫ਼ਰਿਜ ਟਰਿਆਂ ਵਿਚ ਖੜੇ ਪਾਣੀ ਨੂੰ ਹਫ਼ਤੇ ਵਿਚ ਇੱਕ ਵਾਰ ਜਰੂਰ ਸਾਫ਼ ਕਰੋ। ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤਹਾਨੂੰ ਮੱਛਰ ਨਾ ਕੱਟ ਸਕੇ। ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਵਰਤੋਂ। ਬੁਖਾਰ ਹੋਣ ਤੇ ਸਿਰਫ ਪੈਰਾਸੀਟਾਮੋਲ ਹੀ ਲਵੋ। ਬੁਖਾਰ ਹੋਣ ਤੇ ਅਸਪ੍ਰੀਨ ਤੇ ਬਰੂਫਿਨ ਗੋਲੀ ਨਾ ਲਵੋ। ਛੱਤ ਤੇ ਰੱਖੀਆਂ ਟੈਂਕੀਆਂ ਦੇ ਢੱਕਣ ਚੰਗੀ ਤਰਾਂ ਬੰਦ ਕਰ ਕੇ ਰੱਖੋ। ਟੁਟੇ ਬਰਤਨ, ਡਰਮ, ਟਾਇਰ ਆਦਿ ਨੂੰ ਖੁਲੇ ਵਿਚ ਨਾ ਰੱਖੋ ਤਾਂ ਜੋ ਬਰਸਾਤੀ ਪਾਣੀ ਜਮਾ ਨਾ ਹੋ ਜਾਵੇ। ਪਾਣੀ ਤੇ ਤਰਲ ਚੀਜ਼ਾਂ ਜ਼ਿਆਦਾ ਪੀਓ ਅਤੇ ਅਰਾਮ ਕਰੋ ਤਾਂ ਜੋ ਡੇਂਗੂ ਬੁਖਾਰ ਤੋਂ ਬਚਿਆ ਜਾ ਸਕੇ।ਡੇਂਗੂ ਆਵੇਰਨੈੱਸ ਦੇ ਪੋਸਟਰ ਵੀ ਵੰਡੇ ਗਏ। ਅਧਿਆਪਕ ਸਹਿਬਾਨ ਨੂੰ ਇਹ ਜਾਣਕਾਰੀ ਆਪਣੇ ਸਕੂਲੀ ਬੱਚਿਆਂ ਨੂੰ ਦੇਣ ਲਈ ਕਿਹਾ ਗਿਆ।

ਇਸ ਟ੍ਰੇਨਿੰਗ ਵਿੱਚ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਪੂਰਨ ਸਹਿਯੋਗ ਦਿੱਤਾ।

# ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵਿਖੇ ਤੀਸਰਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 23 ਅਪ੍ਰੈਲ ( ਤਰਸੇਮ ਦੀਵਾਨਾ ) ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਦਰਸ਼ ਨਗਰ ਮੁਕੇਰੀਆਂ ਵਿਖੇ ਤੀਸਰਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਦੱਸਿਆ ਕਿ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੇਵਾ ਸੁਸਾਇਟੀ ਮੁਕੇਰੀਆਂ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਤੀਸਰਾ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਦਰਸ਼ ਨਗਰ ਮੁਕੇਰੀਆਂ ਵਿਖੇ ਸ਼ਾਮ 7 ਤੋਂ ਰਾਤ 10 ਵਜੇ ਤੱਕ ਕਰਵਾਇਆ ਗਿਆ। ਜਿਸ ਵਿੱਚ ਪੰਥ ਦਾ ਮਹਾਨ ਢਾਡੀ ਜਥਾ ਬੀਬੀ ਦਲੇਰ ਕੌਰ ਖਾਲਸਾ, ਕੀਰਤਨੀ ਜਥਾ ਭਾਈ ਸੁਖਵਿੰਦਰ ਸਿੰਘ , ਕਥਾਵਾਚਕ ਭਾਈ ਤਰਨਜੀਤ ਸਿੰਘ ਵੱਲੋਂ ਗੁਰਬਾਣੀ ਦੇ ਰਸਭਿੰਨੇ ਕੀਰਤਨ, ਢਾਡੀ ਵਾਰਾਂ ਅਤੇ ਗੁਰਮਤਿ ਕਥਾ ਵਿਚਾਰਾਂ ਨਾਲ ਸੰਗਤਾਂ ਨਿਹਾਲ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੇਵਾ ਸੁਸਾਇਟੀ ਮੁਕੇਰੀਆਂ ਤੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਵਲੋਂ ਪੰਥ ਦਾ ਮਹਾਨ ਢਾਡੀ ਜਥਾ ਬੀਬੀ ਦਲੇਰ ਕੌਰ ਖਾਲਸਾ, ਕੀਰਤਨੀਏ ਜਥਾ ਭਾਈ ਸੁਖਵਿੰਦਰ ਸਿੰਘ ਜੀ , ਕਥਾਵਾਚਕ ਭਾਈ ਤਰਨਜੀਤ ਸਿੰਘ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ

# ਸਰਕਾਰੀ ਸਕੂਲਜ਼ ਲੈਬਾਰਟਰੀ ਸਟਾਫ਼ ਯੂਨੀਅਨ ਜਿਲਾ ਜਲੰਧਰ ਇਕਾਈ ਦੀ ਹੋਈ ਚੋਣ

## *ਸ੍ਰੀ ਅਨਿਲ ਕੁਮਾਰ ਲਗਾਤਾਰ 5ਵੀਂ ਵਾਰ ਚੁਣੇ ਗਏ ਪ੍ਰਧਾਨ*

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com



ਫਿ ਲੌ ਰ / ਅੱ ਪ ਰਾ (ਦੀਪਾ)-ਅੱਜ ਸਰਕਾਰੀ ਸਕੂਲਜ਼ ਲੈਬਾਰਟਰੀ ਸਟਾਫ਼ ਯੂਨੀਅਨ ਪੰਜਾਬ ਦੀ ਜਿਲਾ ਜਲੰਧਰ ਇਕਾਈ ਦੀ ਚੋਣ ਸ੍ਰੀ ਨਿਰੰਜਣਜੋਤ ਚਾਂਦਪੁਰੀ (ਆਬਜ਼ਰਵਰ 11 ਮੈਂਬਰੀ ਕਮੇਟੀ) ਦੀ ਅਗਵਾਈ ਹੇਠ ਹੋਈ | ਇਸ ਮੌਕੇ ਹੋਈ ਚੋਣ ਦੌਰਾਨ ਜਿਲਾ ਜਲੰਧਰ ਦੇ ਸਮੂਹ ਐੱਮ. ਐੱਲ. ਏ ਸਾਥੀਆਂ ਨੇ ਭਾਗ ਲਿਆ ਤੇ ਸਾਰੇ ਅਹੁਦੇਦਾਰ ਸਰਬਸੰਮਤੀ ਨਾਲ ਚੁਣੇ ਗਏ | ਇਸ ਮੌਕੇ ਸ੍ਰੀ ਅਨਿਲ ਕੁਮਾਰ ਲਗਾਤਾਰ 5ਵੀਂ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ | ਜਦਕਿ ਸੁਖਵਿੰਦਰ ਸਿੰਘ ਜਨਰਲ ਸਕੱਤਰ, ਕਰਨ ਕੁਮਾਰ ਸੀਨੀਅਰ ਮੀਤ ਪ੍ਰਧਾਨ, ਵਿਨੈ ਕੁਮਾਰ ਮੀਤ ਪ੍ਰਧਾਨ, ਰਾਕੇਸ਼ ਕੁਮਾਰ ਮੀਤ ਪ੍ਰਧਾਨ, ਸ੍ਰੀਮਤੀ ਇੰਦੂ ਸ਼ਰਮਾ ਵਿੱਤ ਸਕੱਤਰ, ਆਸ਼ੂ ਮਹਿੰਦਰੂ ਪ੍ਰੈੱਸ ਸਕੱਤਰ, ਵਿਜੈ ਕੁਮਾਰ ਸੰਯੁਕਤ ਸਕੱਤਰ ਤੇ ਸ੍ਰੀਮਤੀ ਕਮਲਪ੍ਰੀਤ ਕੌਰ, ਇਰਫਾਨ ਖਾਨ, ਕਪਿਲ ਕੁਮਾਰ, ਦਵਿੰਦਰ ਕੁਮਾਰ ਮੋਤਾ ਸਿੰਘ, ਤਜਿੰਦਰ ਕੁਮਾਰ, ਪ੍ਰਭਜੋਤ ਸਿੰਘ ਤੇ ਬਲਜਿੰਦਰ ਕੁਮਾਰ ਜਿਲਾ ਕਮੇਟੀ ਮੈਂਬਰ ਚੁਣੇ ਗਏ | ਇਸ ਮੌਕੇ ਨਵੇਂ ਚੁਣੇ ਗਏ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਸਰਕਾਰੀ ਸਕੂਲਜ਼ ਲੈਬਾਰਟਰੀ ਸਟਾਫ਼ ਯੂਨੀਅਨ ਦੇ ਹੱਕਾਂ-ਹਕੂਕਾਂ ਲਈ ਲੜਦੇ ਰਹਿਣਗੇ

# ਵਿਸ਼ਵ ਪੁਸਤਕ ਦਿਵਸ ਮੌਕੇ ਵਿਦਿਆਰਥੀਆਂ ਨੂੰ ਪੁਸਤਕਾਂ ਦੀ ਮਹੱਤਤਾ ਬਾਰੇ ਸਮਝਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਅਪਰੈਲ INTERNATIONAL PAPER, 94636 01616 hardipchumber57@gmail.com



ਸ੍ਰੀ ਅਨੰਦਪੁਰ ਸਾਹਿਬ

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੇ ਦੌਰਾਨ ਵਿਸ਼ਵ ਪੁਸਤਕ ਦਿਵਸ ਦੇ ਮੌਕੇ 'ਤੇ " ਪੁਸਤਕਾਂ ਦੀ ਜ਼ਿੰਦਗੀ ਵਿੱਚ ਮਹੱਤਤਾ " ਦੇ ਬਾਰੇ ਸਮਝਾਇਆ ਅਤੇ ਵਿਸਤਾਰਪੂਰਵਕ ਦੱਸਿਆ ਕਿ ਕਿਸ ਤਰ੍ਹਾਂ ਪੁਸਤਕਾਂ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ , ਸਾਨੂੰ ਦੇਸ਼ - ਕਾਲ ਦਾ ਗਿਆਨ ਦਿੰਦੀਆਂ ਹਨ , ਸਾਡੀ ਸ਼ਬਦਾਵਲੀ ਵਿੱਚ ਵਾਧਾ ਕਰਦੀਆਂ ਹਨ ਅਤੇ ਨਵੀਂ ਜੀਵਨ - ਜਾਂਚ ਸਿਖਾਉਂਦੀਆਂ ਹਨ। ਉਹਨਾਂ ਨੇ ਆਪਣੀ ਖੁਦ ਦੀ ਜ਼ਿੰਦਗੀ ਬਾਰੇ ਵੀ ਦੱਸਦਿਆਂ ਕਿਹਾ ਕਿ ਕਿਸ ਤਰ੍ਹਾਂ ਇੱਕ ਪੁਸਤਕ ਨੇ ਉਹਨਾਂ ਦੀ ਜ਼ਿੰਦਗੀ ਵਿੱਚ ਤਬਦੀਲੀ ਲੈ ਆਉਂਦੀ। ਇਸ ਮੌਕੇ ਅਮਨਪ੍ਰੀਤ ਕੌਰ ਤੇ ਅਮਨਦੀਪ ਸਿੰਘ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ "ਇਕੁਐਲਿਟੀ ਐਂਡ ਜਸਟਿਸ" ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੁੱਗਲ ਪੇ ਨੰਬਰ ਅਤੇ ਬੈਂਕ ਅਕਾਊਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – "ਇਕੁਐਲਿਟੀ ਐਂਡ ਜਸਟਿਸ" - Whats app 91-94636-01616.

Email-hardipchumber57@gmail.com -

(Google pay- 91-9780634849)

UPI ID: aekanshchumber@oksbi >

Scan this code to pay me

HARDIP SINGH SATE BANK OF INDIA

ACCT NO-10566643658 . IFSC- SBIN0050773

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੀਆਂ ਵੱਖ-ਵੱਖ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ ਵੰਡੇ 1.26 ਕਰੋੜ ਰੁਪਏ ਦੇ ਚੈੱਕ

"Equality and justice"
Patiala 23 April
INTERNATIONAL PAPER, 9463601616
hardipchumber57@gmail.com



ਸੁਨਾਮ ਊਧਮ ਸਿੰਘ ਵਾਲਾ, 23 ਅਪ੍ਰੈਲ (ਜਗਸੀਰ ਲੌਂਗੋਵਾਲ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਹਰ ਪੱਖੋਂ ਬਿਹਤਰ ਬਣਾਉਣ ਦੀ ਵਚਨਬੱਧਤਾ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੀਆਂ ਵੱਖ-ਵੱਖ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ 1 ਕਰੋੜ 26 ਲੱਖ ਰੁਪਏ ਦੇ ਚੈੱਕ ਤਕਸੀਮ ਕੀਤੇ। ਇਨ੍ਹਾਂ ਸੰਸਥਾਵਾਂ ਵਿੱਚ ਨਗਰ ਕੌਂਸਲਾਂ, ਪਿੰਡਾਂ ਦੀਆਂ ਪੰਚਾਇਤਾਂ, ਸਮਾਜਸੇਵੀ ਸੰਸਥਾਵਾਂ ਅਤੇ ਕਮੇਟੀਆਂ ਸ਼ਾਮਲ ਹਨ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਹਰ ਲੋੜੀਂਦਾ ਕਦਮ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਵਾਇਦ ਤਹਿਤ ਸੁਨਾਮ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਦੀ ਸਲਾਹ ਨਾਲ ਵਿਕਾਸ ਪ੍ਰੋਜੈਕਟ ਉਲੀਕੇ ਜਾ ਰਹੇ ਹਨ ਜਿਨ੍ਹਾਂ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਉਣਾ ਯਕੀਨੀ ਬਣਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਲਈ ਫ਼ੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸੁਨਾਮ ਹਲਕੇ ਨੂੰ ਨਮੂਨੇ ਦਾ ਸ਼ਹਿਰ ਬਣਾਉਂਦੇ ਹੋਏ ਦੇਸ਼ ਦੇ ਮੂਹਰਲੀ ਕਤਾਰ ਦੇ ਸ਼ਹਿਰਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਾ ਕੇਵਲ ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਬਲਕਿ ਪੂਰੇ ਹਲਕਾ ਸੁਨਾਮ ਦੇ ਪਿੰਡਾਂ, ਕਸਬਿਆਂ ਅਤੇ ਹੋਰ ਸ਼ਹਿਰਾਂ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ ਜਿਸ ਨਾਲ ਇਲਾਕੇ ਦੀ ਨੁਹਾਰ ਵਿੱਚ ਵੱਡੇ ਬਦਲਾਅ ਹੋ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਵੱਲੋਂ ਹਲਕਾ ਸੁਨਾਮ ਨੂੰ ਵੱਡੀ ਗਿਣਤੀ 'ਚ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਹ ਖੁਦ ਇਹਨਾਂ ਵਿਕਾਸ ਕਾਰਜਾਂ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਕਰਵਾਉਣ ਲਈ ਹਰ ਇਕ ਪ੍ਰੋਜੈਕਟ ਦੀ ਨਿਗਰਾਨੀ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ. ਸੁਨਾਮ ਊਧਮ ਸਿੰਘ ਵਾਲਾ ਪ੍ਰਮੋਦ ਸਿੰਗਲਾ, ਬੀ.ਡੀ.ਪੀ.ਓ. ਸੰਜੀਵ ਕੁਮਾਰ, ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ, ਡੀ.ਐਸ.ਪੀ. ਹਰਵਿੰਦਰ ਸਿੰਘ ਖਹਿਰਾ, ਈ.ਓ. ਬਾਲਕ੍ਰਿਸ਼ਨ, ਚੇਅਰਮੈਨ ਮਾਰਕਿਟ ਕਮੇਟੀ ਮੁਕੇਸ਼ ਜੁਨੇਜਾ, ਜਤਿੰਦਰ ਜੈਨ, ਸੰਜੀਵ ਕੁਮਾਰ ਸੰਜੂ ਪੀਏ, ਡਾ ਅਮ੍ਰਿਤ ਸਿੱਧੂ ਓਐਸਡੀ ਬਲਵਿੰਦਰ ਢਿੱਲੋਂ, ਸੁਰਜੀਤ ਸਰਪੰਚ, ਮਨਦੀਪ ਈਲਵਾਲ, ਗੁਰਿੰਦਰਪਾਲ ਸਿੰਘ, ਸੁੱਖ ਸਾਹੋਕੇ, ਦੀਪ ਸਰਪੰਚ, ਸਾਹਿਬ ਸਿੰਘ, ਰਵੀ ਕਮਲ ਗੋਇਲ, ਮਨੀ ਸਰਾਓ, ਕੁਲਵੀਰ ਭੰਗੂ, ਚਮਕੌਰ ਹਾਂਡਾ, ਅਵਤਾਰ ਸਿੰਘ ਉਭਾਵਾਲ, ਲੱਖੀ ਐਮ.ਸੀ. ਚੀਮਾ, ਤਰਲੋਚਨ ਗੋਇਲ ਸਮੇਤ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅਨਾਜ ਮੰਡੀ ਸੰਗਰੂਰ 'ਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

"Equality and justice"
Patiala 23 April
INTERNATIONAL PAPER, 9463601616
hardipchumber57@gmail.com



ਸੰਗਰੂਰ, 23 ਅਪ੍ਰੈਲ (ਜਗਸੀਰ ਲੌਂਗੋਵਾਲ)- ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਅਨਾਜ ਮੰਡੀ ਸੰਗਰੂਰ ਦਾ ਦੌਰਾ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਣਕ ਦੇ ਸਮੁੱਚੇ ਸੀਜ਼ਨ ਨੂੰ ਨਿਰਵਿਘਨ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਵਜੋਂ ਉਹ ਰੋਜ਼ਾਨਾ ਰਾਜ ਦੇ ਦੋ ਤਿੰਨ ਜ਼ਿਲ੍ਹਿਆਂ ਦਾ ਖੁਦ ਦੌਰਾ ਕਰਕੇ ਜ਼ਮੀਨੀ ਪੱਧਰ 'ਤੇ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਸਰਵੋਤਮ ਪ੍ਰਬੰਧਾਂ ਕਾਰਨ ਅਨਾਜ ਮੰਡੀਆਂ ਵਿੱਚ ਆਉਣ ਵਾਲੇ ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕ ਦੇਖੀ ਜਾ ਸਕਦੀ ਹੈ ਕਿਉਂਕਿ ਕਿਸਾਨਾਂ ਦੀਆਂ ਦੋਵੇਂ ਪ੍ਰਮੁੱਖ ਲੋੜਾਂ, ਜੋ ਕਿ ਸਮੇ ਸਿਰ ਜਿਣਸ ਦੀ ਖਰੀਦ ਅਤੇ ਖਰੀਦੀ ਹੋਈ ਫਸਲ ਦੀ ਛੇਤੀ ਤੋਂ ਛੇਤੀ ਅਦਾਇਗੀ ਹੁੰਦੀਆਂ ਹਨ, ਨੂੰ ਪੂਰਾ ਕਰਨ ਵਿੱਚ ਮਾਨ ਸਰਕਾਰ ਸਫ਼ਲ ਸਾਬਤ ਹੋ ਰਹੀ ਹੈ। ਕੈਬਨਿਟ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਹੁਣ ਤੱਕ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਲਗਭਗ 60 ਲੱਖ ਮੀਟਰਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਜਿਸ ਵਿੱਚੋਂ 54 ਲੱਖ ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖਰੀਦੀ ਹੋਈ 54 ਲੱਖ ਮੀਟਰਕ ਟਨ ਕਣਕ ਦੀ ਅਦਾਇਗੀ ਵਜੋਂ ਲਗਭਗ 8 ਹਜ਼ਾਰ ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤੇ ਗਏ ਹਨ ਜਿਸ ਨਾਲ ਕਿਸਾਨ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਸ਼੍ਰੀ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਦੇ 1864 ਖਰੀਦ ਕੇਂਦਰਾਂ ਵਿੱਚ ਹੁਣ ਤੱਕ ਲਗਭਗ ਢਾਈ ਲੱਖ ਕਿਸਾਨ ਆਪਣੀ ਜਿਣਸ ਲਿਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਪੂਲ ਵਿੱਚ ਪੰਜਾਬ ਨੂੰ ਮਿਲੇ 124 ਲੱਖ ਮੀਟਰਕ ਟਨ ਦੇ ਟੀਚੇ ਨੂੰ ਪੂਰਾ ਕਰਨ ਲਈ ਅਸੀਂ ਪੱਬਾਂ ਭਾਰ ਹਾਂ ਅਤੇ ਸੂਬੇ ਵਿੱਚ ਹੋ ਰਹੀ ਕਣਕ ਦੀ ਬੰਪਰ ਫਸਲ ਨਾਲ ਕਿਸਾਨਾਂ ਨੂੰ ਵੀ ਵੱਡਾ ਆਰਥਿਕ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਅਨਾਜ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ, ਟਰਾਂਸਪੋਰਟਰਾਂ ਸਮੇਤ ਹੋਰ ਸਬੰਧਤ ਵਰਗਾਂ ਨੂੰ ਪੂਰੇ ਸੀਜ਼ਨ ਦੌਰਾਨ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜਿਥੇ ਇੱਕ ਕਿਸਾਨ ਦੀ ਢੇਰੀ ਦੀ ਸਰਕਾਰੀ ਬੋਲੀ ਕਰਵਾਉਂਦੇ ਹੋਏ ਉਸ ਦਾ ਮੂੰਹ ਮਿੱਠਾ ਕਰਵਾਇਆ ਉਥੇ ਹੀ ਮੰਡੀ ਵਿੱਚ ਮੌਜੂਦ ਮਜ਼ਦੂਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਲੋਡਿੰਗ ਦਾ ਕੰਮਕਾਰ ਕਰਨ ਵਾਲੇ ਮਜ਼ਦੂਰਾਂ ਦੀ ਮਜ਼ਦੂਰੀ ਦਰ ਵਧਾ ਕੇ 2.64 ਰੁਪਏ ਪ੍ਰਤੀ ਬੋਰੀ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇੱਕ ਸਾਲ ਪਹਿਲਾਂ ਤੱਕ ਮਜ਼ਦੂਰਾਂ ਨੂੰ ਪ੍ਰਤੀ ਬੋਰੀ 1.80 ਰੁਪਏ ਮਿਲਦੇ ਸਨ ਜਿਸ ਨੂੰ 41 ਪੈਸੇ ਵਧਾ ਕੇ 2.21 ਕਰ ਦਿੱਤਾ ਗਿਆ ਸੀ ਅਤੇ ਹੁਣ ਮਜ਼ਦੂਰੀ ਦਰਾਂ ਵਿੱਚ 43 ਪੈਸੇ ਦਾ ਹੋਰ ਵਾਧਾ ਕਰਨ ਦੇ ਨਾਲ ਇੱਕ ਸਾਲ ਦੇ ਅੰਦਰ ਅੰਦਰ ਮਜ਼ਦੂਰੀ ਦਰਾਂ ਵਿੱਚ ਕੁਲ 84 ਪੈਸੇ ਦਾ ਵਾਧਾ ਕੀਤਾ ਗਿਆ ਹੈ ਜਿਸ ਨਾਲ ਮਜ਼ਦੂਰਾਂ ਨੂੰ ਇੱਕ ਸਾਲ ਵਿੱਚ 10 ਕਰੋੜ ਰੁਪਏ ਦਾ ਲਾਭ ਹੋਵੇਗਾ। ਕੈਬਨਿਟ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਕਿਸਾਨਾਂ ਅਤੇ ਉਨ੍ਹਾਂ ਦੀ ਜਿਣਸ ਦੀ ਸੁਰੱਖਿਆ ਕਰਨਾ ਮਾਨ ਸਰਕਾਰ ਦਾ ਫਰਜ਼ ਹੈ ਜਿਸ ਦੇ ਚਲਦਿਆਂ ਕਣਕ ਦੀ ਵੱਧ ਤੁਲਾਈ ਦੇ ਸਾਹਮਣੇ ਆਏ ਮਾਮਲਿਆਂ ਵਿੱਚ ਸਬੰਧਤ ਵਿਅਕਤੀਆਂ ਖਿਲਾਫ਼ ਤੁਰੰਤ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਨਰਿੰਦਰ ਕੌਰ ਭਰਾਜ, ਐਸਡੀਐਮ ਚਰਨਜੋਤ ਸਿੰਘ ਵਾਲੀਆ, ਚੇਅਰਮੈਨ ਮਾਰਕੀਟ ਕਮੇਟੀ ਸੰਗਰੂਰ ਅਵਤਾਰ ਸਿੰਘ ਈਲਵਾਲ, ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ, ਚੇਅਰਮੈਨ ਮਾਰਕੀਟ ਕਮੇਟੀ ਧੂਰੀ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਮਾਰਕੀਟ ਕਮੇਟੀ ਸ਼ੇਰਪੁਰ ਰਾਜਵਿੰਦਰ ਸਿੰਘ, ਡੀਐਫਐਸਸੀ ਗੁਰਪ੍ਰੀਤ ਸਿੰਘ ਕੰਗ ਸਮੇਤ ਹੋਰ ਅਧਿਕਾਰੀ ਅਤੇ ਆਗੂ ਵੀ ਹਾਜ਼ਰ ਸਨ।

# In the recount of votes of village Burj Hari Sarpanch, Sukhjit Kaur also won by 5 votes.

## Democracy and villager unity have triumphed-Nirveer Burj Hari, MLA denies any interference

"Equality and justice"
Patiala 23 April
INTERNATIONAL PAPER, 9463601616
hardipchumber57@gmail.com

Mansa (Dr. Sandeep Ghand) Although it has been 6 months since the Sarpanch elections were held, where the government could not appoint its own Sarpanch, plans to appoint its own continued, be it in the village of Bajewala or Burj Hari.

In the village Burj Hari panchayat election, the votes were counted repeatedly due to the small margin of votes. Finally, on the day of the election, when no decision was made after counting five times, Shiromani Akali Dal candidate Sukhjit Kaur had to be declared the winner. The margin of votes was 8 votes, so if the margin had been more, it would have been more, but this margin could not have been reduced at any cost.

But still the defeated candidate was hopeful that something would happen due to the relationship with the MLA. The candidate's close relative was the MLA's PA. Finally, a petition was filed with the District Election Officer and a re-counting order was taken. As soon as the re-counting order was issued, the villagers were now convinced that the MLA's PA would use his influence and influence to do something. But the main channels of social media and the village council did not let anything go wrong and the difference was reduced to 5 votes but Jaitu Sukhjit Kaur remained the winner.

During the election of the Sarpanch of Burj Hari village (Mansa constituency), the administration and the local MLA were in a state of shock. For the last three days, the bullying being done by Mansa MLA Dr. Vijay Singla and his PA Gurlal Singh with the help of the administration was being mentioned on social media. Finally, the MLA, candidate and PA had to face humiliation.

Nirvair Singh Burj Hari, a relative of Sukhjit Kaur, who is contesting the Sarpanch election, and a senior leader of the Shiromani Akali Dal, said that the local MLA's PA Gurlal Singh (who is a resident of his village) wanted to make his relative the Sarpanch on the MLA's orders. Nirvair Singh said that first his wife's papers were cancelled. A false case of theft of mulberry was filed against her and she was sent to jail. While the mulberry is still there. Later, when the entire village supported Sukhjit Kaur, she managed to become the Sarpanch despite the bullying.

On the other hand, MLA Dr. Vijay Singla says that the opposition is deliberately trying to defame him. Since the margin of winning votes is small, it is the candidate's right to have a recount and he did not interfere in any way.

The winning Sarpanch Sukhjit Kaur



says that due to the unity of the people of the village and the transparent role played by the media, the MLA or the administration was able to bring the difference in votes to 5, but still they had to eat their fill. The entire village congratulated the winning Sarpanch Sukhjot Kaur and appealed to both the parties to maintain communal harmony in the village. On the other hand, it is also a matter of discussion among the people that the opposition candidate first contested the Sarpanch election from the Akali Dal, then the next time from the Congress and now from the Aam Aadmi Party, but he did not even have the courage to change the party. Now, due to not winning, which way he goes, time will tell.

# ਅੱਪਰਾ ਦੇ ਸਰਪੰਚ ਵਿਨੈ ਅੱਪਰਾ ਨੇ ਆਪਣੀ ਧੀ ਦੇ ਜਨਮ ਦਿਨ 'ਤੇ ਪੰਚਾਇਤ ਨੂੰ ਭੇਂਟ ਕੀਤੇ 11000 ਰੁਪਏ

"Equality and justice"
Patiala 23 April
INTERNATIONAL PAPER, 9463601616
hardipchumber57@gmail.com

ਫਿਲੌਰ/ਅੱਪਰਾ (ਦੀਪਾ)- ਅੱਪਰਾ ਦੇ ਸਰਪੰਚ ਵਿਨੈ ਕੁਮਾਰ ਬੰਗੜ ਨੇ ਆਪਣੀ ਧੀ ਅਮਾਇਰਾ ਬੰਗੜ ਦੇ 5ਵੇਂ ਜਨਮ ਦਿਨ 'ਤੇ ਅੱਪਰਾ ਦੀ ਪੰਚਾਇਤ ਦੇ ਵਾਟਰ ਸਪਲਾਈ ਵਿਭਾਗ ਨੂੰ 11000



ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ | ਇਸ ਮੌਕੇ ਬੋਲਦਿਆਂ ਸਰਪੰਚ ਵਿਨੈ ਕੁਮਾਰ ਬੰਗੜ ਨੇ ਕਿਹਾ ਕਿ ਗੁਰੂ ਸਾਹਿਬਾਨਾਂ ਦੇ ਫਲਸਫ਼ੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਿਤ ਮਹਤੁ' ਤਹਿਤ ਪਾਣੀ ਦਾ ਸਾਡੇ ਜੀਵਨ 'ਚ ਬਹੁਤ ਵੱਡਾ ਹੱਥ ਹੈ, ਭਾਵ ਪਾਣੀ ਹੀ ਜੀਵਨ ਹੈ | ਅੱਪਰਾ ਵਾਸੀਆਂ ਨੂੰ ਹਰ ਸਮੇਂ ਪੀਣ ਯੋਗ ਸ਼ੁੱਧ ਪਾਣੀ ਦੀ ਜਰੂਰਤ ਹੈ | ਇਸ ਲਈ ਅਸੀਂ ਇਹ ਸਹਾਇਤਾ ਰਾਸ਼ੀ ਅੱਪਰਾ ਦੇ ਵਾਟਰ ਸਪਲਾਈ ਵਿਭਾਗ ਨੂੰ ਭੇਂਟ ਕਰ ਰਹੇ ਹਾਂ, ਕਿਉਂਕਿ ਤਿਣਕਾ ਤਿਣਕਾ ਕਰਕੇ ਹੀ ਘੜਾ ਭਰਦਾ ਹੈ | ਇਸ ਮੌਕੇ ਮੋਹਣ ਲਾਲ ਪੰਚ, ਸੋਨੂੰ ਇਟਲੀ ਸਾਬਕਾ ਪੰਚ, ਰੂਪ ਲਾਲ ਬੰਗੜ ਪੰਚ, ਬਾਸ਼ਾ ਪੰਚ, ਕ੍ਰਿਸ਼ਨ ਲਾਲ ਰਾਮੂ ਤੇ ਬਿੰਦੂ ਟੈਂਕੀ ਆਪ੍ਰੇਟਰ ਵੀ ਹਾਜ਼ਰ ਸਨ

"समानता और न्याय"
पटियाला 23 अप्रैल
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

बाबा साहेब कहते हैं

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## कल के लेख का शेष भाग

शील और नैष्कर्म का परस्पर संबंध है। संकटग्रस्त लोगों को बचाने के लिए प्रयत्नों की शिकस्त करने को दान पारमिता कहते हैं। लोगों के कल्याण के काम उत्साह के साथ और तत्परता से



करने को वीर्य पारमिता कहते हैं। क्रोध अपने आप आता है लेकिन क्षमा का गुण कोशिश कर प्राप्त करना पड़ता है। सत्य न हो तो लाचारी और चापलूसी की मानसिकता बनती है। अधिष्ठान यानी दृढ़निश्चय। जिस प्रकार बड़े मामलों में रखा जाता है उसी प्रकार छोटे-छोटे मामलों में भी उसे रखना चाहिए। सब पर एक-सा प्रेम करने को मित्रता और शुभ कार्य में रुकावट पैदा न करने को उपेक्षा पारमिता करते हैं।

पंचशील, आर्य अष्टांगिक मार्ग और ये दस पारमिता दुख का निरोध कर दुख का नाश करने में समर्थ हैं। दुनिया के दुख का निवारण हो यही बुद्ध धर्म का सार है। हम भारतीयों को अपने दर्शन पर बहुत गर्व है। लेकिन पिछले एक हजार सालों से एक भी सिद्धान्त शास्त्री अथवा दार्शनिक पैदा नहीं हुआ है। तत्वानुसार चिंतन कर कोई सिद्धांत प्रस्तुत करने के लिए विद्वानों की जो मानसिकता होनी चाहिए वह अब नहीं रहने के कारण विद्वान विचार-विनिमय और विचारों के लेन-देन से अलग हुए। इससे विद्वानों की बुद्धि छोटे-छोटे दड़बों में बंद होकर कुंठित हुई। इस कारण सत्य की खोज और सत्य को ग्रहण करने का कार्य बंद होकर पंडितों के बजाय किताबी कीड़ों का वर्ग निर्माण हुआ।

ज्ञान की कुंजी बताएं एक बारी में ऐसी कल्पना नष्ट हुई कई सारे ग्रंथ पढ़ कर फायदा क्या ? गधे की पीठ पर किताबें लादने से उसे जितना लाभ होगा उतना ही लाभ ऐसे पठन से हो सकता है। ग्रंथ पढ़कर उसका आशय ग्रहण करने की शक्ति होनी चाहिए। नित नई कल्पनाएं सूझनी चाहिएं। सिद्धांत समझना, ग्रहण करना आना चाहिए।

आज चाहे कोई भी विषय या विज्ञान लीजिए, साहित्य, दर्शन, अर्थविज्ञान, स्वास्थ्य विज्ञान, विज्ञान, राजनीति, युद्धनीति आदि किसी भी ज्ञान की शाखा को ही लीजिए।

भारतीय के तौर पर जो भी कुछ है वह पूर्णता को अभी पहुंचा नहीं। वैसे भी ज्ञान कभी भी पूर्णत्व को प्राप्त नहीं करता। आज परिपूर्ण लगने वाला ज्ञान का अंग या शाखा भविष्य में अपूर्ण लगेंगी ही क्योंकि हर दिन उसमें बढ़ोतरी होती रहती है, उसमें और भी कुछ-कुछ जुड़ता रहता है। मेरे कहने का उद्देश्य यही है कि इस देश के विद्वानों ने नालंदा, तक्षशिला, विक्रमशिला, उज्जयिनी, अवन्ती इन वैश्विक कीर्ति प्राप्त तत्कालीन विश्वविद्यालय के आचार्यों ने जो ज्ञानसंचय किया उसमें पिछले हजार सालों में नया कुछ तो जुड़ा ही नहीं साथ ही 'जो-जो अपने को पता हो वह सब दूसरों को सिखा कर सबको सयाना बना देना चाहिए' इस उक्ति के विरुद्ध आचरण करने के कारण जो ज्ञान मूल में था उसका भी लोप हुआ। शिष्य को ज्ञान देते हुए गुरु को कुछ अपने लिए बचा कर रख चाहिए। गुरु अगर सौ इलाज जानता हो तो निन्यानबे चीजें चेले को देकर एक गुरुचाबी अपने हाथ में रखें इस प्रकार की सोच फैलने से ज्ञान का ह्रास होकर केवल विकृत रूप बाकी रहा। मनुष्य को निर्वाण का पद प्राप्त आना चाहिए। धम्मपद में कहा गया है - निब्बाणं परम सुखं। अपने पास बहुत सारी संपत्ति है इसलिए सुख की प्राप्ति नहीं होती। केवल पांडित्य से व्यक्ति सुखी नहीं होता। वह दुखी नहीं होता लेकिन सुखी भी नहीं होता क्योंकि अति लोभ, खून, चोरी, पर स्त्रीगमन आदि विकार मनुष्य को जन्म के साथ ही मिलते हैं इसलिए उन पर नियंत्रण रखना आना चाहिए।

भगवान कहते हैं मानव जलती हुई आग है। इसी आग के कारण विकार पानी की तरह उबलते रहते हैं। अग्नि को चेताया जा सकता है या उसे शांत किया जा सकता है। विकारों को नष्ट किया जा सकता है लेकिन उन्हें जड़ से उखाड़ कर फेंका नहीं जा सकता। अग्नि का उपयोग करने के लिए उसे मंद रख कर अनाज उस पर पकाना पड़ता है उसी प्रकार मानव का उपयोग समाज के लिए हो इसके लिए बीच की स्थिति है निर्वाण। इससे मनुष्य दस विकारों के अधीन न जाकर तर्कशुद्ध विचारों के साथ समाज के लिए उपयोगी कार्य कर सकता है।

जिन्होंने धर्म के सिद्धांतों के बारे में चर्चा की उन्होंने उसे इतना गुप्त रखा कि भगवंत को बताना पड़ा। महिलाएं, झूठे धर्ममत और भट-ब्राह्मणों की पोथियां ये तीन चीजें ही गुप्त रखी हैं।

इसके बावजूद श्रुतीविभिन्ताः स्मष्टतिविभिन्ताः

धर्मस्व तत्वं निहितं गुहायां महाजनो येन गतस्य पंथः

धर्म के सिद्धांतों की - पीछे से चली आई आगे चली गई, ऐसी स्थिति बनाई गई। श्रुति कुछ और बताती हैं, स्मृतियां कुछ और ही उपदेश करती हैं। धर्म के तत्व बहुत ही गहन और गूढ़ हैं फिर करें क्या? तो, चार बड़े लोग जिस राह से जाते हैं उसी राह को अपनाओ। भगवान बुद्ध ने कहा है कि केवल मैं कहता हूं इसलिए नहीं वरन् आपकी बुद्धि को, आपके विवेक को अगर ठीक लगे तो ही धर्म का यह मार्ग स्वीकारें। अंधे बन कर चार लोगों के पीछे आप चलने का आदेश और दूसरी ओर बुद्धि का आह्वान।

दो विचारधाराओं में कितना बड़ा अंतर है !

कोई भी सवाल पूछे जाने पर बड़े-बड़े ऋषि-मुनियों ने कानों पर हाथ रखें। याज्ञवल्क्य ऋषि से पूछा आप आत्मा के बारे में बताते हैं तो आत्मा है कहां? जवाब मिला- नेति, नेति! यानि कि, मुझे पता नहीं। अच्छा, फिर आत्मा का मृत्यु के बाद क्या होता है ? जवाब मिलता है – नेति, नेति! ठीक है, यह पता नहीं भी होगा लेकिन आत्मा का आकार तो पता होगा इसलिए एक और सवाल पूछा कि क्या आत्मा ताड़ के पेड़ जितनी है? तब भी जवाब मिलता है - नेति नेति! अर्थात् सिर्फ और सिर्फ 'ना'।

आत्मा का स्थान क्या है, उसका आकार कैसा है, आगे उसका क्या होता है इस बारे में बिल्कुल भी जानकारी न होने के बावजूद आत्मा के बारे में इतना बेमतलब का बोला गया कि केवल बार-बार यह शब्द सुन कर ही एक काल्पनिक वस्तु के अस्तित्व के बारे में बढ़-चढ़ कर हामी भरी जा रही है। प्रियतमा का नाम पता नहीं, गांव के बारे में पता नहीं, रंग-रूप या उम्र का पता नहीं लेकिन मैं उसे चाहता हूं - ऐसा बताने वाले पागल रसिक की तरह ही हालत आत्मा के अस्तित्व पर विश्वास करने वालों की होती है।

सच कहो, तो आत्मा नहीं है यह साबित करने की जरूरत ही नहीं है। जो कहते हैं कि आत्मा है उनकी जिम्मेदारी बनती है कि वे उसे दिखा दें। आत्मा नहीं है यह सत्य है। आत्मा है यह प्रचार ही भ्रम है।

आत्मा का अस्तित्व साबित करने के लिए पुनर्जन्म की कहानी गढ़ी गई। शरीर नाशवान है, आत्मा एक शरीर छोड़ कर दूसरे शरीर में प्रवेश करती है आदि कोपलकल्पित कहानियाँ कही जाती हैं। शरीर काटने पर शरीर का हर अंग दिखाई देता है, लेकिन यह आत्मा दिखाई नहीं देती, क्यों? अच्छे-अच्छे शल्यक्रियाविशारद हैं, जाकर उनसे पूछिए,

उनसे कहें कि बताइए आत्मा कहां है? शरीर से निकाल कर दिखाइए।

बौद्ध दर्शन में पुनर्जन्म माना जाता है ऐसा तुरंत कहा जाएगा। लेकिन उस सिद्धांत का आत्मा के साथ कोई ताल्लुक नहीं है। बौद्ध पुनर्जन्म सिद्धांत अर्थात् पुनर्निर्माण।

प्रकृति की पुनरावृत्ति। पिता के चेहरे जैसा चेहरा लेकर पुत्र पैदा होता है इसलिए वह पिता नहीं है। पिता के सभी गुणों का वास पुत्र में नहीं होता। क्योंकि, पिता के साथ में माता के गुण भी उसमें आते हैं। साथ ही वातावरण का असर भी होता है। एक आम से दूसरा आम पैदा होता है। इसी तर्ज पर चलने वाली घटनाओं को पुनर्निर्माण कहते हैं। हालांकि जमीन के साथ पानी हवा खाद के असर से जैसे एक आम के पेड़ पर मीठे फल पैदा होंगे वैसा ही फल दूसरे पेड़ पर पैदा होगा इसका भरोसा नहीं। अगर अच्छा असर हुआ तो फल अच्छा आएगा, बुरा असर हुआ तो फल भी बुरा ही आएगा। बीज शुद्ध हो तो फल अच्छा ही होगा। इसीलिए किसी प्रांत में विशिष्ट फूलों की फलती है अन्य जगह ले जाने पर वह जिंदा भी नहीं रहते। जैसे चाय नीलगिरी के बागानों में कॉफी असम अच्छे संतरे नागपुर में ही पैदा होते है, नारियल समंदर किनारे ही बढ़ते हैं, हापुस आम रत्नागिरी का ही स्वाद और रस में बेहतरीन होता है। मसालों के लिए जावा द्वीप मशहूर है। इसलिए कुल पुनर्निर्माण के काम को ही पुनर्जन्म कहा गया है। लेकिन पुनर्जन्म शब्द का सहारा लेकर कहा जा रहा है कि आत्मा को बौद्ध दर्शन में मान्यता है, वह गलतफहमी ही है।

ब्राह्मण और बौद्ध धम्म कर्म का अर्थ अलग-अलग लगाते हैं। कर्म महत्वपूर्ण बात है। इस दुनिया का कामकाज कैसे चल रहा है? ब्राह्मण ग्रंथ बताते हैं कि भगवान चलाते हैं। उसे ब्रह्मा भी

"Equality and Justice"
"Equality and Justice" Rs. 100/month स्वतंत्रता, समानता, भाईचारा

कहते हैं। अन्य धर्म भी ईश्वर, अल्ला, गॉड के नाम से इसी कल्पना की पुष्टि करते हैं। बौद्ध धर्म में ईश्वर नहीं है। बौद्ध धर्म बताता है कि दुनिया हरेक के कर्म के अनुसार चलती है। इसलिए बौद्ध धर्म ने मनुष्यों पर जिम्मेदारी डाली है।

जैसा करोगे वैसा ही पाओगे ऐसी चेतावनी दी। इसे कर्मविपाक कहते हैं। क्रमविपाक यानी हमारे कर्मों से निर्माण होने वाले फल। बौद्ध धम्म में कर्म का मतलब पिछले जन्म में किए पाप-पुण्यों की गठरी ऐसा नहीं लगाया जाता। कुछ कर्म ऐसे होते हैं जिसके परिणाम तुरंत भोगने नहीं पड़ते। उस कर्म का, क्रिया का असर कुछ समय बाद होता है। लेकिन जन्मांतर से नहीं, क्योंकि बौद्ध धर्म पुनर्जन्म को नहीं मानता।

इसलिए कहा जा सकता है कि बौद्ध धर्म ने मनुष्य के अच्छे गुणों को बढ़ाने के लिए अवसर रखे हुए हैं। मनुष्य को अपनी प्रगति के लिए, अपनी उन्नति के लिए खुद ही कोशिश करनी पड़ेगी ऐसा कहा है। मेरे माथे पर यही लिखा है, यही मेरा विधिलिखित है, यह ब्रह्मा की खींची लकीर है, कह कर निराश होने की जरूरत नहीं है। अपने उद्धार की कोशिश करना चाहिए यह राजमार्ग बौद्ध धर्म बताता है। संचित, पूर्व जन्म के कर्मों का फल यह मनुष्य को निष्क्रिय बनाने वाला, उसके धीरज को खत्म करने वाला सफेद झूठ है।

पूर्व जन्म की कल्पना के कारण पापकर्म करने को बढ़ावा मिलता है। पिछले जन्म में किया हुआ पुण्य है, सो इस जन्म में पाप करने में हर्ज ही क्या है ऐसा विचार थोड़े अच्छे घर के व्यक्ति के मन में आता है। लेकिन इस प्रकार सोचने वाला आदमी मानव जाति के लिए नुकसानदेह होता है। पतित भी दो तरह के होते हैं। एक वह जिसे यह अहसास होता है और हमेशा उसका मन उसे कुरेदता रहता है कि वह पतित है, दूसरा पतित वह होता है जिसे अपने पाप कर्मों के बारे में बुरा नहीं लगता। हमेशा पिटने वाला पिटने से नहीं डरता कुछ उसी तरह।

जिस पतित व्यक्ति को अपनी स्थिति का अहसास होता है और जिसे हमेशा उसका मन कचोटता रहता है वे अपनी स्थिति से उबरने की कोशिश करते रहते हैं। अपने अहसासों के कारण वह अपना उद्धार कर सकता है। लेकिन दूसरी तरह के पतितों में सुधार संभव ही नहीं होता। क्योंकि उसका मन ही उस तरह का होता है।

इस प्रकार अपने अध:पतन के बारे में जिन्हें बुरा लगता है उनका मार्गदर्शन करने के लिए समाजसेवकों की जरूरत है। समाज को वैचारिक भूमिका देने के लिए और सांस्कृतिक कार्य करने के लिए सेवकों की जरूरत होती है। गरीब समाज उन्हें मेहनताना नहीं दे सकता। लेकिन उनके उदरनिर्वाह का प्रबंध किया जा सकता है। ऐसे कार्यकर्ताओं को बैठ कर खाने वाला नहीं कहा जा सकता। क्योंकि, समाजसेवा करने केलिए हजारों आकर्षणों को छोड़ना पड़ता है।

बौद्ध भिक्षुओं का संगठन ऐसे ही लोगों के लिए भगवान बुद्ध ने बनाया है। यह बेहद कठिन कार्य है। उसको स्वीकार कर भगवान बुद्ध द्वारा बताए गए मार्ग से आगे बढ़ने से आज दुनिया का कल्याण हो सकता है। मानवता का हित हो सकता है।

# पहलगाम के शहीदों को केमिस्टों ने दी श्रद्धांजलि

## दो मिनट का मौन किया धारण , दोषियों को कड़ी सजा दे सरकार

"समानता और न्याय"
पटियाला 23 अप्रैल
INTERNATIONAL PAPER, 9463601616
hardipchumber57@gmail.com

सुनाम ऊधम सिंह वाला,23 अप्रैल (जगसीर लोंगोंवाल)-

जम्मू-कश्मीर के पहलगाम में हुए आतंकी हमले ने पूरे देश में आक्रोश पैदा कर दिया है। इस जघन्य कत्लेआम की चौतरफा निंदा हो रही है और आतंकवादियों को मुंहतोड़ जवाब देने की माँग उठ रही है। सुनाम केमिस्ट एसोसिएशन ने अध्यक्ष नरेश जिंदल के नेतृत्व में पहलगाम के नरसंहार में मारे गए निर्दोष देशवासियों को श्रद्धांजलि अर्पित की। इस दौरान कैंडल जलाकर दो मिनट का मौन धारण किया। नरेश जिंदल ने कहा कि इस जघन्य हत्याकांड ने सब्र का बांध तोड़ दिया है और अब वक्त आ गया है कि निर्णायक फैसला हो। ताकि भविष्य में कभी भी कोई ऐसी हिमाक़त करने की कल्पना तक नहीं कर सके। इस कायराना हमले के खिलाफ पूरा देश एकजुट होकर न्याय की मांग कर रहा है। उन्होंने कहा कि यह तो 'इंसानियत का क़त्ल' है। यह हमला कुछ निर्दोष लोगों की हत्या नहीं, बल्कि देश की अमन, इंसाफ़ पसंद जनता पर सीधा हमला है और सबसे अहम कश्मीर को मारने की कोशिश है। एसोसिएशन ने सरकार से मांग की कि इस हमले के दोषियों को जल्द से जल्द पकड़कर ऐसी सज़ा दी जाए जो मिसाल बन जाए। इस मौक़े पर दीपक मित्तल, युगेश चोपड़ा, लखविंदर सिंह, भूषण कंसल, संजय जैन, हनीश सैनी, अभिषेक गर्ग, सुभाष गोयल, पुशविंदर सिंह, अजैब सिंह, विनोद निक्कू आदि उपस्थित रहे।

# PHULE MOVIE CONTROVERSY पर अनुराग कश्यप का एक और पोस्ट लिखा, "मनुवादी और गैर संस्कारी ब्राह्मणों के लिए माफ़ी" पढ़िए पूरी खबर

"समानता और न्याय"
पटियाला 23 अप्रैल
INTERNATIONAL PAPER, 94636 01616
hardipchumber57@gmail.com

लेकिन अब अनुराग ने एक बार फिर कॉन्ट्रोवर्शियल बयान देकर अपना गुस्सा जाहिर किया. ब्राह्मण समुदाय के खिलाफ नफरत जाहिर करते हुए उन्होंने बयान दिया है. अनुराग ने माफी मांग कर सफाई में अपनी बात कही. उन्होंने कहा कि आप लोगों को मुझे जितना भी बोलना है बोलो, लेकिन परिवार को बख्श दो।

फुले फिल्म को लेकर विवाद लगातार गर्माता जा रहा है। वहीं जब से अनुराग कश्यप ने सेंसर बोर्ड और सरकार को आड़े हाथ लिया है से अनुराग कश्यप भी ब्राह्मणों के टारगेट पर आ गए हैं। हाल ही में अनुराग ने अपने इंस्टाग्राम पर एक स्टोरी और पोस्ट लिख कर फुले फिल्म के समर्थन में बयान दिया था। इस बयान में अनुराग ने सरकार, सेंसर बोर्ड और ब्राह्मण महासभा को जमकर सुनाया था। लेकिन अब अनुराग कश्यप ने एक और नया पोस्ट लिखकर माफी मांगी है। लेकिन इस बार भी उनके तेवर कम नहीं थे। अनुराग ने इस बार ब्राह्मणों के शास्त्रों और मनुस्मृति पर भी चोट कर दी। अनुराग कश्यप ने क्या कुछ कहा सब बताएंगे लेकिन उससे पहले "फुले" को लेकर विवाद क्या है वो जान लीजिए....

## फुले पर विवाद क्यों?

ज्योतिबा फुले के जीवन पर बनी फिल्म फुले दी मैन विद दी मिशन 11 अप्रैल को ज्योतिबा फुले की जयंती पर रिलीज होने वाली थी लेकिन ब्राह्मण महासभा के एतराज के बाद सेंसर बोर्ड ने फिल्म के कुछ सीन पर अपनी केंची चला दी। ब्राह्मण और सेंसर बोर्ड का कहना है कि यह फिल्म जातिवाद को बढ़ावा देने वाली फिल्म है। फिल्म को लेकर निर्देशक आनंद महादेवन और एक्टर प्रतीक गांधी का कहना है कि फिल्म में वहीं चीज़ दिखाई गई है जो सच्चाई है। जाति और लिंग आधारित भेदभाव हमारे देश की सच्चाई है।

## अनुराग के किस बयान पर विवाद:

इसी कड़ी में बॉलीवुड के जाने माने निर्देशक और एक्टर अनुराग कश्यप ने एक सोशल मीडिया पोस्ट लिखकर सरकार और सेंसर बोर्ड से सवाल किया था। उन्होंने लिखा था कि 'मेरी जिंदगी का पहला नाटक ज्योतिबा और सावित्री बाई फुले पर था. भाई अगर इस देश में जातिवाद नहीं होता, तो उन्हें क्या जरूरत थी लड़ने की. अब ये ब्राह्मण लोगों को शर्म आ रही है या वो शर्म में मरे जा रहे हैं या फिर ब्राह्मण एक अलग भारत में जी रहे हैं जो हम देख नहीं पा रहे हैं, बेवकूफ कौन है ये कोई तो समझाए. मेरा सवाल ये है कि जब फिल्म सेंसर बोर्ड के पास जाती है तो वहां 4 सदस्य होते हैं. ग्रुप और विंग्स को कैसे फिल्में पहले देखने को मिल रही हैं? सिस्टम ही खराब है।

इतना ही नहीं उन्होंने आगे लिखा था कि पंजाब 95. तीस धड़क 2. फुले. मुझे नहीं पता और कितनी फिल्में हैं जिन्हें ब्लॉक किया गया, जो जातिवादियों, क्षेत्रवादियों, नस्ल भेदियों के एजेंडा को एक्सपोज करती हैं. ये शर्म की बात है कि लोग खुलकर बता भी नहीं रहे कि उन्हें फिल्म में किस चीज से दिक्कत है. कायर कहीं के.

अनुराग ने अपनी पोस्ट में लिखा, धड़क 2 की स्क्रीनिंग में सेंसर बोर्ड ने कहा था कि मोदी जी ने इंडिया में कास्ट सिस्टम खत्म कर दिया है। इसी बात को आधार मानकर संतोष जैसी आइकॉनिक फिल्म को भारत में रिलीज़ नहीं होने दिया। अब फुले से ब्राह्मणों को दिक्कत हो रही है। अनुराग ने आगे लिखा, अरे जब कास्ट सिस्टम ही नहीं है तो काहे के ब्राह्मण ? पहले आप लोग मिलकर डिसाइड कर लो कि इंडिया में कास्ट सिस्टम है या नहीं है? क्योंकि मोदी जी के हिसाब से तो कास्ट सिस्टम नहीं है।

लेकिन अब अनुराग ने एक बार फिर कॉन्ट्रोवर्शियल बयान देकर अपना गुस्सा जाहिर किया. ब्राह्मण समुदाय के खिलाफ नफरत जाहिर करते हुए उन्होंने बयान दिया है. अनुराग ने माफी मांग कर सफाई में अपनी बात कही. उन्होंने कहा कि आप लोगों को मुझे जितना भी बोलना है बोलो, लेकिन परिवार को बख्श दों।

## मनुस्मृति पर क्या बोले अनुराग:

अनुराग ने ब्राह्मणों को शास्त्रों का पाठ पढ़ाते हुए लिखा, मैं माफी मांगता हूं. पर अपनी पोस्ट के लिए नहीं, बल्कि उस एक लाइन के लिए मांग रहा हूं. जिसको गलत तरह से लिया गया और नफरत फैलाई गई. कोई भी एक्शन या स्पीच आपकी बेटी, परिवार, दोस्त और जानने वालों से ज्यादा नहीं है. उन्हें रेप की धमकी मिल रही है. जान से मारने की धमकी दी जा रही है. जो खुद को संस्कारी कहते हैं. वो लोग ये सब कर रहे हैं. कही हुई बात वापस नहीं ली जा सकती और न ही लूंगा, मुझे जो गाली देनी है दो. लेकिन मेरे परिवार को बख्श दो. अगर मुझसे माफी ही चाहिए तो ये मेरी माफी है. ब्राह्मण लोग, औरतों को बख्श दो इतना संस्कार तो शास्त्रों में भी है. हाँ सिर्फ मनुवाद में नहीं है. आप कौन से ब्राह्मण हो तय कर लो. बाकी मेरी तरफ से माफी.....

बता दें कि महाराष्ट्र में ज्योतिबा फुले एक चर्चित नाम हैं। मराठी में उनपर कई फिल्म और नाटक बने हैं। लेकिन फुले फिल्म ज्योतिबा फुले के जीवन और संघर्ष पर हिंदी में बनी पहली फिल्म हैं। वहीं दलित, बहुजनों और अंबेडकर वादियों का कहना है कि फुले फिल्म में भले ही कुछ सीन कट किए जा रहे हैं लेकिन इसके बावजूद भी महात्मा ज्योतिबा फुले को घर घर में जाना जाएगा ठीक वैसे ही जैसे आज अंबेडकर हैं।

## ये डायलॉग हटाए गए:

दी प्रिंट के मुताबिक पेंसिलवेनिया में PHD स्कॉलर तेजस हरद का कहना है कि, "हमारे लोग इस फिल्म को लेकर उत्साहित हैं क्योंकि यह पहली बार है जब फुले पर हिंदी में कोई फिल्म बनाई गई है। जाति-विरोधी आंदोलन या हाशिए पर पड़े समुदायों से जुड़े बड़े लोगों को अकादमिक जगत में बहुत कम तवज्जो मिलती है। और कोई भी उन पर बायोपिक नहीं बनाता है" हालांकि फिल्म के निर्देशक और निर्माता आनंद महादेवन ने कहा है कि "हमने फिल्म से कोई दृश्य नहीं काटा है. लेकिन हमने वे शब्द हटा दिए हैं जिन्हें बदलने का हमसे अनुरोध किया गया था।"




**आइए अब आखिर में इस पर भी बात कर लेते हैं कि फुले फिल्म से कौन कौन से डायलॉग और शब्द हटाने के लिए कहा गया है। फिल्म से 'महार, मांग, 'पेशवाई' और जाति की मनु व्यवस्था' जैसे शब्दों को हटाया गया है। वहीं जहाँ शूद्रों को... झाड़ू बाँधकर चलना चाहिए" डायलॉग को बदलकर "क्या यही हमारी नियती है कि हमें सबसे दूरी बनाकर रखनी चाहिए" कर दिया गया है। 3,000 साल पुरानी...गुलामी " डायलॉग को हटाकर "कई साल पुरानी है गुलामी कर दिया गया है। इस सबके बाद 25 अप्रैल को देशभर के सिनेमा घरों में संशोधित करके फिल्म को रिलीज किया जाएगा।**

# पंजाब शिक्षा क्रांति' के तहत 49 लाख रुपये की लागत के विकास कार्यों का उद्घाटन

"समानता और न्याय"
पटियाला 23 अप्रैल
INTERNATIONAL PAPER, 94636 01616
hardipchumber57@gmail.com



फगवाड़ा, 22 अप्रैल (शिव कौड़ा) पंजाब सरकार द्वारा शुरू की गई पंजाब शिक्षा क्रांति के तहत स्कूल नवीनीकरण की श्रृंखला के तहत आज कपूरथला जिले के 11 और स्कूलों में विकास कार्य शुरू किए गए। सांसद डॉ. राज कुमार चब्बेवाल ने 1.50 करोड़ रुपये की लागत से बने खेल ट्रैक का उद्घाटन किया। 1.60 लाख रुपये की लागत से नई चारदीवारी। 3.96 लाख रुपये की लागत से स्मार्ट क्लासरूम और 1.5 लाख रुपये की लागत से स्मार्ट क्लासरूम। राजकीय उच्च विद्यालय भगाना राजकीय प्राथमिक एवं उच्च विद्यालय रिहाना जट्टां में 1.25 लाख। इसी प्रकार कपूरथला ब्लॉक में पंजाब बी.सी. भूमि विकास एवं वित्त निगम के चेयरमैन संदीप सैनी ने सरकारी स्कूल अरियावाल, वरियाणा दोना और भंडाल में विकास कार्यों का उद्घाटन किया। इनमें अतिरिक्त क्लासरूम, चारदीवारी आदि शामिल हैं। इस अवसर पर सुल्तानपुर लोधी ब्लाक में नगर सुधार ट्रस्ट कपूरथला के चेयरमैन सज्जन सिंह चीमा, सरकारी प्राइमरी स्कूल दुर्गापुर, सरकारी स्कूल इच्छरवाल, सरकारी हाई स्कूल तलवंडी पाई और सरकारी मिडिल स्कूल कलरू में 13 लाख रुपये की लागत से साइंस लैब, 7.51 लाख रुपये की लागत से अतिरिक्त क्लासरूम और 9.77 लाख रुपये की लागत से चारदीवारी के कार्य शामिल थे। इस अवसर पर फगवाड़ा से आम आदमी पार्टी के हलका इंचार्ज एवं पूर्व मंत्री स. जोगिंदर सिंह मान, आम आदमी पार्टी के प्रवक्ता हरजी मान, विज्ञान प्रौद्योगिकी के एसडीएम तथा अन्य उपस्थित थे।

# इस्लाम आतंकवाद की इजाजत नहीं देता: सैयद नजीर अहमद

"समानता और न्याय"
पटियाला 23 अप्रैल
INTERNATIONAL PAPER, 94636 01616
hardipchumber57@gmail.com

फगवाड़ा (शिव कौड़ा) अंजुमन दावत-ए-इस्लामिया के चेयरमैन सैयद नजीर अहमद नजीर जालंधर ने कहा की मैं हाल ही में हुए आतंकवादी हमले में निर्दोष पर्यटकों पर हुए क्रूर हमले की कड़ी निंदा करता हूं।मैं इस अमानवीय घटना की कड़ी निंदा करता हूं जिसमें बहुमूल्य मानव जीवन नष्ट हो गए हम इस आतंकवादी हमले को एक गंभीर अपराध मानते हैं और प्रभावित परिवारों के प्रति



अपनी पूरी एवं गहरी सहानुभूति एवं संवेदना व्यक्त करते हैं।

# विशेष बच्चों से मिला जीवन का पाठ :पवन सेवा समिति

"समानता और न्याय"
पटियाला 23 अप्रैल
INTERNATIONAL PAPER, 94636 01616
hardipchumber57@gmail.com

बरनाला, 22 अप्रैल (जगसीर लोगोंवाल)- राष्ट्रीय शिक्षा नीति (एनईपी) 2020 के तहत परिकल्पित अनुभवात्मक अधिगम कार्यक्रम के अंतर्गत एस.डी. कॉलेज ऑफ एजुकेशन, बरनाला के प्राध्यापकों एवं शिक्षक प्रशिक्षणार्थियों ने बरनाला स्थित 'पवन सेवा समिति', एक विशेष विद्यालय, का दौरा किया जो श्रवण और वाणी बाधित बच्चों की शिक्षा व सशक्तिकरण हेतु समर्पित है। इस अवसर पर संस्था की प्रधानाचार्या श्रीमती दीप्ति शर्मा से आत्मीय मुलाक़ात हुई, जो इन विशेष बच्चों की सेवा को एक सामाजिक कर्तव्य मानते हुए वर्षों से निःस्वार्थ भाव से कार्य कर रही हैं। उनकी संकेत भाषा पर



आद्वितीय पकड़ और विद्यार्थियों से सजीव संवाद स्थापित करने की कला ने सभी को गहराई से प्रभावित किया।

यह दौरा प्रो. बरिंदर कौर एवं प्रो. रजनी सिंगला के समन्वय में आयोजित किया गया। इसमें शिक्षक प्रशिक्षणार्थियों ने विद्यालय की शिक्षण विधियों, पाठ्यवस्तु, पाठ्यक्रम और सबसे महत्वपूर्ण संकेत भाषा की भूमिका को नजदीक से समझने का अवसर प्राप्त किया। हालाँकि ये विद्यार्थी सुन और बोल नहीं सकते, लेकिन उनकी नृत्य, चित्रकला और अन्य सह-पाठ्य गतिविधियों में प्रतिभा असाधारण थी। उनके चेहरों पर झलकती उत्साह, आत्मविश्वास और सकारात्मक ऊर्जा ने हर किसी के मन को स्पर्श किया। ये बच्चे समाज के लिए केवल सहानुभूति का विषय नहीं, बल्कि प्रेरणा का स्रोत हैं। इस अवसर पर प्राध्यापकों ने यह भी कहा कि दिव्यांग विद्यार्थी हमारे समाज का अभिन्न अंग हैं, और उन्हें समान अवसरों सहित समावेशी शिक्षा व्यवस्था के अंतर्गत शिक्षित किया जाना चाहिए, जैसा कि एनईपी 2020 में उल्लिखित है। दुर्भाग्यवश, आज भी हमारी शिक्षा प्रणाली इन विद्यार्थियों की विशिष्ट आवश्यकताओं और आकांक्षाओं को पूरा करने में असमर्थ प्रतीत होती है। ऐसे में यह अत्यावश्यक हो गया है कि सरकार इस दिशा में ठोस नीति सुधार, आधारभूत ढाँचे का विकास और संवेदनशील शिक्षक प्रशिक्षण की दिशा में तत्काल कदम उठाए। दौरे में डॉ. जसलीन कौर, डॉ. नवनीत कौर, प्रो. इंदरजीत कौर और सुश्री मनीषा सहित कई प्राध्यापकगण सम्मिलित हुए और बच्चों के साथ संवाद व गतिविधियों में सक्रिय सहभागिता निभाई। शिक्षक प्रशिक्षणार्थियों और प्राध्यापकों ने विद्यालय में विद्यार्थियों के लिए स्टेशनरी और शिक्षण सामग्री दान स्वरूप भेंट की। यह हृदयस्पर्शी और जीवन को समृद्ध करने वाला अनुभव रहा, जिसने न केवल भावनात्मक रूप से सभी को स्पर्श किया, बल्कि यह भी सिखाया कि हमें अपने जीवन की छोटी-छोटी नेमतों के लिए भी ईश्वर का आभार और कृतज्ञता व्यक्त करनी चाहिए।